Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA




Vol. 19, Issue- 872, 18th to 24th Sept., 2025, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ ਵੀਜ਼ਾ ਬੁਲੇਟਿਨ

## ਪਰਿਵਾਰਕ ਸਪਾਂਸਰਡ ਵੀਜ਼ਾ ਅਰਜ਼ੀਆਂ ਦੇ ਨਿਪਟਾਰੇ 'ਚ ਹੋਈ ਹਿਲਜੁੱਲ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਅਕਤੂਬਰ 2025 ਦਾ ਵੀਜ਼ਾ ਬੁਲੇਟਿਨ ਜਾਰੀ ਕਰ ਦਿੱਤਾ ਗਿਆ ਹੈ। ਇਸ ਮਹੀਨੇ ਕਾਫੀ ਹਿਲਜੁਲ ਦੇਖਣ ਨੂੰ ਮਿਲੀ ਹੈ।




ਫਾਈਨਲ ਐਕਸ਼ਨ ਡੇਟ ਵਿਚ F-1 ਕੈਟਾਗਰੀ 'ਚ ਆਉਂਦੇ ਅਮਰੀਕਨ ਸਿਟੀਜ਼ਨ ਦੇ 21 ਸਾਲ ਤੋਂ ਘੱਟ ਉਮਰ ਦੇ ਅਣਵਿਆਹੇ ਬੱਚੇ, ਉਨ੍ਹਾਂ ਦੀ ਸਮਾਂ ਸੂਚੀ 8 ਨਵੰਬਰ, 2016 ਪਹੁੰਚ ਗਈ ਹੈ।

ਗਰੀਨ ਕਾਰਡ ਹੋਲਡਰ ਪਤੀ-ਪਤਨੀ ਦੇ 21 ਸਾਲ ਤੋਂ ਘੱਟ ਬੱਚੇ, ਜਿਹੜੇ ਕਿ F-2A ਕੈਟਾਗਰੀ 'ਚ ਆਉਂਦੇ ਹਨ, ਉਨ੍ਹਾਂ ਦੀ ਤਰੀਕ 1 ਫਰਵਰੀ, 2024 ਪਹੁੰਚ ਗਈ ਹੈ।

ਗਰੀਨ ਕਾਰਡ ਹੋਲਡਰ ਵੱਲੋਂ ਅਪਲਾਈ ਕੀਤੇ 21 ਸਾਲ ਤੋਂ ਵੱਧ ਉਮਰ ਦੇ ਬੱਚੇ, ਜੋ ਕਿ F-2B ਕੈਟਾਗਰੀ ਨਾਲ ਸੰਬੰਧਤ ਹਨ, ਅਰਜ਼ੀਕਾਰਾਂ ਦੀ ਉਡੀਕ ਮਿਤੀ ਇਸ ਵੇਲੇ 22 ਨਵੰਬਰ, 2016 ਚੱਲ ਰਹੀ ਹੈ।

ਯੂ.ਐੱਸ. ਸਿਟੀਜ਼ਨ ਦੇ ਵਿਆਹੇ ਹੋਏ ਬੱਚੇ ਤੇ ਉਨ੍ਹਾਂ ਦੇ ਅੱਗਿਓਂ ਛੋਟੇ ਬੱਚੇ ਯਾਨੀ ਕਿ F-3 ਕੈਟਾਗਰੀ ਲਈ ਜਿਨ੍ਹਾਂ ਨੇ ਅਪਲਾਈ ਕੀਤਾ ਹੈ, ਉਨ੍ਹਾਂ ਦੀ ਤਰੀਕ 8 ਸਤੰਬਰ, 2011 ਚੱਲ ਰਹੀ ਹੈ।

ਅਮਰੀਕਾ ਦੇ ਜਿਹੜੇ ਸਿਟੀਜ਼ਨ ਨਾਗਰਿਕਾਂ ਵੱਲੋਂ ਭਾਰਤ 'ਚ ਰਹਿ ਰਹੇ ਆਪਣੇ ਭੈਣਾਂ-ਭਰਾਵਾਂ ਨੂੰ F-4 ਕੈਟਾਗਰੀ ਲਈ ਅਪਲਾਈ ਕੀਤਾ ਹੈ, ਅਤੇ ਭੈਣ-ਭਰਾਵਾਂ ਅਤੇ ਉਨ੍ਹਾਂ ਦੇ ਬੱਚੇ ਜਿਹੜੇ 21 ਸਾਲ ਤੋਂ ਘੱਟ ਹਨ, ਉਨ੍ਹਾਂ ਲਈ ਤਰੀਕ 1 ਨਵੰਬਰ, 2006 ਚੱਲ ਰਹੀ ਹੈ।

ਪਰਿਵਾਰਕ ਸਪਾਂਸਰਡ ਵੀਜ਼ਾ ਅਰਜ਼ੀਆਂ ਭਰਨ ਦੀਆਂ ਤਾਰੀਖਾਂ ਲਈ ਅਕਤੂਬਰ ਵੀਜ਼ਾ ਬੁਲੇਟਿਨ ਦੀਆਂ ਤਰੀਕਾਂ ਇਸ ਤਰ੍ਹਾਂ ਹਨ :

F-4 ਕੈਟਾਗਰੀ ਲਈ 15 ਦਸੰਬਰ, 2006, F-3 ਕੈਟਾਗਰੀ ਲਈ 22 ਜੁਲਾਈ, 2012, F-2B ਕੈਟਾਗਰੀ ਲਈ 1 ਜਨਵਰੀ, 2017, F-2A ਕੈਟਾਗਰੀ ਲਈ 22 ਸਤੰਬਰ 2025 ਅਤੇ F-1 ਕੈਟਾਗਰੀ ਲਈ 1 ਸਤੰਬਰ 2017 ਵਾਲਿਆਂ ਕੋਲੋਂ ਸਪੋਰਟਿੰਗ ਪੇਪਰ ਮੰਗਵਾਏ ਜਾ ਰਹੇ ਹਨ।

## ਟਰੰਪ ਬ੍ਰਿਟੇਨ ਪੁੱਜੇ, ਕਿੰਗ ਚਾਰਲਸ ਨੇ ਕੀਤੀ ਮੇਜ਼ਬਾਨੀ

**ਲੰਡਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ 2 ਦਿਨਾਂ ਸਰਕਾਰੀ ਦੌਰੇ 'ਤੇ ਬ੍ਰਿਟੇਨ ਪਹੁੰਚੇ। ਇਹ ਉਨ੍ਹਾਂ ਦਾ ਬ੍ਰਿਟੇਨ ਦਾ ਦੂਜਾ ਸਰਕਾਰੀ ਦੌਰਾ ਹੈ। ਟਰੰਪ ਆਪਣੀ ਪਤਨੀ ਮੇਲਾਨੀਆ ਨਾਲ ਇਸ ਦੌਰੇ 'ਤੇ ਆਏ ਹਨ। ਆਖਰੀ ਵਾਰ ਜੂਨ 2019 'ਚ ਉਨ੍ਹਾਂ ਦਾ ਸਵਾਗਤ ਸਵਰਗੀ ਮਹਾਰਾਣੀ ਐਲਿਜ਼ਾਬੈੱਥ-II ਨੇ ਕੀਤਾ ਸੀ। ਇਸ ਵਾਰ ਰਾਜਾ ਚਾਰਲਸ ਨੇ ਵਿੰਡਸਰ ਕੈਸਲ ਵਿਖੇ ਰਾਸ਼ਟਰਪਤੀ ਅਤੇ ਪਹਿਲੀ ਮਹਿਲਾ ਦੀ ਮੇਜ਼ਬਾਨੀ ਕੀਤੀ।

ਵਿੰਡਸਰ ਕੈਸਲ ਪਹੁੰਚਣ 'ਤੇ ਵੇਲਜ਼ ਦੇ ਰਾਜਕੁਮਾਰ ਅਤੇ ਰਾਜਕੁਮਾਰੀ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਉਪਰੰਤ ਰਾਜਾ ਅਤੇ ਰਾਣੀ ਵੱਲੋਂ ਰਾਸ਼ਟਰਪਤੀ ਦਾ ਰਸਮੀ ਸਵਾਗਤ ਕੀਤਾ ਗਿਆ। ਵਿੰਡਸਰ ਅਤੇ ਟਾਵਰ ਆਫ਼ ਲੰਡਨ ਵਿਖੇ ਸ਼ਾਹੀ ਸਲਾਮੀ ਦਿੱਤੀ ਗਈ।

■ ਵਿੰਡਸਰ ਕੈਸਲ ਪਹੁੰਚਣ 'ਤੇ ਵੇਲਜ਼ ਦੇ ਰਾਜਕੁਮਾਰ ਅਤੇ ਰਾਜਕੁਮਾਰੀ ਨੇ ਅਮਰੀਕੀ ਰਾਸ਼ਟਰਪਤੀ ਦਾ ਕੀਤਾ ਸਵਾਗਤ



ਰਾਸ਼ਟਰਪਤੀ ਟਰੰਪ ਇਸ ਸਮੇਂ ਦੌਰਾਨ ਸੇਂਟ ਜਾਰਜ ਚੈਪਲ ਵਿਖੇ ਸਵਰਗੀ ਮਹਾਰਾਣੀ ਐਲਿਜ਼ਾਬੈਥ-II ਨੂੰ ਸ਼ਰਧਾਂਜਲੀ ਵੀ ਦੇਣ ਗਏ। ਇਸ ਮੌਕੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਸ ਦੀ ਪਤਨੀ ਦੇ ਸਨਮਾਨ ਵਿਚ ਬ੍ਰਿਟੇਨ ਅਤੇ ਅਮਰੀਕਾ ਦੇ ਐੱਫ-35 ਫੌਜੀ ਜੈੱਟਾਂ ਅਤੇ ਰੈੱਡ ਐਰੋਜ਼ ਦਾ ਫਲਾਈਪਾਸਟ ਹੋਇਆ।

## ਫਤਿਹ ਸਪੋਰਟਸ ਕਲੱਬ ਵੱਲੋਂ ਪਹਿਲਾ ਵਰਲਡ ਕਬੱਡੀ ਕੱਪ 5 ਅਕਤੂਬਰ ਨੂੰ ਸਟਾਕਟਨ ਵਿਖੇ

**ਸਟਾਕਟਨ, (ਪੰਜਾਬ ਮੇਲ)**-ਫਤਿਹ ਸਪੋਰਟਸ ਕਲੱਬ ਵੱਲੋਂ ਪਹਿਲਾ ਵਰਲਡ ਕਬੱਡੀ ਕੱਪ ਯੂ.ਐੱਸ.ਏ.-2025 ਸਟਾਕਟਨ ਦੇ Adventist Health Arena ਵਿਖੇ ਕਰਵਾਇਆ ਜਾ ਰਿਹਾ ਹੈ। ਅਮਰੀਕਨ ਕਬੱਡੀ ਫੈਡਰੇਸ਼ਨ ਯੂ.ਐੱਸ.ਏ. ਦੇ ਸਹਿਯੋਗ ਨਾਲ 5 ਅਕਤੂਬਰ, ਦਿਨ ਐਤਵਾਰ ਨੂੰ ਸਵੇਰੇ 11 ਵਜੇ ਤੋਂ ਸ਼ੁਰੂ ਹੋਣ ਵਾਲੇ ਇਸ ਵਰਲਡ ਕਬੱਡੀ ਕੱਪ 'ਚ ਚੋਟੀ ਦੇ ਅੰਤਰਰਾਸ਼ਟਰੀ ਖਿਡਾਰੀ ਹਿੱਸਾ ਲੈਣਗੇ।




ਕੈਲੀਫੋਰਨੀਆ 'ਚ ਇਹ ਵਰਲਡ ਕਬੱਡੀ ਕੱਪ ਇਨਡੋਰ ਸਟੇਡੀਅਮ 'ਚ ਪਹਿਲੀ ਵਾਰ ਹੋਵੇਗਾ, ਜਿਸ ਦੇ ਲਈ ਦਰਸ਼ਕਾਂ ਵਿਚ ਕਾਫੀ ਉਤਸ਼ਾਹ ਹੈ। ਫਤਿਹ ਸਪੋਰਟਸ ਕਲੱਬ ਵੱਲੋਂ ਇਸ ਅੰਤਰਰਾਸ਼ਟਰੀ ਕਬੱਡੀ ਕੱਪ ਨੂੰ ਕਾਮਯਾਬ ਕਰਨ ਲਈ ਦਿਨ-ਰਾਤ ਇੱਕ ਕੀਤਾ ਜਾ ਰਿਹਾ ਹੈ। ਇਸ ਮਹਾਂਕੁੰਭ ਨੂੰ ਦੇਖਣ ਲਈ ਟਿਕਟਾਂ ਵਿਕਰੀ ਲਈ ticketmaster.com 'ਤੇ ਖੁੱਲ੍ਹ ਚੁੱਕੀਆਂ ਹਨ। ਹੋਰ ਜਾਣਕਾਰੀ ਲੈਣ ਲਈ ਹਰਸਿਮਰਨ ਸੰਗਰਾਮ ਸਿੰਘ ਨੂੰ ਫੋਨ ਨੰਬਰ 209-735-0240 ਜਾਂ ਜੈਂਟੀ ਸਿੰਘ ਨੂੰ 209-513-0508 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਸੈਕਰਾਮੈਂਟੋ ਵੱਲੋਂ ਅੰਤਰਰਾਸ਼ਟਰੀ ਕਬੱਡੀ ਕੱਪ 28 ਸਤੰਬਰ, ਦਿਨ ਐਤਵਾਰ ਨੂੰ

**ਸਟਾਕਟਨ, (ਪੰਜਾਬ ਮੇਲ)**-ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਸੈਕਰਾਮੈਂਟੋ ਵੱਲੋਂ ਅੰਤਰਰਾਸ਼ਟਰੀ ਕਬੱਡੀ ਕੱਪ 28 ਸਤੰਬਰ, ਦਿਨ ਐਤਵਾਰ ਨੂੰ, ਸਵੇਰੇ 11 ਵਜੇ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵਿਖੇ ਹੋਵੇਗਾ। ਅਮਰੀਕਨ ਕਬੱਡੀ ਫੈਡਰੇਸ਼ਨ ਯੂ.ਐੱਸ.ਏ. ਦੇ ਬੈਨਰ ਹੇਠ ਹੋਣ ਵਾਲੇ ਕਬੱਡੀ ਦੇ ਇਸ ਮਹਾਂਕੁੰਭ 'ਚ ਚੋਟੀ ਦੇ ਅੰਤਰਰਾਸ਼ਟਰੀ ਖਿਡਾਰੀ ਹਿੱਸਾ ਲੈ ਰਹੇ ਹਨ।



ਇਸ ਕਬੱਡੀ ਕੱਪ ਲਈ ਸੁਰੱਖਿਆ ਦੇ ਖਾਸ ਇੰਤਜ਼ਾਮ ਹੋਣਗੇ। ਔਰਤਾਂ ਦੇ ਬੈਠਣ ਦਾ ਖਾਸ ਪ੍ਰਬੰਧ ਕੀਤਾ ਜਾਵੇਗਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਪ੍ਰਬੰਧਕਾਂ ਵੱਲੋਂ ਸਮੂਹ ਭਾਈਚਾਰੇ ਨੂੰ ਬੇਨਤੀ ਕੀਤੀ ਗਈ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਇਸ ਕਬੱਡੀ ਕੱਪ ਦੌਰਾਨ ਕੋਈ ਵੀ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖਤ ਮਨ੍ਹਾ ਹੋਵੇਗਾ। ਇਸ ਮੌਕੇ ਹੁੰਮਹੁਮਾ ਕੇ ਪਹੁੰਚੋ ਅਤੇ ਕਬੱਡੀ ਕੱਪ ਦਾ ਆਨੰਦ ਮਾਣੋ।

ਹੋਰ ਜਾਣਕਾਰੀ ਲਈ ਗੁਰਮੀਤ ਸਿੰਘ ਵੜੈਚ ਨੂੰ ਫੋਨ ਨੰਬਰ 916-240-0369, ਪਰਗਟ ਸੰਧੂ : 209-810-5667, ਰਣਧੀਰ ਧੀਰਾ ਨਿੱਜਰ : 916-416-9527 ਜਾਂ ਹੈਪੀ ਬਰਿਆਣਾ ਨੂੰ 916-240-4110 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਅਮਰੀਕਾ 'ਚ ਟਿੱਕਟੌਕ 'ਤੇ ਨਹੀਂ ਹੋਵੇਗੀ ਪਾਬੰਦੀ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਵਿਚ ਟਿੱਕਟੌਕ 'ਤੇ ਪਾਬੰਦੀ ਨਹੀਂ ਹੋਵੇਗੀ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੰਕੇਤ ਦਿੱਤਾ ਹੈ ਕਿ ਉਹ ਚੀਨ ਨਾਲ ਸਮਝੌਤਾ ਕਰਨ ਜਾ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਹੈ ਕਿ ਉਹ ਚੀਨ ਦੇ ਰਾਸ਼ਟਰਪਤੀ ਨਾਲ ਫ਼ੋਨ 'ਤੇ ਗੱਲ ਕਰਨਗੇ ਅਤੇ ਸਮਝੌਤੇ ਨੂੰ ਅੰਤਿਮ ਛੋਹਾਂ ਦੇਣਗੇ। ਚੀਨ ਅਤੇ ਅਮਰੀਕਾ ਵਿਚਕਾਰ ਤਣਾਅ ਹੈ ਅਤੇ ਇਸ ਤੋਂ ਬਾਅਦ ਅਮਰੀਕਾ ਵਿਚ ਟਿੱਕ ਟੌਕ 'ਤੇ ਪਾਬੰਦੀ ਲਗਾਉਣ ਦੀ ਗੱਲ ਹੋਈ।

ਅਮਰੀਕੀ ਵਿੱਤ ਮੰਤਰੀ ਸਕਾਟ ਬੇਸੈਂਟ ਨੇ ਪੁਸ਼ਟੀ ਕੀਤੀ ਕਿ ਸਮਝੌਤੇ ਦੀ ਰੂਪ-ਰੇਖਾ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਹੈ ਕਿ ਰਾਸ਼ਟਰਪਤੀ ਟਰੰਪ ਇਸ ਸਮਝੌਤੇ ਨੂੰ

■ ਟਰੰਪ ਚੀਨ ਨਾਲ ਕਰਨਗੇ ਸਮਝੌਤਾ




ਪੂਰਾ ਕਰਨ ਲਈ ਸ਼ੁੱਕਰਵਾਰ ਨੂੰ ਚੀਨੀ ਨੇਤਾ ਸ਼ੀ ਜਿਨਪਿੰਗ ਨਾਲ ਗੱਲ ਕਰਨ ਜਾ ਰਹੇ ਹਨ। ਬੇਸੈਂਟ ਨੇ ਸੋਮਵਾਰ ਨੂੰ ਮੈਡਰਿਡ ਵਿਚ ਕਿਹਾ, "ਰਾਸ਼ਟਰਪਤੀ ਟਰੰਪ ਨੇ ਇਸ ਵਿਚ ਭੂਮਿਕਾ ਨਿਭਾਈ।" ਦੋਵਾਂ ਦੇਸ਼ਾਂ ਦੇ ਡਿਪਲੋਮੈਟ ਇਸ ਹਫ਼ਤੇ ਸਪੇਨ ਵਿਚ ਵਪਾਰ ਅਤੇ ਸਬੰਧਤ ਮੁੱਦਿਆਂ 'ਤੇ ਚਰਚਾ ਕਰ ਰਹੇ ਹਨ।"

## 33 ਸਾਲਾਂ ਤੋਂ ਅਮਰੀਕਾ 'ਚ ਰਹਿ ਰਹੀ 73 ਸਾਲਾ ਹਰਜੀਤ ਕੌਰ ਆਈ.ਸੀ.ਈ. ਦੁਆਰਾ ਹਿਰਾਸਤ 'ਚ

**ਹਰਕੂਲੀਸ (ਕੈਲੀਫੋਰਨੀਆ), (ਪੰਜਾਬ ਮੇਲ)**- ਹਰਕੂਲੀਸ ਦੀ ਇੱਕ 73 ਸਾਲਾ ਦਾਦੀ ਨੂੰ ਸੰਘੀ ਹਿਰਾਸਤ ਵਿਚ ਲੈ ਲਿਆ ਗਿਆ ਅਤੇ ਬੇਕਰਸਫੀਲਡ 'ਚ ਇੱਕ ਇਮੀਗ੍ਰੇਸ਼ਨ ਹਿਰਾਸਤ ਸਹੂਲਤ 'ਚ ਤਬਦੀਲ ਕਰ ਦਿੱਤਾ ਗਿਆ ਹੈ, ਜਿਸ ਨਾਲ ਉਸਦੇ ਪਰਿਵਾਰ ਅਤੇ ਭਾਈਚਾਰੇ ਵਿਚ ਰੋਸ ਫੈਲ ਗਿਆ ਹੈ।





30 ਸਾਲਾਂ ਤੋਂ ਵੱਧ ਸਮੇਂ ਤੋਂ ਈਸਟ ਬੇ ਵਿਚ ਰਹਿ ਰਹੀ ਇੱਕ ਗੈਰ-ਦਸਤਾਵੇਜ਼ੀ ਪ੍ਰਵਾਸੀ ਹਰਜੀਤ ਕੌਰ ਨੂੰ ਸਾਨ ਫਰਾਂਸਿਸਕੋ ਵਿਚ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਨਾਲ ਇੱਕ ਰੁਟੀਨ ਇਮੀਗ੍ਰੇਸ਼ਨ ਚੈੱਕ-ਇਨ ਲਈ ਪੇਸ਼ ਹੋਣ ਤੋਂ ਬਾਅਦ ਹਿਰਾਸਤ ਵਿਚ ਲੈ ਲਿਆ ਗਿਆ ਸੀ। ਹਰਜੀਤ ਕੌਰ 2012 ਵਿਚ ਉਸਦੇ ਸ਼ਰਣ ਦਾਅਵੇ ਨੂੰ ਰੱਦ ਕੀਤੇ ਜਾਣ ਤੋਂ ਬਾਅਦ ਆਈ.ਸੀ.ਈ. ਨਿਗਰਾਨੀ ਹੇਠ ਹੈ।

ਹਰਜੀਤ ਕੌਰ ਦੀ ਨੂੰਹ ਮਨਜੀਤ ਕੌਰ ਨੇ ਕਿਹਾ, "ਉਹ 13 ਸਾਲਾਂ ਤੋਂ ਆਈ.ਸੀ.ਈ. ਚੈੱਕ-ਇਨ ਕਰ ਰਹੀ ਹੈ। ਸਾਨੂੰ ਇਸਦੀ ਬਿਲਕੁਲ ਵੀ ਉਮੀਦ ਨਹੀਂ ਸੀ। ਇਹ ਇੱਕ ਭਿਆਨਕ ਸੁਪਨਾ ਰਿਹਾ ਹੈ।" ਹਰਜੀਤ ਕੌਰ ਆਪਣੇ ਦੋ ਪੁੱਤਰਾਂ ਨਾਲ 1992 ਵਿਚ ਅਮਰੀਕਾ ਆਈ ਸੀ।

ਹਰਜੀਤ ਕੌਰ ਨੂੰ ਪਹਿਲਾਂ ਆਈ.ਸੀ.ਈ. ਵੱਲੋਂ ਫਰਿਜ਼ਨੋ ਲਿਜਾਇਆ ਗਿਆ, ਅਤੇ ਬਾਅਦ ਵਿਚ ਬੇਕਰਸਫੀਲਡ ਦੇ ਮੇਸਾ ਵਰਡੇ ਆਈ.ਸੀ.ਈ. ਪ੍ਰੋਸੈਸਿੰਗ ਸੈਂਟਰ 'ਚ ਤਬਦੀਲ ਕਰ ਦਿੱਤਾ ਗਿਆ, ਜੋ ਕਿ ਉਸਦੇ ਘਰ ਤੋਂ ਲਗਭਗ ਪੰਜ ਘੰਟੇ ਦੂਰ ਸੀ। ਉਸਦੇ ਪਰਿਵਾਰ ਦਾ ਕਹਿਣਾ ਹੈ ਕਿ ਦੂਰੀ ਕਾਰਨ ਉਸਦਾ ਸਮਰਥਨ ਕਰਨਾ ਔਖਾ ਹੋ ਜਾਂਦਾ ਹੈ, ਖਾਸ ਕਰਕੇ ਉਸਦੀ ਉਮਰ ਅਤੇ ਸਿਹਤ ਸਥਿਤੀਆਂ ਦੇ ਕਾਰਨ, ਜਿਸ ਵਿਚ ਥਾਇਰਾਇਡ ਦੀ ਬਿਮਾਰੀ, ਮਾਈਗ੍ਰੇਨ, ਗੋਡਿਆਂ ਦਾ ਦਰਦ ਅਤੇ ਚਿੰਤਾ ਸ਼ਾਮਲ ਹੈ।

ਉਸ ਦੇ ਪਰਿਵਾਰ ਨੇ ਇੱਕ ਵੈੱਬਸਾਈਟ - bringhar-jithome.com - ਲਾਂਚ ਕੀਤੀ ਹੈ, ਜੋ ਸਮਰਥਕਾਂ ਨੂੰ ਵ੍ਹਾਈਟ ਹਾਊਸ ਸਮੇਤ ਚੁਣੇ ਹੋਏ ਅਧਿਕਾਰੀਆਂ ਨਾਲ ਸੰਪਰਕ ਕਰਨ ਦੀ ਅਪੀਲ ਕਰਦੀ ਹੈ।


THIS CUP IS DEDICATED TO LALLY DHESI AND SIKANDER SINGH GREWAL
AMERICAN KABADDI FEDERATION
SHAHEED BABA DEEP SINGH SPORTS ACADEMY
SACRAMENTO KABADDI CUP 2025
LALLI DHESI
SIKANDER SINGH GREWAL
SIKH TEMPLE 7676 BRADSHAW ROAD, SACRAMENTO, CA 95829
SACRAMENTO KABADDI CUP 2025
THE LEGEND KABADDI SUPPORTER
THE LEGEND KABADDI PROMOTER
SACRAMENTO CALIFORNIA
ਇਸ ਖੇਡ ਮੇਲੇ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
ਬੀਬੀਆਂ ਦੇ ਬੈਠਣ ਦਾ ਪ੍ਰਬੰਧ ਅਲੱਗ ਹੋਵੇਗਾ।
ਸ਼ਰਤਾਂ ਦੇ ਨਿਯਮ :
ਅਮੈਰਿਕਨ ਕਬੱਡੀ ਫੈਡਰੇਸ਼ਨ ਆਫ ਯੂ.ਐਸ.ਏ. ਵੱਲੋਂ ਬਣੇ ਨਿਯਮ ਅਤੇ ਸ਼ਰਤਾਂ ਸਮੂਹ ਟੀਮਾਂ ਅਤੇ ਖਿਡਾਰੀਆਂ ਤੇ ਲਾਗੂ ਹੋਣਗੀਆਂ।
ਸਮੂਹ ਭਾਈਚਾਰੇ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖਤ ਮਨ੍ਹਾ ਹੈ।
YADHA SURKHPURIA
PALA JALALPURIA
MANGI BAGGA PIND
KHUSHI DUGGAN
SATTU KHADOOR SAHIB
FULL SECURITY
Sunday, September 28, 2025
PARGAT SINGH
GURMEET WARAICH
NINDI THANDI
SHERU BHATIA
SONY KANG
GURDEV TOOR
SUKH KULLAR
SHARANJIT GILL
PINDI SANDHU
HAPPY AULAKH
INDERJIT SINGH
BHUPINDER SANGHERA
BHINDA CHAHAL
SUKHDEV GILL
RAVI NAGRA
RANVEER SINGH
SABI HAYER
PAUL BUTTAR
BALWINDER SANDHU
PIARA SANDHU
BALJIT SANDHU
PAMMA ATWAL
GINDA PALWAN
PAMMA LIDHAR
KEHAR SINGH GILL
GURJIT DEOL
BALPREET BRAR
FOR MORE INFO
TARLOCHAN ATWAL
DHEERA NIJJAR
HAPPY BARIANA
BITTU RANDHAWA
HARRY SANGHA
GOLDY LALLY
ਹੋਰ ਜਾਣਕਾਰੀ ਲਈ
916-416-0144
916-416-9527
916-240-4110
916-897-1752
209-663-3270
916-275-8825
AMERICAN KABADDI FEDERATION
You Tube www.youtube.com/LIVEKABADDI
QUIK SIGNS
www.facebook.com/LIVEKABADDI



# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਵੱਲੋਂ

## ਅਮਰੀਕਨ ਕਬੱਡੀ ਫੈਡਰੇਸ਼ਨ ਯੂ.ਐੱਸ.ਏ. ਦੇ ਸਹਿਯੋਗ ਨਾਲ

# SACRAMENTO INTERNATIONAL KABADDI CUP 2025

## Sunday, September 28, 2025

**Sikh Temple, 7676 Bradshaw Road, Sacramento 95829**

# ਸੈਕਰਾਮੈਂਟੋ ਇੰਟਰਨੈਸ਼ਨਲ ਕਬੱਡੀ ਕੱਪ 2025





**28 ਸਤੰਬਰ 2025 ਦਿਨ ਐਤਵਾਰ**

ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਦੇ ਮੈਦਾਨ ਵਿਚ ਕਰਵਾਇਆ ਜਾਵੇਗਾ।

## ਇਸ ਵਿਚ ਚੋਟੀ ਦੇ ਅੰਤਰਰਾਸ਼ਟਰੀ ਖਿਡਾਰੀ ਹਿੱਸਾ ਲੈਣਗੇ।

ਸੁਰੱਖਿਆ ਦੇ ਖਾਸ ਇੰਤਜ਼ਾਮ ਹੋਣਗੇ।

ਔਰਤਾਂ ਦੇ ਬੈਠਣ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ।

ਸਮੂਹ ਭਾਈਚਾਰੇ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਵੀ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖਤ ਮਨ੍ਹਾ ਹੈ।



ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

ਸ਼ਰਤਾਂ ਤੇ ਨਿਯਮ : ਅਮਰੀਕਨ ਕਬੱਡੀ ਫੈਡਰੇਸ਼ਨ ਯੂ.ਐੱਸ.ਏ. ਵੱਲੋਂ ਬਣਾਏ ਨਿਯਮ ਅਤੇ ਸ਼ਰਤਾਂ ਸਮੂਹ ਟੀਮਾਂ ਅਤੇ ਖਿਡਾਰੀਆਂ 'ਤੇ ਲਾਗੂ ਹੋਣਗੀਆਂ।

Designed By Punjab Mail USA

**Contact for More Info:**

| Gurmeet Singh Waraich | Pargat Sandhu | Randhir Dhira Nijjar | Happy Bariana |
|---|---|---|---|
| 916-240-0369 | 209-810-5667 | 916-416-9527 | 916-240-4110 |


AMERICAN KABADDI FEDERATION EST. 2025
AMERICAN KABADDI FEDERATION USA
VARINDER DHANOA
BHAGDEEP SINGH
KEEPA TANDA
BABBU KHERA MISSISSIPPI
RAMAN SIDHU
HARSIMRAN SINGH
JEETI GREWAL CHAIRMAN
RANDHIR SINGH NIJJAR
KULDEEP SINGH WARAICH
LUCKY SAPRA
GURDEV UPPAL NEW JERSEY
HAPPY BARIANA
BUTTA CHAHAL
SONU UPPAL
NARINDER SIDHU (ATLANTA)
HARDEEP SINGH BABLU
HAPPY SANGHA
SANDIP SINGH JANTY
JASSA USA
SATNAM SINGH
RAJBIR RAJU
SUNNY KOHAR
SUNNY BRAR
AMERICAN KABADDI FEDERATION USA 2025
ਕਬੱਡੀ ਸੀਜ਼ਨ 2025
SEPT. 14TH 2025 DALLAS KABADDI CUP
SEPT. 20TH 2025 NEW YORK KABADDI CUP
SEPT. 27TH 2025 TRACY KABADDI CUP
SEPT. 28TH 2025 SACRAMENTO KABADDI CUP
OCT. 11TH 2025 FRESNO KABADDI CUP
OCT. 18TH 2025 BAY AREA KABADDI CUP
OCT. 5TH 2025
USA WORLD CUP STOCKTON
AMERICAN KABADDI FEDERATION USA
#AKFKABADDISEASON2025


EST.2022
KABADDI CALIFORNIA
USA
FATEH SPORTS CLUB
PRESENTS
1ST WORLD KABADDI CUP
USA 2025
AMERICAN KABADDI FEDERATION
EST. 2024
Adventist Health
Arena
1ST WORLD
KABADDI CUP
USA
2025
TICKETS OUT NOW!
BUY TICKETS ON
TICKETMASTER.COM
LINK IN BIO
Fateh
CALIFORNIA
Fateh
CALIFORNIA
DATE: SUNDAY, OCTOBER 5, 2025
VENUE: ADVENTIST HEALTH ARENA, STOCKTON, CA
AMERICAN KABADDI FEDERATION

# ਇੰਡੋ ਅਮਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਵੱਲੋਂ ਐਲਕ ਗਰੋਵ ਵਿਖੇ ਗਦਰੀ ਬਾਬਿਆਂ ਦੀ ਯਾਦ ਵਿਚ ਮਨਾਇਆ ਗਿਆ ਸਾਲਾਨਾ ਮੇਲਾ



























ਫੋਟੋਆਂ : ਪੰਜਾਬ ਮੇਲ ਯੂ.ਐੱਸ.ਏ. ਟੀ.ਵੀ.

*Space sponsored by*

**Gurjatinder S. Randhawa**
(REALTOR) CA DRE licence # 01490567

RE/MAX Outstanding Agents Outstanding Results

**916-320-9444**

## ਪੁੱਤਰਾਂ ਦੇ ਦਾਨੀ, ਬ੍ਰਹਮ ਗਿਆਨੀ

# ਬਾਬਾ ਬੁੱਢਾ ਜੀ ਦਾ ਜਨਮ ਦਿਵਸ



ਸਿਆਟਲ ਦੇ ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਪੁੱਤਰਾਂ ਦੇ ਦਾਨੀ, ਹੈੱਡ ਗ੍ਰੰਥੀ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਦੂਜੀ ਪਾਤਿਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਛੇਵੀਂ ਪਾਤਿਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਤਾਗੱਦੀ ਸੌਂਪਣ ਦੀਆਂ ਰਸਮਾਂ ਨਿਭਾਉਣ ਵਾਲੇ ਧੰਨ ਧੰਨ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੈ। ਗੁਰੂ ਘਰ ਰੈਂਟਨ ਅਤੇ ਬਾਬਾ ਬੁੱਢਾ ਜੀ ਸੰਸਥਾ ਵੱਲੋਂ ਸਮੂਹਿਕ ਪਰਿਵਾਰਾਂ ਨੂੰ ਬੇਨਤੀ ਹੈ ਕਿ ਹੁੰਮਹੁਮਾ ਕੇ ਪਹੁੰਚੋ ਅਤੇ ਜੀਵਨ ਸਫਲਾ ਕਰੋ।

**3, 4, 5 ਅਕਤੂਬਰ 2025 ਨੂੰ ਗੁਰਦੁਆਰਾ ਸਿੰਘ ਸਭਾ ਰੈਂਟਨ,**
**5200 Talbot Rd S, Renton, WA 98055 ਵਿਖੇ ਮਨਾਇਆ ਜਾ ਰਿਹਾ ਹੈ ।**



ਭਾਈ ਸੰਦੀਪ ਸਿੰਘ

ਆਰੰਭਤਾ ਸ੍ਰੀ ਅਖੰਡ ਪਾਠ ਸਾਹਿਬ 3 ਅਕਤੂਬਰ 2025,
ਸ਼ੁੱਕਰਵਾਰ ਸਵੇਰੇ 10.00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ 5 ਅਕਤੂਬਰ 2025,
ਐਤਵਾਰ ਸਵੇਰੇ 10.00 ਵਜੇ

ਉਪਰੰਤ ਮੇਨ ਹਾਲ ਵਿਖੇ ਧਾਰਮਿਕ ਦੀਵਾਨ ਸਜਾਏ ਜਾਣਗੇ। ਜਿਸ ਵਿਚ ਗੁਰੂ ਘਰ ਦੇ ਕੀਰਤਨੀ ਜਥੇ ਭਾਈ ਵਰਿਆਮ ਸਿੰਘ ਜੀ ਅਤੇ ਭਾਈ ਜਰਨੈਲ ਸਿੰਘ ਕੀਰਤਨ ਦੀ ਸੇਵਾ ਨਿਭਾਉਣਗੇ ਅਤੇ

**ਢਾਡੀ ਜੱਥਾ : ਭਾਈ ਸੰਦੀਪ ਸਿੰਘ ਲੁਹਾਰਾ LA ਵਾਲੇ**

ਸੰਗਤਾਂ ਨੂੰ ਬਾਬਾ ਬੁੱਢਾ ਜੀ ਦੀ ਜੀਵਨੀ ਬਾਰੇ ਚਾਨਣਾ ਪਾਉਣਗੇ ।

## ਸਵਾਗਤ ਕਰਤਾ

**ਗੁਰਦੁਆਰਾ ਪ੍ਰਬੰਧਕ ਕਮੇਟੀ ਸਿੰਘ ਸਭਾ ਰੈਂਟਨ** ਫੋਨ ਨੰਬਰ : 425-226-2277

ਹੋਰ ਜਾਣਕਾਰੀ ਲਈ ਸੰਪਰਕ ਕਰੋ : ਡਾਕਟਰ ਸੁਰਿੰਦਰਪਾਲ ਸਿੰਘ ਤੁੰਗ
ਪ੍ਰਧਾਨ ਬਾਬਾ ਬੁੱਢਾ ਜੀ ਸੰਸਥਾ, ਫੋਨ : 206-604-0982

# ਟਰੰਪ ਵੱਲੋਂ ਨਿਊਯਾਰਕ ਟਾਈਮਜ਼ ਵਿਰੁੱਧ 15 ਅਰਬ ਡਾਲਰ ਦਾ ਮਾਣਹਾਨੀ ਦਾ ਮੁਕੱਦਮਾ ਦਾਇਰ

ਨਿਊਯਾਰਕ, (ਪੰਜਾਬ ਮੇਲ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਨਿਊਯਾਰਕ ਟਾਈਮਜ਼ ਅਖਬਾਰ ਅਤੇ ਉਸਦੇ 4 ਪੱਤਰਕਾਰਾਂ ਵਿਰੁੱਧ 15 ਅਰਬ ਡਾਲਰ ਦਾ ਮਾਣਹਾਨੀ ਦਾ ਮੁਕੱਦਮਾ ਦਾਇਰ ਕੀਤਾ ਹੈ। ਇਹ ਜਾਣਕਾਰੀ ਅਦਾਲਤੀ ਦਸਤਾਵੇਜ਼ਾਂ ਤੋਂ ਪ੍ਰਾਪਤ ਹੋਈ। ਫਲੋਰੀਡਾ ਦੀ ਅਮਰੀਕੀ ਜ਼ਿਲ੍ਹਾ ਅਦਾਲਤ ਵਿਚ ਦਾਇਰ ਕੀਤੇ ਗਏ ਇਸ ਮੁਕੱਦਮੇ ਵਿਚ ਅਖਬਾਰ ਦੇ 2 ਪੱਤਰਕਾਰਾਂ ਦੁਆਰਾ ਲਿਖੇ ਗਏ ਕਈ ਲੇਖਾਂ ਅਤੇ ਇੱਕ ਕਿਤਾਬ ਦਾ ਹਵਾਲਾ ਦਿੱਤਾ ਗਿਆ ਹੈ, ਜੋ 2024 ਦੀਆਂ ਚੋਣਾਂ ਤੋਂ ਪਹਿਲਾਂ ਪ੍ਰਕਾਸ਼ਿਤ ਹੋਈ ਸੀ। ਇਸ ਵਿਚ ਕਿਹਾ ਗਿਆ ਹੈ ਕਿ ਇਹ "ਰਾਸ਼ਟਰਪਤੀ ਟਰੰਪ ਵਿਰੁੱਧ ਜਾਣਬੁੱਝ ਕੇ ਅਤੇ ਬਦਨੀਤੀ ਭਰਿਆ



ਮਾਣਹਾਨੀ ਕਰਨ ਦੇ ਦਹਾਕਿਆਂ ਪੁਰਾਣੇ ਨਿਊਯਾਰਕ ਟਾਈਮਜ਼ ਦੇ ਪੈਟਰਨ ਦਾ ਹਿੱਸਾ ਹੈ।" ਮੁਕੱਦਮੇ ਵਿਚ ਕਿਹਾ ਗਿਆ ਹੈ, "ਬਚਾਅ ਪੱਖ ਨੇ ਅਜਿਹੇ ਬਿਆਨ ਲਾਪ੍ਰਵਾਹੀ ਨਾਲ, ਬਿਆਨਾਂ ਦੇ ਝੂਠੇ ਹੋਣ ਦੀ ਜਾਣਕਾਰੀ ਦੇ ਨਾਲ ਅਤੇ/ਜਾਂ ਉਨ੍ਹਾਂ ਦੀ ਸੱਚਾਈ ਜਾਂ ਝੂਠ ਦੀ ਲਾਪ੍ਰਵਾਹੀ ਨਾਲ ਅਣਦੇਖੀ ਕਰਦੇ ਹੋਏ ਪ੍ਰਕਾਸ਼ਤ ਕੀਤੇ।"

ਮੁਕੱਦਮੇ ਦਾ ਐਲਾਨ ਕਰਦੇ ਹੋਏ ਟਰੂਥ ਸੋਸ਼ਲ 'ਤੇ ਇੱਕ ਪੋਸਟ ਵਿਚ ਟਰੰਪ ਨੇ ਦਿ ਨਿਊਯਾਰਕ ਟਾਈਮਜ਼ 'ਤੇ ਉਨ੍ਹਾਂ ਬਾਰੇ ਝੂਠ ਬੋਲਣ ਅਤੇ ਬਦਨਾਮ ਕਰਨ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਇਹ ਰੈਡੀਕਲ ਲੈਫਟ ਡੈਮੋਕ੍ਰੇਟ ਪਾਰਟੀ ਦਾ "ਵਰਚੂਅਲ ਮਾਊਥਪੀਸ" ਬਣ ਗਿਆ ਹੈ। ਟਰੰਪ ਨੇ ਹੋਰ ਮੀਡੀਆ ਸੰਗਠਨਾਂ 'ਤੇ ਵੀ ਹਮਲਾ ਕੀਤਾ ਹੈ, ਜਿਸ ਵਿਚ ਜੁਲਾਈ ਵਿਚ ਦਿ ਵਾਲ ਸਟਰੀਟ ਜਰਨਲ ਅਤੇ ਮੀਡੀਆ ਕਾਰੋਬਾਰੀ ਰੂਪਰਟ ਮਰਡੋਕ ਵਿਰੁੱਧ 10 ਬਿਲੀਅਨ ਡਾਲਰ ਦਾ ਮਾਣਹਾਨੀ ਮੁਕੱਦਮਾ ਦਾਇਰ ਕਰਨਾ ਵੀ ਸ਼ਾਮਲ ਹੈ, ਜਦੋਂ ਅਖਬਾਰ ਨੇ ਟਰੰਪ ਦੇ ਅਮੀਰ ਫਾਈਨੈਂਸਰ ਜੈਫਰੀ ਐਪਸਟਾਈਨ ਨਾਲ ਸਬੰਧਾਂ ਬਾਰੇ ਇੱਕ ਖਬਰ ਪ੍ਰਕਾਸ਼ਤ ਕੀਤੀ ਸੀ।

# ਲੀਜ਼ਾ ਕੁੱਕ ਬਣੀ ਰਹੇਗੀ ਫੈਡਰਲ ਰਿਜ਼ਰਵ ਦੀ ਗਵਰਨਰ

ਵਾਸ਼ਿੰਗਟਨ, (ਪੰਜਾਬ ਮੇਲ)- ਯੂ.ਐੱਸ. ਅਪੀਲ ਕੋਰਟ ਨੇ ਸੋਮਵਾਰ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਫੈਡਰਲ ਰਿਜ਼ਰਵ ਗਵਰਨਰ ਲੀਜ਼ਾ ਕੁੱਕ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾਉਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ। ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਉਹ ਫੈੱਡ ਦੀ ਨੀਤੀ ਮੀਟਿੰਗ ਵਿਚ ਹਿੱਸਾ ਲੈਣ ਦੇ ਯੋਗ ਹੋਵੇਗੀ, ਜਿੱਥੇ ਅਮਰੀਕੀ ਵਿਆਜ ਦਰਾਂ ਵਿਚ ਕਟੌਤੀ ਦੀਆਂ ਉਮੀਦਾਂ ਹਨ। ਇਹ ਪਹਿਲੀ ਵਾਰ ਹੈ ਜਦੋਂ ਕਿਸੇ ਅਮਰੀਕੀ ਰਾਸ਼ਟਰਪਤੀ ਨੇ 1913 ਵਿਚ ਸਥਾਪਿਤ ਕੇਂਦਰੀ ਬੈਂਕ ਦੇ ਗਵਰਨਰ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਹੈ।

ਵਾਸ਼ਿੰਗਟਨ ਡੀ.ਸੀ. ਸਰਕਟ ਕੋਰਟ ਆਫ਼ ਅਪੀਲਜ਼ ਨੇ ਨਿਆਂ ਵਿਭਾਗ ਦੀ ਅਪੀਲ ਨੂੰ ਰੱਦ ਕਰ ਦਿੱਤਾ, ਜਿਸ ਵਿਚ ਟਰੰਪ ਨੂੰ ਕੁੱਕ ਨੂੰ ਹਟਾਉਣ ਲਈ ਅਸਥਾਈ ਇਜਾਜ਼ਤ ਮੰਗੀ ਗਈ ਸੀ। ਹੇਠਲੀ ਅਦਾਲਤ ਦੇ ਜੱਜ ਜ਼ਿਆ ਕੋਬ ਦੇ 9 ਸਤੰਬਰ ਦੇ ਹੁਕਮ ਨੇ ਟਰੰਪ ਨੂੰ ਕੁੱਕ ਨੂੰ ਹਟਾਉਣ ਤੋਂ ਰੋਕ ਦਿੱਤਾ ਸੀ। ਟਰੰਪ ਪ੍ਰਸ਼ਾਸਨ ਹੁਣ ਇਸ ਫੈਸਲੇ ਨੂੰ ਅਮਰੀਕੀ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਦੀ ਤਿਆਰੀ ਕਰ ਰਿਹਾ ਹੈ।

ਅਦਾਲਤ ਨੇ ਫੈਸਲਾ 2-1 ਨਾਲ ਦਿੱਤਾ ਹੈ, ਜਿਸ ਵਿਚ ਸਰਕਟ ਜੱਜ

## ਟਰੰਪ ਪ੍ਰਸ਼ਾਸਨ ਵੱਲੋਂ ਲਗਾਏ ਟ੍ਰੈਵਲ ਬੈਨ ਕਾਰਨ ਲੱਖਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਵਧੀਆਂ ਮੁਸ਼ਕਲਾਂ

ਵਾਸ਼ਿੰਗਟਨ, (ਪੰਜਾਬ ਮੇਲ)- ਟਰੰਪ ਪ੍ਰਸ਼ਾਸਨ ਵੱਲੋਂ ਲਗਾਏ ਗਏ ਟ੍ਰੈਵਲ ਬੈਨ ਕਾਰਨ ਲੱਖਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਯੂਨੀਵਰਸਿਟੀਆਂ ਵਿਚ ਦਾਖਲਾ ਲੈਣ 'ਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਦਿਆਰਥੀਆਂ ਨੂੰ ਵੀਜ਼ਾ ਪ੍ਰਕਿਰਿਆ ਵਿਚ ਦੇਰੀ ਅਤੇ ਨਵੇਂ ਟੈਸਟ ਜਾਂ ਪ੍ਰਮਾਣ ਪੱਤਰਾਂ ਦੀ ਲੋੜ ਕਾਰਨ ਅਮਰੀਕਾ ਜਾਣ ਤੋਂ ਰੋਕਿਆ ਜਾ ਰਿਹਾ ਹੈ। ਰਿਪੋਰਟਾਂ ਮੁਤਾਬਕ, ਭਾਰਤੀ ਵਿਦਿਆਰਥੀ ਵੀ ਇਸ ਬੈਨ ਦੇ ਕਾਰਨ ਅਮਰੀਕਾ ਨਹੀਂ ਜਾ ਨਹੀਂ ਪਾ ਰਹੇ। ਕਈ ਵਿਦਿਆਰਥੀਆਂ ਨੇ ਯੂਰਪ ਦੇ ਯੂਨੀਵਰਸਿਟੀਆਂ ਜਾਂ ਹੋਰ ਵਿਕਲਪਾਂ ਦੀ ਤਰਫ਼ ਰੁਝਾਨ ਦਿਖਾਇਆ ਹੈ। ਇਸ ਕਾਰਨ ਅਮਰੀਕੀ ਯੂਨੀਵਰਸਿਟੀਆਂ ਨੂੰ ਵੀ ਵਿੱਤੀ ਨੁਕਸਾਨ ਅਤੇ ਭਰਤੀ ਘਟਾਉਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਨੀਤੀਆਂ ਨਾ ਸਿਰਫ਼ ਵਿਦਿਆਰਥੀਆਂ ਦੀਆਂ ਯੋਜਨਾਵਾਂ ਨੂੰ ਪ੍ਰਭਾਵਿਤ ਕਰ ਰਹੀਆਂ ਹਨ, ਬਲਕਿ ਅਮਰੀਕਾ ਦੀ ਅਕਾਦਮਿਕ ਸਾਂਝ ਅਤੇ ਸਾਫਟ ਪਾਵਰ 'ਤੇ ਵੀ ਪ੍ਰਭਾਵ ਪਾ ਰਹੀਆਂ ਹਨ। ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਇਸ ਹਾਲਤ ਨੇ ਚਿੰਤਾ ਪੈਦਾ ਕਰ ਦਿੱਤੀ ਹੈ ਅਤੇ ਉਹ ਆਪਣੀਆਂ ਵਿਦੇਸ਼ 'ਚ ਪੜ੍ਹਾਈ ਦੀਆਂ ਯੋਜਨਾਵਾਂ 'ਤੇ ਮੁੜ-ਵਿਚਾਰ ਰਹੇ ਹਨ।

# ਟਰੰਪ ਦੇ ਬਿੱਲ ਕਾਰਨ 10 ਲੱਖ ਤੋਂ ਵਧ ਅਮਰੀਕੀ ਡਾਕਟਰੀ ਸਹਾਇਤਾ ਤੋਂ ਵਾਂਝੇ ਹੋ ਜਾਣਗੇ : ਐਮੀ ਬੇਰਾ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਕੈਲੀਫੋਰਨੀਆ ਦੇ ਡੈਮੋਕਰੈਟਿਕ ਸਾਂਸਦ ਐਮੀ ਬੇਰਾ ਨੇ ਹੋਰ ਡੈਮੋਕਰੈਟਿਕ ਡਾਕਟਰ ਮਿੱਤਰਾਂ ਨਾਲ ਮਿਲ ਕੇ ਟਰੰਪ ਦੇ ਸਿਹਤ ਖੇਤਰ ਨਾਲ ਜੁੜੇ ਬਿੱਲ ਦੀ ਨਿੰਦਾ ਕਰਦਿਆਂ ਇਸ ਵਿਰੁੱਧ ਜੱਦੋ-ਜਹਿਦ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਟਰੰਪ ਦੁਆਰਾ ਦਸਤਖਤ ਕੀਤੇ ਬਿੱਲ ਨੂੰ "ਬੇਹੱਦ ਖਤਰਨਾਕ ਬਿੱਲ" ਕਰਾਰ ਦਿੰਦਿਆਂ ਕਿਹਾ ਹੈ ਕਿ ਇਸ ਨਾਲ 10 ਲੱਖ ਤੋਂ ਵਧ ਅਮਰੀਕੀ ਸਿਹਤ ਸੇਵਾਵਾਂ ਤੋਂ ਵਾਂਝੇ ਹੋ ਜਾਣਗੇ। ਬਿੱਲ ਜਿਸ ਵਿਚਲੀ ਵਿਵਸਥਾ ਤਹਿਤ ਯੋਜਨਾਬੱਧ ਸਿਹਤ ਸੇਵਾਵਾਂ ਨੂੰ ਖਤਮ ਕੀਤਾ ਜਾ ਰਿਹਾ ਹੈ, ਉਪਰ ਫਿਲਹਾਲ ਅਦਾਲਤਾਂ ਵੱਲੋਂ ਆਰਜੀ ਰੋਕ ਲਾ ਦਿੱਤੀ ਗਈ ਹੈ। ਬਿੱਲ ਦਾ ਵਿਰੋਧ ਕਰ ਰਹੇ ਆਗੂਆਂ ਦਾ ਕਹਿਣਾ ਹੈ ਕਿ ਜੇਕਰ ਇਹ ਕਾਨੂੰਨ ਲਾਗੂ ਹੋ ਜਾਂਦਾ ਹੈ, ਤਾਂ 200 ਤੋਂ ਵਧ ਸਿਹਤ ਸੰਭਾਲ ਸੈਂਟਰ ਬੰਦ ਹੋ ਜਾਣਗੇ, ਜਿਸ ਕਾਰਨ 11 ਲੱਖ ਮਰੀਜ਼ ਪ੍ਰਭਾਵਿਤ ਹੋਣਗੇ ਤੇ ਉਨ੍ਹਾਂ ਦੀ ਸਿਹਤ ਸੰਭਾਲ ਵਿਵਸਥਾ ਖਤਰੇ ਵਿਚ ਪੈ ਜਾਵੇਗੀ। ਐਮੀ ਬੇਰਾ ਨੇ ਕਿਹਾ ਹੈ ਕਿ ਯੋਜਨਾਬੱਧ ਸੇਵਾਵਾਂ ਇਸ ਦੇਸ਼ ਵਿਚ ਰਹਿੰਦੇ ਬਹੁਤ ਸਾਰੇ ਲੋਕਾਂ ਲਈ ਇਕੋ ਇੱਕ ਸਹਾਰਾ ਹਨ। 'ਯੋਜਨਾਬੱਧ ਪੇਰੈਂਟਹੁੱਡ' ਸਿਹਤ




ਡੈਮੋਕਰੈਟਿਕ ਸਾਂਸਦ ਐਮੀ ਬੇਰਾ।

ਸੈਂਟਰ ਖਾਸ ਕਰਕੇ ਦਿਹਾਤੀ ਤੇ ਥੁੜਾਂ ਮਾਰੇ ਖੇਤਰਾਂ ਵਿਚ ਔਰਤਾਂ ਤੇ ਮਰਦਾਂ ਲਈ ਮੁੱਢਲੀਆਂ ਸਿਹਤ ਸੰਭਾਲ ਸੇਵਾਵਾਂ ਹਨ। ਇਹ ਸੈਂਟਰ ਕੈਂਸਰ ਸਕਰੀਨਿੰਗ, ਐੱਸ.ਟੀ.ਆਈ. ਟੈਸਟਿੰਗ ਤੇ ਪੁਰਾਣੀਆਂ ਬਿਮਾਰੀਆਂ ਸਬੰਧੀ ਅਹਿਮ ਹਨ ਤੇ ਲੋਕਾਂ ਲਈ ਜ਼ਰੂਰੀ ਸੇਵਾਵਾਂ ਹਨ। ਬੇਰਾ ਨੇ ਵਚਨਬੱਧਤਾ ਦੁਹਰਾਈ ਹੈ ਕਿ ਉਹ ਇਸ ਵਿਰੁੱਧ ਜੱਦੋ-ਜਹਿਦ ਜਾਰੀ ਰੱਖਣਗੇ ਤੇ ਰਿਪਬਲੀਕਨਾਂ ਨੂੰ ਜ਼ਿੰਮੇਵਾਰੀ ਤੋਂ ਭੱਜਣ ਨਹੀਂ ਦੇਣਗੇ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com



# ਗੈਰ ਕਾਨੂੰਨੀ ਪ੍ਰਵਾਸੀ ਨੇ ਪੁਲਿਸ ਅਫਸਰ ਨੂੰ ਆਪਣੀ ਕਾਰ ਨਾਲ ਘੜੀਸਿਆ




ਸ਼ਿਕਾਗੋ ਵਿਚ ਪੁਲਿਸ ਅਫਸਰ ਨੂੰ ਘਸੀਟਣ ਦੀ ਵਾਪਰੀ ਘਟਨਾ ਮੌਕੇ ਕੀਤੀ ਨਾਕਾਬੰਦੀ।

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਨੀਮ ਸ਼ਹਿਰੀ ਸ਼ਿਕਾਗੋ ਵਿਚ ਇੱਕ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਅਫਸਰ ਨੇ ਇੱਕ ਵਿਅਕਤੀ ਨੂੰ ਉਸ ਵੇਲੇ ਗੋਲੀ ਮਾਰ ਦਿੱਤੀ, ਜਦੋਂ ਉਹ ਇੱਕ ਹੋਰ ਅਫਸਰ ਨੂੰ ਆਪਣੀ ਕਾਰ ਨਾਲ ਕਾਫੀ ਦੂਰ ਤੱਕ ਘਸੀਟ ਕੇ ਲੈ ਗਿਆ। ਹੋਮਲੈਂਡ ਸਕਿਉਰਿਟੀ ਵਿਭਾਗ ਅਨੁਸਾਰ ਇਹ ਘਟਨਾ ਇੱਕ ਨਾਕਾਬੰਦੀ ਸਥਾਨ ’ਤੇ ਵਾਪਰੀ। ਵਿਭਾਗ ਅਨੁਸਾਰ ਸਿਲਵਰੀਓ ਵਿਲਗਾਸ-ਗੋਨਜ਼ਾਲੇਜ਼ ਨਾਮੀ ਕਾਰ ਚਾਲਕ ਦੀ ਮੌਕੇ ਉਪਰ ਹੀ ਮੌਤ ਹੋ ਗਈ, ਜਦਕਿ ਅਫਸਰ ਦੇ ਗੰਭੀਰ ਸੱਟਾਂ ਵੱਜੀਆਂ ਹਨ ਪਰੰਤੂ ਉਸ ਦੀ ਹਾਲਤ ਸਥਿਰ ਹੈ। ਇਹ

### ■ ਮੌਕੇ ’ਤੇ ਦੂਜੇ ਅਫਸਰ ਨੇ ਕਾਰ ਸਵਾਰ ਨੂੰ ਮਾਰੀ ਗੋਲੀ

ਘਟਨਾ ਫਰੈਂਕਲਿਨ ਪਾਰਕ ਵਿਚ ਵਾਪਰੀ, ਜਿਥੇ ਗੈਰ ਕਾਨੂੰਨੀ ਪ੍ਰਵਾਸੀ ਗੋਨਾਜ਼ਾਲੇਜ਼ ਨੇ ਆਪਣੀ ਕਾਰ ਇੱਕ ਪੁਲਿਸ ਅਫਸਰ ਵਿਚ ਮਾਰੀ ਤੇ ਬਾਅਦ ਵਿਚ ਉਸ ਨੂੰ ਆਪਣੀ ਕਾਰ ਨੀਲ ਹੀ ਘਸੀਟ ਕੇ ਲੈ ਗਿਆ। ਹੋਮਲੈਂਡ ਸਕਿਉਰਿਟੀ ਅਸਿਸਟੈਂਟ ਸਕੱਤਰ ਟਰੀਸੀਆ ਮੈਕਲੌਘਲਿਨ ਨੇ ਇੱਕ ਪ੍ਰੈੱਸ ਬਿਆਨ ਵਿਚ ਕਿਹਾ ਹੈ ਕਿ ਉਹ ਜ਼ਖਮੀ ਪੁਲਿਸ ਅਫਸਰ ਦੀ ਛੇਤੀ ਸਿਹਤਯਾਬੀ ਦੀ ਪ੍ਰਾਰਥਨਾ ਕਰਦੇ ਹਨ।

# ਅਪਰਾਧ ਨਾਲ ਨਜਿੱਠਣ ਲਈ ਮੈਮਫਿਸ ’ਚ ਨੈਸ਼ਨਲ ਗਾਰਡ ਤਾਇਨਾਤ ਹੋਣਗੇ : ਟਰੰਪ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਰਾਸ਼ਟਰਪਤੀ



ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਦੇਸ਼ ਦੇ ਵੱਡੇ ਸ਼ਹਿਰਾਂ ਵਿਚ ਅਪਰਾਧ ਨਾਲ ਨਜਿੱਠਣ ਦੀਆਂ ਕੋਸ਼ਿਸ਼ਾਂ ਦੇ ਹਿੱਸੇ ਵਜੋਂ ਉਸ ਦਾ ਪ੍ਰਸ਼ਾਸਨ ਮੈਮਫਿਸ ਵਿਚ ਨੈਸ਼ਨਲ ਗਾਰਡ ਤਾਇਨਾਤ ਕਰ ਰਿਹਾ ਹੈ। ਸ਼ਹਿਰ ਵਿਚਲੇ ਹਾਲਾਤ ਨੂੰ ਗੰਭੀਰ ਦੱਸਦਿਆਂ ਉਨ੍ਹਾਂ ਕਿਹਾ ਕਿ ਮੇਅਰ ਤੇ ਟੈਨੇਸੀ ਦੇ ਗਵਰਨਰ ਉਸ ਦੀ ਕਾਰਵਾਈ ਤੋਂ ਖੁਸ਼ ਹਨ, ਜਿਸ ਕਾਰਵਾਈ ਤਹਿਤ ਨੈਸ਼ਨਲ ਗਾਰਡ ਤਾਇਨਾਤ ਹੋਣਗੇ ਤੇ ਹਰ ਉਸ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਜਾਵੇਗਾ, ਜਿਸ ਦੀ ਸਾਨੂੰ ਲੋੜ ਹੋਵੇਗੀ। ਦੂਸਰੇ ਪਾਸੇ ਮੈਮਫਿਸ ਦੇ ਮੇਅਰ ਪਾਲ ਯੰਗ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਇਹ ਉਸ ਦੀ ਬੇਨਤੀ ਉਪਰ ਨਹੀਂ ਕੀਤਾ ਜਾ ਰਿਹਾ, ਬਲਕਿ ਉਸ ਨੂੰ ਤਾਂ ਸਵੇਰੇ ਪਤਾ ਲੱਗਾ ਕਿ ਰਾਸ਼ਟਰਪਤੀ ਤੇ ਗਵਰਨਰ ਨੈਸ਼ਨਲ ਗਾਰਡ ਸਮੇਤ ਹੋਰ ਸੰਘੀ ਸਾਧਨਾਂ ਨੂੰ ਸ਼ਹਿਰ ਵਿਚ ਤਾਇਨਾਤ ਕਰ ਰਹੇ ਹਨ। ਮੇਅਰ ਨੇ ਕਿਹਾ ਕਿ ਮੈਂ ਨੈਸ਼ਨਲ ਗਾਰਡ ਤਾਇਨਾਤ ਕਰਨ ਲਈ ਨਹੀਂ ਕਿਹਾ ਤੇ ਮੈਂ ਨਹੀਂ ਸੋਚਦਾ ਕਿ ਅਪਰਾਧ ਨਾਲ ਨਜਿੱਠਣ ਦਾ ਇਹ ਕੋਈ ਢੰਗ-ਤਰੀਕਾ ਹੈ।

# ਅਮਰੀਕਾ ’ਚ ਭਾਰਤੀ ਗੁਜਰਾਤੀ ਔਰਤ ਹੋਈ ਲਾਪਤਾ

ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)- ਅਮਰੀਕਾ ਦੇ ਸੂਬੇ ਜਾਰਜੀਆ ਵਿਚ ਰਹਿਣ ਵਾਲੀ ਇਕ 33 ਸਾਲਾ ਭਾਰਤੀ-ਗੁਜਰਾਤੀ ਔਰਤ ਬਿਜਲ ਪਟੇਲ ਅਚਾਨਕ ਲਾਪਤਾ ਹੋ ਗਈ ਹੈ। ਇਸ ਸਬੰਧੀ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ।



ਬਿਜਲ ਪਟੇਲ ਨੂੰ ਆਖਰੀ ਵਾਰ ਐਤਵਾਰ 7 ਸਤੰਬਰ ਨੂੰ ਸ਼ਾਮ 7 ਵਜੇ ਦੇਖਿਆ ਗਿਆ ਸੀ। ਪੁਲਿਸ ਦੇ ਅਨੁਸਾਰ ਕਾਲੀ ਪੈਂਟ ਅਤੇ ਕਾਲੀ ਟੀ-ਸ਼ਰਟ ਪਹਿਨੇ ਹੋਏ ਬਿਜਲ ਪਟੇਲ ਉਸੇ ਸਮੇਂ ਕਾਰਲੇਟਨ ਨੇੜੇ ਮੈਡੋਰਨ ਵਿਚ ਆਪਣੇ ਘਰ ਤੋਂ ਨਿਕਲੀ ਸੀ। ਜਿਸ ਕਾਰ ਵਿਚ ਉਹ ਘਰੋਂ ਨਿਕਲੀ ਸੀ, ਉਸ ਦੇ ਵੇਰਵੇ ਦਿੰਦੇ ਹੋਏ ਪੁਲਿਸ ਨੇ ਦੱਸਿਆ ਕਿ ਉਹ ਸਿਲਵਰ ਰੰਗ ਦੀ ਹੌਂਡਾ ਅਕਾਰਡ ਸੀ ਅਤੇ ਇਸ ’ਤੇ ਜਾਰਜੀਆ ਲਾਇਸੈਂਸ ਪਲੇਟ ਸੀ।

ਜਾਣਕਾਰੀ ਦਿੰਦੇ ਹੋਏ ਪੁਲਿਸ ਨੇ ਇਹ ਵੀ ਕਿਹਾ ਹੈ ਕਿ 33 ਸਾਲਾ ਬਿਜਲ ਪਟੇਲ 5 ਫੁੱਟ 3 ਇੰਚ ਲੰਬੀ ਹੈ ਅਤੇ ਉਸ ਦਾ ਭਾਰ 100 ਪੌਂਡ ਹੈ। ਗੁਜਰਾਤੀ ਔਰਤ ਦੇ ਦੋ ਤੋਂ ਤਿੰਨ ਦਿਨਾਂ ਤੱਕ ਲਾਪਤਾ ਰਹਿਣ ਤੋਂ ਬਾਅਦ, ਪੁਲਿਸ ਨੇ ਸੋਸ਼ਲ ਮੀਡੀਆ ’ਤੇ ਉਸ ਦੀ ਫੋਟੋ ਸਾਂਝੀ ਕੀਤੀ ਹੈ ਅਤੇ ਉਸ ਨੂੰ ਲੱਭਣ ਲਈ ਜਨਤਾ ਤੋਂ ਮਦਦ ਮੰਗੀ ਹੈ। ਪੁਲਿਸ ਨੇ ਇਹ ਵੀ ਕਿਹਾ ਹੈ ਕਿ ਬਿਜਲ ਪਟੇਲ ਨੂੰ ਲੱਭਣ ਵਿਚ ਮਦਦ ਕਰਨ ਵਾਲੀ ਜਾਣਕਾਰੀ ਦੇਣ ਵਾਲੇ ਵਿਅਕਤੀ ਦੀ ਪਛਾਣ ਗੁਪਤ ਰੱਖੀ ਜਾਵੇਗੀ।

# ਟੈਕਸਾਸ ਦੇ ਗਵਰਨਰ ਵੱਲੋਂ ਸ਼ਰੀਆ ਕਾਨੂੰਨ ’ਤੇ ਪਾਬੰਦੀ ਲਾਉਣ ਦਾ ਐਲਾਨ

ਹਿਊਸਟਨ, (ਪੰਜਾਬ ਮੇਲ) - ਟੈਕਸਾਸ ਦੇ ਗਵਰਨਰ ਗ੍ਰੇਗ ਐਬੋਟ ਨੇ ਕਿਹਾ ਹੈ ਕਿ ਉਨ੍ਹਾਂ ਦੇ ਸੂਬੇ ਨੇ ਇਸਲਾਮੀ ਸ਼ਰੀਆ ਕਾਨੂੰਨ ਲਾਗੂ ਕਰਨ ’ਤੇ ਪਾਬੰਦੀ ਲਗਾ ਦਿੱਤੀ ਹੈ ਅਤੇ ਲੋਕਾਂ ਨੂੰ ਕਾਰੋਬਾਰਾਂ ਜਾਂ ਵਿਅਕਤੀਆਂ ’ਤੇ ‘ਸ਼ਰੀਆ ਪਾਲਣਾ’ ਥੋਪਣ ਦੀ ਕਿਸੇ ਵੀ ਕੋਸ਼ਿਸ਼ ਦੀ ਰਿਪੋਰਟ ਕਰਨ ਦੀ ਅਪੀਲ ਕੀਤੀ ਹੈ।




ਐਬੋਟ ਦੀ ਇਹ ਟਿੱਪਣੀ ਹਿਊਸਟਨ ਤੋਂ ਸੋਸ਼ਲ ਮੀਡੀਆ ’ਤੇ ਇਕ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਆਈ ਹੈ, ਜਿਸ ਵਿਚ ਇਕ ਮੌਲਵੀ ਨੂੰ ਲਾਊਡਸਪੀਕਰ ਰਾਹੀਂ ਦੁਕਾਨਦਾਰਾਂ ਨੂੰ ਸ਼ਰਾਬ, ਸੂਰ ਦਾ ਮਾਸ ਜਾਂ ਲਾਟਰੀ ਟਿਕਟਾਂ ਨਾ ਵੇਚਣ ਦੀ ਅਪੀਲ ਕਰਦੇ ਦੇਖਿਆ ਗਿਆ ਸੀ। ਐਬੋਟ ਨੇ ਮੰਗਲਵਾਰ ਨੂੰ ‘ਐਕਸ’ ’ਤੇ ਇਕ ਪੋਸਟ ’ਚ ਕਿਹਾ, ‘ਮੈਂ ਟੈਕਸਾਸ ਵਿਚ ਸ਼ਰੀਆ ਕਾਨੂੰਨ ਅਤੇ ਸ਼ਰੀਆ ਕਾਨੂੰਨੀ ਪ੍ਰਕਿਰਿਆ ’ਤੇ ਪਾਬੰਦੀ ਲਾਉਣ ਵਾਲੇ ਕਾਨੂੰਨ ’ਤੇ ਦਸਤਖਤ ਕੀਤੇ ਹਨ। ਕਿਸੇ ਵੀ ਉਦਯੋਗ ਅਤੇ ਕਿਸੇ ਵੀ ਵਿਅਕਤੀ ਨੂੰ ਅਜਿਹੇ ਮੂਰਖਾਂ ਤੋਂ ਡਰਨਾ ਨਹੀਂ ਚਾਹੀਦਾ।

Global Allianz
LAW FIRM LLP
ਕਾਨੂੰਨੀ ਸਲਾਹ
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ ’ਤੇ ਸੱਟ ਲਗਣਾ
Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਅਮਰੀਕਾ 'ਚ ਭਾਰਤੀ ਨਾਗਰਿਕ ਦਾ ਸਿਰ ਕਲਮ ਕਰਨ ਵਾਲੇ ਕੀਤਾ ਜਾਵੇਗਾ ਡਿਪੋਰਟ

**■ ਡੈਮੋਕ੍ਰੇਟ ਪ੍ਰਤੀਨਿਧੀ ਰੋ ਖੰਨਾ ਨੇ ਇਸ ਘਿਨਾਉਣੇ ਅਪਰਾਧ ਦੀ ਕੀਤੀ ਨਿੰਦਾ**

ਨਿਊਯਾਰਕ, (ਪੰਜਾਬ ਮੇਲ) - ਅਮਰੀਕੀ ਮੋਟਲ 'ਚ ਇਕ ਭਾਰਤੀ ਨਾਗਰਿਕ ਦਾ ਸਿਰ ਕਲਮ ਕਰਨ ਵਾਲੇ ਵਿਅਕਤੀ ਵਿਰੁੱਧ ਦੇਸ਼ ਨਿਕਾਲਾ ਦੇਣ ਦੀ ਕਾਰਵਾਈ ਸ਼ੁਰੂ ਹੋ ਗਈ ਹੈ। ਭਾਰਤੀ ਨਾਗਰਿਕ ਚੰਦਰ ਨਾਗਮਲੱਈਆ ਦੇ ਬੇਰਹਿਮੀ ਨਾਲ ਕਤਲ ਤੋਂ ਦੋ ਦਿਨ ਬਾਅਦ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਨੇ ਐਲਾਨ ਕੀਤਾ ਹੈ ਕਿ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਨੇ ਹਮਲਾਵਰ ਨੂੰ ਦੇਸ਼ 'ਚੋਂ ਕੱਢਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

ਹਮਲਾਵਰ ਕਿਊਬਾ ਦਾ ਰਹਿਣ ਵਾਲਾ ਦੱਸਿਆ ਜਾ ਰਿਹਾ ਹੈ ਅਤੇ ਉਸ ਕੋਲ ਦਸਤਾਵੇਜ਼ ਨਹੀਂ ਹਨ। ਇਕ ਬਿਆਨ ਵਿਚ ਏਜੰਸੀ ਨੇ ਕਥਿਤ ਕਾਤਲ ਦੇ ਅਪਰਾਧਿਕ ਪਿਛੋਕੜ 'ਤੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਯੋਰਡਾਨਿਸ ਕੋਬੋਸ-ਮਾਰਟੀਨੇਜ਼ (ਕਿਊਬਾ ਦਾ ਇਕ ਗੈਰ-ਕਾਨੂੰਨੀ ਪ੍ਰਵਾਸੀ) 'ਤੇ ਬੱਚਿਆਂ ਨਾਲ ਬਦਸਲੂਕੀ ਕਰਨ ਸਮੇਤ ਵਾਹਨ ਚੋਰੀ ਕਰਨ ਦੇ ਕੇਸ ਦਰਜ ਹਨ।

ਡੀ.ਐੱਚ.ਐੱਸ. ਸਹਾਇਕ ਸਕੱਤਰ ਟ੍ਰਿਸ਼ੀਆ ਮੈਕਲਾਘਲੀ ਨੇ ਸਾਬਕਾ ਬਾਇਡਨ ਪ੍ਰਸ਼ਾਸਨ 'ਤੇ ਇਕ ਬਿਨਾਂ ਦਸਤਾਵੇਜ਼ਾਂ ਵਾਲੇ ਪ੍ਰਵਾਸੀ ਨੂੰ ਦੇਸ਼ 'ਚ ਆਉਣ ਦੀ ਇਜਾਜ਼ਤ ਦੇਣ ਦਾ ਦੋਸ਼ ਲਾਇਆ ਹੈ।

ਉਨ੍ਹਾਂ ਕਿਹਾ ਕਿ, 'ਯੋਰਡਾਨਿਸ ਕੋਬੋਸ-ਮਾਰਟੀਨੇਜ਼ ਦੁਆਰਾ ਇਕ ਮੋਟਲ ਵਿਚ ਪੀੜਤ ਦਾ ਇਹ ਭਿਆਨਕ ਤਰੀਕੇ ਨਾਲ ਕੀਤਾ ਗਿਆ ਕਤਲ ਰੋਕਿਆ ਜਾ ਸਕਦਾ ਸੀ, ਜੇਕਰ ਇਸ ਅਪਰਾਧੀ ਗੈਰ-ਕਾਨੂੰਨੀ ਪ੍ਰਵਾਸੀ ਨੂੰ ਬਾਇਡਨ ਪ੍ਰਸ਼ਾਸਨ ਵੱਲੋਂ ਸਾਡੇ ਦੇਸ਼ 'ਚ ਰਿਹਾਅ ਨਾ ਕੀਤਾ ਜਾਂਦਾ।'

ਕੈਲੀਫੋਰਨੀਆ ਤੋਂ ਡੈਮੋਕ੍ਰੇਟ ਪ੍ਰਤੀਨਿਧੀ ਰੋ ਖੰਨਾ ਨੇ 'ਐਕਸ' 'ਤੇ ਲਿਖਿਆ, 'ਇਕ ਮਿਹਨਤੀ ਭਾਰਤੀ ਅਮਰੀਕੀ ਪ੍ਰਵਾਸੀ ਦਾ ਉਸ ਦੀ ਪਤਨੀ ਅਤੇ ਪੁੱਤਰ ਦੇ ਸਾਹਮਣੇ ਬੇਰਹਿਮੀ ਨਾਲ ਸਿਰ ਕਲਮ ਕਰਨਾ ਭਿਆਨਕ ਹੈ। ਕਾਤਲ ਨੂੰ ਪਹਿਲਾਂ ਵੀ ਹਿੰਸਾ, ਚੋਰੀ ਅਤੇ ਬੱਚਿਆਂ ਨੂੰ ਖਤਰੇ 'ਚ ਪਾਉਣ ਲਈ ਕਈ ਵਾਰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਕੋਲ ਕੋਈ ਦਸਤਾਵੇਜ਼ ਵੀ ਨਹੀਂ ਸੀ। ਉਸ ਨੂੰ ਅਮਰੀਕੀ ਸੜਕਾਂ 'ਤੇ ਖੁੱਲ੍ਹਾ ਘੁੰਮਣ ਨਹੀਂ ਦੇਣਾ ਚਾਹੀਦਾ ਸੀ।'

# ਡੈਲਸ ਹੱਤਿਆ ਮਾਮਲਾ: ਟਰੰਪ ਵੱਲੋਂ ਗੈਰ-ਕਾਨੂੰਨੀ ਅਪਰਾਧੀਆਂ ਖਿਲਾਫ਼ ਸਖਤ ਕਾਰਵਾਈ ਦਾ ਵਾਅਦਾ

**■ ਦੋਸ਼ੀ 'ਤੇ ਪਹਿਲੀ ਡਿਗਰੀ ਦੇ ਕਤਲ ਦਾ ਮੁਕੱਦਮਾ ਚੱਲੇਗਾ**

ਵਾਸ਼ਿੰਗਟਨ, (ਪੰਜਾਬ ਮੇਲ)- ਡੈਲਸ ਵਿਚ ਇੱਕ ਭਾਰਤੀ ਅਮਰੀਕੀ ਮੋਟਲ ਮੈਨੇਜਰ ਚੰਦਰ ਨਾਗਮੱਲਈਆ ਦੀ ਬੇਰਹਿਮ ਹੱਤਿਆ ਨੇ ਰਾਸ਼ਟਰੀ ਪੱਧਰ 'ਤੇ ਤਿੱਖੀ ਰਾਜਨੀਤਿਕ ਨਿੰਦਾ ਨੂੰ ਜਨਮ ਦਿੱਤਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੋਸ਼ੀ ਕਿਊਬਨ ਪ੍ਰਵਾਸੀ ਨੂੰ "ਕਾਨੂੰਨ ਦੀ ਪੂਰੀ ਹੱਦ ਤੱਕ" ਸਜ਼ਾ ਦੇਣ ਦਾ ਵਾਅਦਾ ਕੀਤਾ ਹੈ, ਜਦਕਿ ਰਾਸ਼ਟਰਪਤੀ ਜੋਅ ਬਾਇਡਨ ਦੀਆਂ ਇਮੀਗ੍ਰੇਸ਼ਨ ਨੀਤੀਆਂ ਦੇ ਵਿਰੋਧੀਆਂ ਨੇ ਇਸ ਮਾਮਲੇ ਨੂੰ ਨਾਕਾਮੀ ਦੀ ਸਪੱਸ਼ਟ ਉਦਾਹਰਨ ਕਿਹਾ ਹੈ।

ਨਾਗਮੱਲਈਆ ਦੀ ਉਸਦੀ ਪਤਨੀ ਅਤੇ ਪੁੱਤਰ ਦੇ ਸਾਹਮਣੇ ਹੱਤਿਆ ਕੀਤੀ ਗਈ। ਸ਼ੱਕੀ, ਜੋ ਕਿ ਬਿਨਾਂ ਕਾਨੂੰਨੀ ਦਰਜੇ ਦੇ ਸੰਯੁਕਤ ਰਾਜ ਵਿਚ ਰਹਿ ਰਿਹਾ ਸੀ, 'ਤੇ ਪਹਿਲਾਂ ਹੀ ਗੰਭੀਰ ਅਪਰਾਧਾਂ ਦੇ ਦੋਸ਼ ਲੱਗ ਚੁੱਕੇ ਸਨ, ਜਿਸ ਵਿਚ ਬਾਲ ਜਿਨਸੀ ਸ਼ੋਸ਼ਣ, ਚੋਰੀ ਅਤੇ ਅਗਵਾ ਕਰਨਾ ਸ਼ਾਮਲ ਹਨ। ਉਸਨੂੰ ਅਮਰੀਕਾ ਤੋਂ ਕੱਢਣ ਦੇ ਹੁਕਮ ਦਿੱਤੇ ਗਏ ਸਨ, ਪਰ ਕਿਊਬਾ ਨੇ ਉਸਨੂੰ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ।

ਟਰੰਪ ਨੇ ਐਤਵਾਰ ਰਾਤ ਇੱਕ ਪੋਸਟ ਵਿਚ ਕਿਹਾ, "ਮੈਂ ਚੰਦਰ ਨਾਗਮੱਲਈਆ ਦੇ ਕਤਲ ਬਾਰੇ ਡਰਾਉਣੀਆਂ ਖ਼ਬਰਾਂ ਤੋਂ ਜਾਣੂ ਹਾਂ। ਇਸ ਵਿਅਕਤੀ ਨੂੰ ਪਹਿਲਾਂ ਹੀ ਭਿਆਨਕ ਅਪਰਾਧਾਂ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ... ਪਰ ਅਯੋਗ ਬਾਇਡਨ ਦੇ ਅਧੀਨ ਉਸਨੂੰ ਮੁੜ ਸਾਡੇ ਦੇਸ਼ ਵਿਚ ਛੱਡ ਦਿੱਤਾ ਗਿਆ ਕਿਉਂਕਿ ਕਿਊਬਾ ਉਸਨੂੰ ਵਾਪਸ ਨਹੀਂ ਲੈਣਾ ਚਾਹੁੰਦਾ ਸੀ। ਯਕੀਨ ਰੱਖੋ, ਮੇਰੇ ਸਮੇਂ ਗੈਰ-ਕਾਨੂੰਨੀ ਅਪਰਾਧੀਆਂ ਲਈ ਨਰਮੀ ਖ਼ਤਮ ਹੋ ਚੁੱਕੀ ਹੈ।" ਰਾਸ਼ਟਰਪਤੀ ਨੇ ਕਿਹਾ ਕਿ ਦੋਸ਼ੀ, ਜੋ ਇਸ ਵੇਲੇ ਹਿਰਾਸਤ ਵਿਚ ਹੈ, ਉਸ 'ਤੇ ਪਹਿਲੀ ਡਿਗਰੀ ਦੇ ਕਤਲ ਦਾ ਮੁਕੱਦਮਾ ਚੱਲੇਗਾ। ਉਸਨੇ ਆਪਣੇ ਪ੍ਰਸ਼ਾਸਨ ਦੇ ਅਧਿਕਾਰੀਆਂ, ਹੋਮਲੈਂਡ ਸੁਰੱਖਿਆ ਸਕੱਤਰ ਕ੍ਰਿਸਟੀ ਨੋਏਮ, ਅਟਾਰਨੀ ਜਨਰਲ ਪੈਮ ਬੋਂਡੀ ਅਤੇ ਬਾਰਡਰ ਜ਼ਾਰ ਟੌਮ ਹੋਮਨ ਦੀ ਸ਼ਲਾਘਾ ਕੀਤੀ ਕਿ ਉਹ "ਅਮਰੀਕਾ ਨੂੰ ਦੁਬਾਰਾ ਸੁਰੱਖਿਅਤ ਬਣਾਉਣ ਲਈ ਸ਼ਾਨਦਾਰ ਕੰਮ ਕਰ ਰਹੇ ਹਨ।"

# ਅਮਰੀਕਾ 'ਚ ਡਾਕਟਰਾਂ ਅਤੇ ਨਰਸਾਂ ਦੀ ਘਾਟ ਨੂੰ ਪੂਰਾ ਕਰਨ ਲਈ ਇੱਕ ਨਵਾਂ ਬਿੱਲ ਪੇਸ਼

**■ ਬਿੱਲ ਨੂੰ ਅਮਰੀਕਨ ਮੈਡੀਕਲ ਐਸੋਸੀਏਸ਼ਨ ਅਤੇ ਅਮਰੀਕਨ ਹਸਪਤਾਲ ਐਸੋਸੀਏਸ਼ਨ ਵਰਗੇ ਵੱਡੇ ਸੰਗਠਨਾਂ ਦਾ ਮਿਲਿਆ ਸਮਰਥਨ**

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਡਾਕਟਰਾਂ ਅਤੇ ਨਰਸਾਂ ਦੀ ਭਾਰੀ ਘਾਟ ਨੂੰ ਦੇਖਦੇ ਹੋਏ, ਕਾਨੂੰਨਘਾੜਿਆਂ ਨੇ ਇੱਕ ਦੋ-ਪੱਖੀ ਬਿੱਲ ਪੇਸ਼ ਕੀਤਾ ਹੈ। ਇਸ ਬਿੱਲ ਦੇ ਤਹਿਤ, ਹਜ਼ਾਰਾਂ ਅਣਵਰਤੇ ਵੀਜ਼ਿਆਂ ਦੀ ਮੁੜ ਵਰਤੋਂ ਕੀਤੀ ਜਾਵੇਗੀ, ਜੋ ਪਹਿਲਾਂ ਮਨਜ਼ੂਰ ਕੀਤੇ ਗਏ ਸਨ ਪਰ ਕਦੇ ਵਰਤੇ ਨਹੀਂ ਗਏ ਸਨ।

ਹੈਲਥਕੇਅਰ ਵਰਕਫੋਰਸ ਰੈਜ਼ੀਲੈਂਸ ਐਕਟ ਦੇ ਤਹਿਤ, 25,000 ਨਰਸਾਂ ਅਤੇ 15,000 ਡਾਕਟਰਾਂ ਲਈ ਵੀਜ਼ਾ ਜਾਰੀ ਕੀਤੇ ਜਾਣਗੇ। ਇਹ ਕਦਮ ਖਾਸ ਕਰਕੇ ਪੇਂਡੂ ਅਤੇ ਪਛੜੇ ਖੇਤਰਾਂ ਵਿਚ ਸਟਾਫ ਦੀ ਘਾਟ ਨੂੰ ਪੂਰਾ ਕਰਨ ਵਿਚ ਮਦਦ ਕਰੇਗਾ।

ਕਾਂਗਰਸਮੈਨ ਡਿਕ ਡਰਬਿਨ ਨੇ ਕਿਹਾ ਕਿ ਪ੍ਰਵਾਸੀ ਡਾਕਟਰ ਅਤੇ ਨਰਸਾਂ ਹਮੇਸ਼ਾ ਅਮਰੀਕੀ ਸਿਹਤ ਪ੍ਰਣਾਲੀ ਦਾ ਇੱਕ ਮਹੱਤਵਪੂਰਨ ਹਿੱਸਾ ਰਹੇ ਹਨ ਅਤੇ ਕੋਵਿਡ ਮਹਾਂਮਾਰੀ ਵਿਚ ਉਨ੍ਹਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੀ ਹੈ। ਪਰ ਇਨ੍ਹਾਂ ਵਿਚੋਂ ਬਹੁਤ ਸਾਰੇ ਪੇਸ਼ੇਵਰ ਗ੍ਰੀਨ ਕਾਰਡਾਂ ਲਈ ਲੰਬੀਆਂ ਕਤਾਰਾਂ ਵਿਚ ਫਸੇ ਹੋਏ ਹਨ।

ਰਿਪਬਲਿਕਨ ਕਾਨੂੰਨਘਾੜੇ ਕੇਵਿਨ ਕਰੈਮਰ ਨੇ ਇਸਨੂੰ "ਮੈਰਿਟ-ਆਧਾਰਿਤ ਇਮੀਗ੍ਰੇਸ਼ਨ" ਵੱਲ ਇੱਕ ਜ਼ਰੂਰੀ ਕਦਮ ਕਿਹਾ। ਕਾਨੂੰਨਘਾੜੇ ਬ੍ਰੈਡ ਸ਼ਨਾਈਡਰ ਨੇ ਕਿਹਾ ਕਿ ਇਹ ਬਿੱਲ ਹਸਪਤਾਲਾਂ ਨੂੰ ਬਿਹਤਰ ਸਿਹਤ ਸੰਭਾਲ ਪ੍ਰਦਾਨ ਕਰਨ ਵਿਚ ਮਦਦ ਕਰੇਗਾ।

ਇਸ ਬਿੱਲ ਨੂੰ ਅਮਰੀਕਨ ਮੈਡੀਕਲ ਐਸੋਸੀਏਸ਼ਨ (ਏ.ਐੱਮ.ਏ.) ਅਤੇ ਅਮਰੀਕਨ ਹਸਪਤਾਲ ਐਸੋਸੀਏਸ਼ਨ ਵਰਗੇ ਵੱਡੇ ਸੰਗਠਨਾਂ ਦਾ ਸਮਰਥਨ ਮਿਲਿਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਸਾਲਾਂ ਵਿਚ ਅਮਰੀਕਾ ਨੂੰ 1.24 ਲੱਖ ਡਾਕਟਰਾਂ ਅਤੇ 6 ਲੱਖ ਤੋਂ ਵੱਧ ਨਰਸਾਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਜੇਕਰ ਇਹ ਕਾਨੂੰਨ ਪਾਸ ਹੋ ਜਾਂਦਾ ਹੈ, ਤਾਂ ਚੁਣੇ ਹੋਏ ਡਾਕਟਰ ਅਤੇ ਨਰਸਾਂ ਆਪਣੇ ਪਰਿਵਾਰਾਂ ਨਾਲ ਅਮਰੀਕਾ ਆ ਸਕਣਗੇ, ਪਰ ਉਨ੍ਹਾਂ ਨੂੰ ਲਾਇਸੈਂਸ, ਪਿਛੋਕੜ ਅਤੇ ਫੀਸ ਨਾਲ ਸਬੰਧਤ ਸਾਰੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ।


Jaspreet Singh
Attorney at Law



ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ
ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

Designed By Punjab Mail USA

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

# ਰੂਸੀ ਤੇਲ ਖਰੀਦਣ ਲਈ ਭਾਰਤ ’ਤੇ ਟੈਰਿਫ ਲਾਉਣਾ ਕੋਈ ਸੌਖਾ ਕੰਮ ਨਹੀਂ : ਟਰੰਪ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਰੂਸੀ ਤੇਲ ਖਰੀਦਣ ਲਈ ਭਾਰਤ ’ਤੇ ਟੈਰਿਫ ਲਾਉਣਾ ਕੋਈ ਸੌਖਾ ਕੰਮ ਨਹੀਂ ਹੈ ਅਤੇ ਇਸ ਨਾਲ ਭਾਰਤ ਨਾਲ ਮੱਤਭੇਦ ਪੈਦਾ ਹੁੰਦੇ ਹਨ। ਜਦੋਂ ਟਰੰਪ ਨੂੰ ਇਕ ਇੰਟਰਵਿਊ ਵਿਚ ਪੁੱਛਿਆ ਗਿਆ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ’ਤੇ ਸ਼ਿਕੰਜਾ ਕੱਸਣ ਦਾ ਕੀ ਮਤਲਬ ਹੈ ਤਾਂ ਉਨ੍ਹਾਂ ਕਿਹਾ ਕਿ ਦੇਖੋ ਭਾਰਤ ਉਨ੍ਹਾਂ ਦਾ ਸਭ ਤੋਂ ਵੱਡਾ ਗਾਹਕ ਸੀ। ਮੈਂ ਭਾਰਤ ’ਤੇ 50 ਫੀਸਦੀ ਟੈਰਿਫ ਲਾਇਆ ਕਿਉਂਕਿ ਉਹ ਰੂਸ ਤੋਂ ਤੇਲ ਖਰੀਦ ਰਿਹਾ ਹੈ। ਇਹ ਕੋਈ ਆਸਾਨ ਕੰਮ ਨਹੀਂ ਹੈ। ਇਹ ਇਕ ਵੱਡਾ ਸੌਦਾ ਹੈ ਅਤੇ ਇਹ ਭਾਰਤ ਨਾਲ ਮਤਭੇਦ ਪੈਦਾ ਕਰਦਾ ਹੈ ਪਰ ਮੈਂ ਇਹ ਪਹਿਲਾਂ ਹੀ ਕਰ ਚੁੱਕਾ ਹਾਂ। ਮੈਂ ਬਹੁਤ ਕੁਝ ਕੀਤਾ ਹੈ।

ਟਰੰਪ ਨੇ ਕਿਹਾ ਕਿ ਯਾਦ ਰੱਖੋ ਕਿ ਇਹ ਸਾਡੀ ਸਮੱਸਿਆ ਤੋਂ ਕਿਤੇ ਵੱਧ ਯੂਰਪ ਦੀ ਸਮੱਸਿਆ ਹੈ। ਟਰੰਪ ਨੇ ਆਪਣੇ ਦਾਅਵੇ ਨੂੰ ਵੀ ਦੁਹਰਾਇਆ ਕਿ ਉਨ੍ਹਾਂ ਨੇ ਰਾਸ਼ਟਰਪਤੀ ਵਜੋਂ ਆਪਣੇ ਦੂਜੇ ਕਾਰਜਕਾਲ ਵਿਚ ਹੁਣ ਤੱਕ 7 ਵਿਵਾਦਾਂ ਨੂੰ ਹੱਲ ਕੀਤਾ ਹੈ। ਉਨ੍ਹਾਂ ਕਿਹਾ ਕਿ ਮੈਂ 7 ਯੁੱਧਾਂ ਦਾ ਹੱਲ ਕੀਤਾ। ਮੈਂ ਪਾਕਿਸਤਾਨ ਅਤੇ ਭਾਰਤ ਵਿਚਕਾਰ ਕਈ ਯੁੱਧਾਂ ਦਾ ਹੱਲ ਕੀਤਾ ਪਰ ਵੱਡੇ ਯੁੱਧਾਂ ਦਾ ਵੀ, ਜਿਨ੍ਹਾਂ ਵਿਚੋਂ ਕੁਝ ਅਣਸੁਲਝੇ ਸਨ, ਜਿਵੇਂ ਕਿ ਕਾਂਗੋ ਅਤੇ ਰਵਾਂਡਾ। ਮੈਂ ਉਨ੍ਹਾਂ ਨੂੰ ਹੱਲ ਕੀਤਾ। ਇਹ 31 ਸਾਲਾਂ ਤੋਂ ਚੱਲ ਰਿਹਾ ਸੀ ਤੇ ਲੱਖਾਂ ਲੋਕ ਮਾਰੇ ਗਏ।

# ਅਮਰੀਕੀ ਸੁਪਰੀਮ ਕੋਰਟ ਵੱਲੋਂ ਟਰੰਪ ਪ੍ਰਸ਼ਾਸਨ ਲਈ ਇਮੀਗ੍ਰੇਸ਼ਨ ਕਾਰਵਾਈਆਂ ਕਰਨ ਦਾ ਰਸਤਾ ਸਾਫ਼

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀ ਸੁਪਰੀਮ ਕੋਰਟ ਨੇ ਇਕ ਅਹਿਮ ਫ਼ੈਸਲੇ ਨਾਲ ਫੈਡਰਲ ਏਜੰਟਾਂ ਲਈ ਲਾਸ ਏਂਜਲਸ ’ਚ ਇਮੀਗ੍ਰੇਸ਼ਨ ਕਾਰਵਾਈਆਂ ਕਰਨ ਦਾ ਰਸਤਾ ਸਾਫ਼ ਕਰ ਦਿੱਤਾ ਤੇ ਇਸ ਨੂੰ ਟਰੰਪ ਦੀ ਇਕ ਵੱਡੀ ਜਿੱਤ ਮੰਨਿਆ ਜਾ ਰਿਹਾ ਹੈ। ਇਸ ਹੁਕਮ ਨੇ ਹੇਠਲੀ ਅਦਾਲਤ ਦੇ ਇਕ ਉਸ ਫੈਸਲੇ ਨੂੰ ਰੋਕ ਦਿੱਤਾ, ਜਿਸ ਵਿਚ ਕਿਹਾ ਗਿਆ ਸੀ ਕਿ ਇਮੀਗ੍ਰੇਸ਼ਨ ਏਜੰਟ ਨਸਲ, ਭਾਸ਼ਾ, ਨੌਕਰੀ ਜਾਂ ਥਾਵਾਂ ਦੇ ਆਧਾਰ ’ਤੇ ਕਿਸੇ ਨੂੰ ਨਹੀਂ ਰੋਕ ਸਕਦੇ। ਅਦਾਲਤ ਨੇ ਬਹੁਗਿਣਤੀ ਜੱਜਾਂ ਦੇ 6-3 ਦੇ ਫ਼ੈਸਲੇ ਨੇ ਘੱਟੋ-ਘੱਟ ਅਸਥਾਈ ਤੌਰ ’ਤੇ ਰਿਪਬਲਿਕਨ ਪ੍ਰਸ਼ਾਸਨ ਦੀਆਂ ਕੁਝ ਸਖ਼ਤ ਨੀਤੀਆਂ ਨੂੰ ਇਜਾਜ਼ਤ ਦੇਣ ਦੇ ਇਕ ਪੈਟਰਨ ਦੀ ਪਾਲਣਾ ਕੀਤੀ ਪਰ ਇਸ ਕੇਸ ’ਚ ਕਾਨੂੰਨੀ ਚਾਰਾਜੋਈ ਪੂਰੀ ਤਰ੍ਹਾਂ ਚੱਲਣ ਤੋਂ ਬਾਅਦ ਇਕ ਵੱਖਰੇ ਨਤੀਜੇ ਦੀ ਸੰਭਾਵਨਾ ਲਈ ਰਾਹ ਜ਼ਰੂਰ ਛੱਡ ਦਿੱਤਾ ਹੈ। ਬਹੁਗਿਣਤੀ ਨੇ ਆਪਣੇ ਤਰਕ ਦੀ ਵਿਆਖਿਆ ਨਹੀਂ ਕੀਤੀ, ਜਿਵੇਂ ਕਿ ਅਦਾਲਤ ਦੇ ਐਮਰਜੈਂਸੀ ਡਕਟ ’ਤੇ ਆਮ ਹੈ ਪਰ ਜਸਟਿਸ ਬ੍ਰੇਟ ਕੈਵਾਨੌ ਨੇ ਕਿਹਾ ਕਿ ਹੇਠਲੀ ਅਦਾਲਤ ਦੇ ਜੱਜ ਨੇ ਇਮੀਗ੍ਰੇਸ਼ਨ ਤੇ ਕਸਟਮਜ਼ ਇਨਫੋਰਸਮੈਂਟ ਏਜੰਟ ਪੁੱਛਗਿੱਛ ਦੇ ਤਰੀਕੇ ਨੂੰ ਸੀਮਤ ਕਰਨ ’ਚ ਬਹੁਤ ਜ਼ਿਆਦਾ ਕੰਮ ਕੀਤਾ ਹੈ ਤੇ ਅਜਿਹੇ ਹਾਲਾਤ ਪ੍ਰਸ਼ਾਸ਼ਨ ਕਾਨੂੰਨੀ ਇਮੀਗ੍ਰੇਸ਼ਨ ਲਾਗੂ ਕਰਨ ਦੇ ਯਤਨਾਂ ਨੂੰ ਠੰਢਾ ਕਰ ਦੇਣਗੇ। ਸੁਪਰੀਮ ਕੋਰਟ ਦਾ ਇਹ ਫੈਸਲਾ ਉਦੋਂ ਆਇਆ ਹੈ, ਜਦੋਂ ਆਈਸ ਏਜੰਟ ਵਾਸ਼ਿੰਗਟਨ ’ਚ ਟਰੰਪ ਦੇ ਬੇਮਿਸਾਲ ਫੈਡਰਲ ਕਬਜ਼ੇ ਦੇ ਹਿੱਸੇ ਵਜੋਂ ਰਾਜਧਾਨੀ ਸ਼ਹਿਰ ਦੇ ਕਾਨੂੰਨ ਲਾਗੂ ਕਰਨ ਅਤੇ ਨੈਸ਼ਨਲ ਗਾਰਡ ਦੀ ਤਾਇਨਾਤੀ ਦੇ ਹਿੱਸੇ ਵਜੋਂ ਲਾਗੂ ਕਰਨ ਨੂੰ ਅੱਗੇ ਵਧਾ ਰਹੇ ਹਨ।

# ਭਾਰਤ ’ਤੇ ਟੈਰਿਫ਼ ਲਗਾਉਣ ਮਗਰੋਂ ਅਮਰੀਕਾ ’ਚ ਅਸਮਾਨ ਨੂੰ ਛੂੰਹਦੀ ਜਾ ਰਹੀ ਹੈ ਮਹਿੰਗਾਈ

**ਵਾਸ਼ਿੰਗਟਨ, (ਪੰਜਾਬ ਮੇਲ)-** ਭਾਰਤ ’ਤੇ ਭਾਰੀ ਟੈਰਿਫ਼ ਲਗਾਉਣ ਮਗਰੋਂ ਅਮਰੀਕਾ ’ਚ ਵੀ ਮਹਿੰਗਾਈ ਅਸਮਾਨ ਨੂੰ ਛੂੰਹਦੀ ਜਾ ਰਹੀ ਹੈ, ਜਿੱਥੇ ਆਮ ਲੋਕਾਂ ਦੀ ਜੇਬ ’ਤੇ ਬੋਝ ਲਗਾਤਾਰ ਵਧਦਾ ਜਾ ਰਿਹਾ ਹੈ। ਸਰਕਾਰ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਮਹਿੰਗਾਈ ਕਾਬੂ ’ਚ ਨਹੀਂ ਆ ਰਹੀ, ਜਿਸ ਕਾਰਨ ਰੋਜ਼ਾਨਾ ਵਰਤੋਂ ’ਚ ਆਉਣ ਵਾਲੀਆਂ ਵਸਤੂਆਂ ਦੀਆਂ ਕੀਮਤਾਂ ਵੀ ਵਧਦੀਆਂ ਜਾ ਰਹੀਆਂ ਹਨ। ਅਗਸਤ 2025 ’ਚ ਵੀ ਮਹਿੰਗਾਈ ਦਰ ਨੇ ਵੱਡੀ ਛਾਲ ਮਾਰੀ ਹੈ, ਜਿਸ ਮਗਰੋਂ ਦੁੱਧ, ਆਂਡੇ, ਆਲੂ ਤੇ ਬਰੈੱਡ ਵਰਗੀਆਂ ਘਰੇਲੂ ਵਰਤੋਂ ਦੀਆਂ ਚੀਜ਼ਾਂ ਸਭ ਤੋਂ ਵੱਧ ਪ੍ਰਭਾਵਿਤ ਹੋਈਆਂ ਹਨ। ਜੁਲਾਈ ’ਚ ਅਮਰੀਕਾ ਦੀ ਮਹਿੰਗਾਈ ਦਰ 2.7 ਫ਼ੀਸਦੀ ਸੀ, ਜੋ ਕਿ ਅਗਸਤ ’ਚ ਵਧ ਕੇ 2.9 ਫ਼ੀਸਦੀ ਹੋ ਗਈ ਹੈ।

ਇਸ ਸਮੇਂ ਅਮਰੀਕਾ ’ਚ ਅੰਡੇ ਦੀ ਦਰਜਨ 12 ਫ਼ੀਸਦੀ ਵਾਧੇ ਦੇ ਨਾਲ ਭਾਰਤੀ ਰੁਪਏ ਮੁਤਾਬਕ 300 ਰੁਪਏ ਦੀ ਮਿਲ ਰਹੀ ਹੈ, ਜਦਕਿ ਚਿਕਨ ਵੀ 4.4 ਫ਼ੀਸਦੀ ਦੇ ਵਾਧੇ ਨਾਲ 175 ਰੁਪਏ ਪ੍ਰਤੀ ਪੌਂਡ ਮਿਲ ਰਿਹਾ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ’ਚ ਵਧਦੀ ਜਾ ਰਹੀ ਮਹਿੰਗਾਈ ਲੋਕਾਂ ਦਾ ਲੱਕ ਤੋੜ ਰਹੀ ਹੈ। ਚੀਜ਼ਾਂ ਦੀਆਂ ਕੀਮਤਾਂ ਤਾਂ ਅਸਮਾਨ ਨੂੰ ਛੂਹ ਰਹੀਆਂ ਹਨ ਪਰ ਕਮਾਈ ’ਚ ਕੋਈ ਵਾਧਾ ਨਹੀਂ ਹੋ ਰਿਹਾ।

# ਕੈਲੀਫੋਰਨੀਆ ਐਸੈਂਬਲੀ ’ਚ ਐੱਸ.ਬੀ. 509 ਬਿੱਲ ਪਾਸ

**■ ਵਿਦੇਸ਼ੀ ਤਾਕਤਾਂ ਨੂੰ ਪਾਈ ਜਾ ਸਕੇਗੀ ਨੱਥ**

**ਸੈਕਰਾਮੈਂਟੋ, (ਪੰਜਾਬ ਮੇਲ)-** ਕੈਲੀਫੋਰਨੀਆ ਐਸੈਂਬਲੀ ਨੇ ਐੱਸ.ਬੀ. 509 ਬਿੱਲ ਸਹਿਮਤੀ ਨਾਲ ਪਾਸ ਕਰ ਲਿਆ ਹੈ। ਇਹ ਬਿੱਲ ਸੂਬੇ ਦੀਆਂ ਏਜੰਸੀਆਂ ਅਤੇ ਪੁਲਿਸ ਨੂੰ ਵਿਦੇਸ਼ੀ ਸਰਕਾਰਾਂ ਵੱਲੋਂ ਕੀਤੇ ਜਾਣ ਵਾਲੇ ਡਰਾਉਣ-ਧਮਕਾਉਣ ਅਤੇ ਨਿਗਰਾਨੀ ਹਮਲਿਆਂ ਨੂੰ ਸਮਝਣ ਤੇ ਰੋਕਣ ਲਈ ਟ੍ਰੇਨਿੰਗ ਦੇਣ ਦਾ ਪ੍ਰਬੰਧ ਕਰਦਾ ਹੈ। 1 ਜਨਵਰੀ 2027 ਤੱਕ ਕੈਲੀਫੋਰਨੀਆ ਆਫਿਸ ਆਫ ਐਮਰਜੈਂਸੀ ਸਰਵਿਸਜ਼ ਵੱਲੋਂ ਖ਼ਾਸ ਟ੍ਰੇਨਿੰਗ ਪ੍ਰੋਗ੍ਰਾਮ ਤਿਆਰ ਕੀਤਾ ਜਾਵੇਗਾ। ਹੁਣ ਇਹ ਬਿੱਲ ਗਵਰਨਰ ਗੈਵਿਨ ਨਿਊਸਮ ਦੇ ਦਸਤਖ਼ਤ ਲਈ ਭੇਜਿਆ ਗਿਆ ਹੈ।

ਕੈਲੀਫੋਰਨੀਆ ਅਸੈਂਬਲੀ ਵੱਲੋਂ ਪਾਸ ਕੀਤੇ ਐੱਸ.ਬੀ. 509 ਬਿੱਲ ਦਾ ਮਕਸਦ ਵਿਦੇਸ਼ੀ ਦਖ਼ਲਅੰਦਾਜ਼ੀ ਵਰਗੀ ਗੰਭੀਰ ਸਮੱਸਿਆ ਨਾਲ ਨਜਿੱਠਣਾ ਹੈ। ਇਹ ਬਿੱਲ ਸੂਬੇ ਦੀ ਸੈਨੇਟ ਵਿਚ ਪਹਿਲਾਂ ਹੀ ਪਾਸ ਹੋ ਚੁੱਕਾ ਸੀ ਅਤੇ ਹੁਣ ਅਸੈਂਬਲੀ ਤੋਂ ਵੀ ਇਸ ਨੂੰ ਹਰੀ ਝੰਡੀ ਮਿਲ ਗਈ ਹੈ।

ਇਹ ਬਿੱਲ ਸੂਬਾ ਸੈਨੇਟਰ ਐਨਾ ਕੈਬਾਯੇਰੋ ਵੱਲੋਂ ਤਿਆਰ ਕੀਤਾ ਗਿਆ ਸੀ। ਕੈਲੀਫੋਰਨੀਆ ਅਸੈਂਬਲੀ ਦੀ ਪਹਿਲੀ ਸਿੱਖ ਮੈਂਬਰ ਜਸਮੀਤ ਕੌਰ ਬੈਂਸ ਨੇ ਬਿੱਲ ਪਾਸ ਹੋਣ ਮਗਰੋਂ ਕਿਹਾ ਕਿ ਇਸ ਤਰ੍ਹਾਂ ਦਾ ਕਾਨੂੰਨ ਸਿਰਫ ਕੈਲੀਫੋਰਨੀਆ ਹੀ ਨਹੀਂ, ਸਗੋਂ ਅਮਰੀਕਾ ਦੀ ਕਾਂਗਰਸ ਵਿਚ ਵੀ ਪਾਸ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਨਾਲ ਲੋਕਾਂ ਦੀ ਬੋਲਣ ਦੀ ਆਜ਼ਾਦੀ ਨੂੰ ਵਿਦੇਸ਼ੀ ਤਾਕਤਾਂ ਵੱਲੋਂ ਦਬਾਉਣ ਦੀਆਂ ਕੋਸ਼ਿਸ਼ਾਂ ਰੋਕੀਆਂ ਜਾ ਸਕਦੀਆਂ ਹਨ।

ਸੈਨੇਟਰ ਕੈਬਾਯੇਰੋ ਨੇ ਇਸ ਮਾਮਲੇ ਵੱਲ ਕਈ ਵਾਰ ਧਿਆਨ ਦਿਵਾਇਆ ਕਿ ਜ਼ੁਲਮ ਤੋਂ ਬਚ ਕੇ ਅਮਰੀਕਾ ਆਏ ਪ੍ਰਵਾਸੀਆਂ ’ਤੇ ਕੁਝ ਵਿਦੇਸ਼ੀ ਤਾਕਤਾਂ ਵੱਲੋਂ ਹਿੰਸਾ ਦੀ ਵਰਤੋਂ ਕੀਤੀ ਜਾਂਦੀ ਹੈ। ਪਰ ਪ੍ਰਭਾਵਸ਼ਾਲੀ ਕਾਨੂੰਨ ਨਾ ਹੋਣ ਕਰਕੇ ਇਸ ਸਮੱਸਿਆ ਨਾਲ ਨਜਿੱਠਣ ਵਿਚ ਮੁਸ਼ਕਲਾਂ ਆ ਰਹੀਆਂ ਸਨ। ਉਨ੍ਹਾਂ ਮੁਤਾਬਕ, ਇਹ ਖਤਰੇ ਮਨੁੱਖੀ ਹੱਕਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੇ ਹਨ।

ਹੁਣ ਬਿੱਲ ਪਾਸ ਹੋਣ ਤੋਂ ਬਾਅਦ ਕੈਲੀਫੋਰਨੀਆ ਦੇ ਪੁਲਿਸ ਵਿਭਾਗ ਨੂੰ ਅਧਿਕਾਰ ਮਿਲ ਗਏ ਹਨ ਕਿ ਉਹ ਇਸ ਤਰ੍ਹਾਂ ਦੇ ਖਤਰਿਆਂ ਬਾਰੇ ਜਾਣਕਾਰੀ ਇਕੱਤਰ ਕਰਕੇ ਫੈਡਰਲ ਏਜੰਸੀਆਂ ਨਾਲ ਸਾਂਝੀ ਕਰ ਸਕਣ। ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ ਸਮੇਤ ਕਈ ਸੰਗਠਨਾਂ ਵੱਲੋਂ ਇਸ ਬਿੱਲ ਦੀ ਖੁੱਲ੍ਹ ਕੇ ਹਮਾਇਤ ਕੀਤੀ ਗਈ ਹੈ।





EXPO
Furniture Gallery
We offer 0% interest financing and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
SPECIAL SALE
Best price guaranteed.
Designed By Punjab Mail USA
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਕਿਸਾਨਾਂ ਨੂੰ ਖੇਤ ਵਾਹੀਯੋਗ ਬਣਾਉਣ ਲਈ 8 ਲੱਖ ਲੀਟਰ ਡੀਜ਼ਲ ਦੇਵੇਗੀ ਸ਼੍ਰੋਮਣੀ ਕਮੇਟੀ : ਐਡਵੋਕੇਟ ਧਾਮੀ



**ਅੰਮ੍ਰਿਤਸਰ, (ਪੰਜਾਬ ਮੇਲ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਮੁੱਢਲੇ ਤੌਰ 'ਤੇ 20 ਕਰੋੜ ਰੁਪਏ ਰਾਖਵੇਂ ਰੱਖਣ ਦਾ ਫੈਸਲਾ ਕਰਦਿਆਂ ਪ੍ਰਭਾਵਿਤ ਲੋਕਾਂ ਵਾਸਤੇ ਵੱਖ-ਵੱਖ ਖੇਤਰਾਂ ਲਈ ਵੱਡੇ ਫੈਸਲੇ ਕੀਤੇ ਗਏ। ਇਕੱਤਰਤਾ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਜਾਬ ਅੰਦਰ ਹੜ੍ਹਾਂ ਕਾਰਨ ਲੋਕਾਂ ਦਾ ਵੱਡਾ ਨੁਕਸਾਨ ਹੋਇਆ ਹੈ। ਇਸ ਨਾਲ ਜਿਥੇ ਕਿਸਾਨਾਂ ਦੀਆਂ ਫਸਲਾਂ ਬਰਬਾਦ ਹੋਈਆਂ ਹਨ, ਉਥੇ ਹੀ ਜ਼ਮੀਨਾਂ ਵਿਚ ਆਈ ਰੇਤ ਨੇ ਵੀ ਕਿਸਾਨਾਂ ਲਈ ਵੱਡੀ ਮੁਸੀਬਤ ਖੜ੍ਹੀ ਕੀਤੀ ਹੈ। ਪ੍ਰਭਾਵਿਤ ਪਿੰਡਾਂ ਦੇ ਗੁਰੂ-ਘਰਾਂ ਦਾ ਵੀ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਹੜ੍ਹ ਆਉਣ ਦੇ ਦਿਨਾਂ ਤੋਂ ਲੈ ਕੇ ਪ੍ਰਭਾਵਿਤ ਇਲਾਕਿਆਂ ਵਿਚ ਨਿਰੰਤਰ ਕਾਰਜਸ਼ੀਲ ਰਹੀ ਹੈ ਅਤੇ ਇਕੱਤਰਤਾ ਵਿਚ ਹੜ੍ਹ ਪ੍ਰਭਾਵਿਤ ਇਲਾਕਿਆਂ ਸਬੰਧੀ ਵਿਚਾਰ ਚਰਚਾ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਮੁੱਢਲੇ ਤੌਰ 'ਤੇ 20 ਕਰੋੜ ਰੁਪਏ ਰਾਖਵੇਂ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਤੋਂ ਪ੍ਰਭਾਵਿਤ ਕਿਸਾਨਾਂ ਲਈ ਸਭ ਤੋਂ ਵੱਡੀ ਸਮੱਸਿਆ ਖੇਤਾਂ ਨੂੰ ਪੱਧਰਾ ਕਰਕੇ ਬਿਜਾਈ ਯੋਗ ਬਣਾਉਣਾ ਹੈ, ਜਿਸ ਵਾਸਤੇ ਸ਼੍ਰੋਮਣੀ ਕਮੇਟੀ 8 ਲੱਖ ਲੀਟਰ ਡੀਜ਼ਲ ਲੋੜਵੰਦਾਂ ਨੂੰ ਦੇਵੇਗੀ। ਇਸ ਦੇ ਨਾਲ ਹੀ 10 ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਨੂੰ ਚੰਗੀ ਕੁਆਲਟੀ ਦਾ ਕਣਕ ਦਾ ਬੀਜ ਵੀ ਦਿੱਤਾ ਜਾਵੇਗਾ।

ਐਡਵੋਕੇਟ ਧਾਮੀ ਨੇ ਕਿਹਾ ਕਿ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਗੁਰਦੁਆਰਾ ਸਾਹਿਬਾਨ ਨੂੰ ਵੀ 50-50 ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਜਿਨ੍ਹਾਂ ਬੱਚਿਆਂ ਦੀਆਂ ਕਿਤਾਬਾਂ ਖਰਾਬ ਹੋਈਆਂ ਹਨ, ਉਨ੍ਹਾਂ ਜ਼ਰੂਰਤਮੰਦ ਬੱਚਿਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਮੁਫ਼ਤ ਕਿਤਾਬਾਂ ਦਿੱਤੀਆਂ ਜਾਣਗੀਆਂ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਤੋਂ ਮੈਡੀਕਲ ਟੀਮਾਂ ਲੋਕਾਂ ਦੀ ਸਹਾਇਤਾ ਕਰ ਰਹੀਆਂ ਹਨ, ਹੁਣ ਪਾਣੀ ਉਤਰਨ ਤੋਂ ਬਾਅਦ ਵਧ ਰਹੀਆਂ ਸਮੱਸਿਆਵਾਂ ਦੇ ਮੱਦੇਨਜ਼ਰ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਤੋਂ 50 ਮੈਡੀਕਲ ਵੈਨਾਂ ਇਨ੍ਹਾਂ ਇਲਾਕਿਆਂ ਵਿਚ ਤਾਇਨਾਤ ਕੀਤੀਆਂ ਜਾਣਗੀਆਂ। ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਅਤੇ ਲੋੜਵੰਦਾਂ ਨੂੰ ਰਾਸ਼ਨ ਦੇਣ ਦਾ ਕਾਰਜ ਪਹਿਲੇ ਦੀ ਤਰ੍ਹਾਂ ਨਿਰੰਤਰ ਜਾਰੀ ਰੱਖਿਆ ਜਾਵੇਗਾ।

# ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦਾ ਪੁੱਤ ਕਬੀਰ ਕੁੱਸਾ ਕਬੀਲਦਾਰ ਬਣਿਆ

**■ ਪੰਜਾਬੀ ਫਿਲਮ ਇੰਡਸਟਰੀ ਅਤੇ ਸ਼ੁੱਭਚਿੰਤਕਾਂ ਨੇ ਵਧਾਈਆਂ ਦੇ ਅੰਬਾਰ ਲਾਏ**



ਲੰਡਨ, (ਮਨਦੀਪ ਖੁਰਮੀ ਹਿੰਮਤਪੁਰਾ/ਪੰਜਾਬ ਮੇਲ)- ਲੇਖਕ ਜਾਂ ਕਲਮਕਾਰ ਕਿਸੇ ਇੱਕ ਪਰਿਵਾਰ ਦੇ ਨਾ ਹੋ ਕੇ ਪੂਰੇ ਜਗਤ ਦੇ ਹੋ ਜਾਂਦੇ ਹਨ। ਪਾਠਕ ਵਰਗ ਉਨ੍ਹਾਂ ਦਾ ਆਪਣਾ ਪਰਿਵਾਰ ਬਣ ਜਾਂਦਾ ਹੈ। ਜਦੋਂ ਲੇਖਕਾਂ ਜਾਂ ਕਲਮਕਾਰਾਂ ਦੇ ਪਰਿਵਾਰਾਂ ਵਿਚ ਕਿਸੇ ਵੇਲੇ ਖੁਸ਼ੀ ਦਾ ਮਾਹੌਲ ਬਣਦਾ ਹੈ, ਤਾਂ ਉਸ ਖੁਸ਼ੀ ਦੇ ਵਿਚ ਉਨ੍ਹਾਂ ਦੇ ਪਾਠਕ ਵੀ ਸ਼ਾਮਲ ਹੁੰਦੇ ਹਨ। ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦੇ ਪੁੱਤਰ ਕਬੀਰ ਕੁੱਸਾ ਦਾ ਵਿਆਹ ਬਨੀਤਾ ਖੁਣਖੁਣ ਨਾਲ ਹੋਇਆ, ਤਾਂ ਦੇਸ਼-ਵਿਦੇਸ਼ ਵਿਚ ਵੱਸਦੇ ਸ਼ਿਵਚਰਨ ਜੱਗੀ ਕੁੱਸਾ ਦੇ ਪਾਠਕਾਂ ਵੱਲੋਂ ਵੀ ਖੁਸ਼ੀ ਮਨਾਈ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਕਬੀਰ ਕੁੱਸਾ ਦਾ ਬੀਤੇ ਦਿਨੀਂ ਵਿਆਹ ਹੋਇਆ, ਤਾਂ ਬਹੁਤ ਸਾਰੇ ਮਿੱਤਰ ਪਿਆਰਿਆਂ ਨੇ ਇਸ ਸਮਾਗਮ ਵਿਚ ਪਹੁੰਚ ਕੇ ਨਵ-ਵਿਆਹੀ ਜੋੜੀ ਨੂੰ ਆਸ਼ੀਰਵਾਦ ਦਿੱਤਾ। ਇਸ ਖੁਸ਼ੀ ਵਿਚ ਸ਼ਾਮਲ ਹੁੰਦਿਆਂ ਵਿਸ਼ਵ ਪ੍ਰਸਿੱਧ ਰੰਗਮੰਚ ਨਿਰਦੇਸ਼ਕ ਨਿਰਮਲ ਜੌੜਾ, ਪੰਜ ਦਰਿਆ ਅਖ਼ਬਾਰ ਦੇ ਸੰਪਾਦਕ ਮਨਦੀਪ ਖੁਰਮੀ ਹਿੰਮਤਪੁਰਾ, ਪ੍ਰਸਿੱਧ ਲੇਖਕ ਗੁਰਚਰਨ ਸੱਗੂ, ਲਹਿੰਦੇ ਪੰਜਾਬ ਦੀ ਮਾਣਮੱਤੀ ਲੇਖਿਕਾ ਸ਼ਗੁਫਤਾ ਗਿੰਮੀ ਲੋਧੀ, ਕੌਂਸਲਰ ਰਾਜਿੰਦਰ ਸਿੰਘ ਅਟਵਾਲ, ਹਰਜਿੰਦਰ ਸਿੰਘ ਅਟਵਾਲ, ਲੇਖਿਕਾ ਤੇ ਰੇਡੀਓ ਪੇਸ਼ਕਾਰਾ ਭਿੰਦਰ ਜਲਾਲਾਬਾਦੀ, ਸ਼ਾਇਰਾ ਮਨਜੀਤ ਕੌਰ ਪੱਡਾ, ਗਾਇਕਾ ਤੇ ਸ਼ਾਇਰਾ ਗੁਰਮੇਲ ਕੌਰ ਸੰਘਾ, ਕਵਿੱਤਰੀ ਕਿੱਟੀ ਬੱਲ, ਸ਼ਾਇਰ ਅਜੀਮ ਸ਼ੇਖਰ, ਲੇਖਕ ਜੱਸੀ ਢੱਟ, ਸ਼ਿਵਦੀਪ ਕੌਰ ਢੇਸੀ, ਵਰਿੰਦਰ ਖੁਰਮੀ, ਨਵਦੀਪ ਸਿੰਘ ਦਿਓਲ ਆਦਿ ਸਮੇਤ ਭਾਰੀ ਗਿਣਤੀ ਵਿਚ ਸਨੇਹੀਆਂ ਨੇ ਪਹੁੰਚ ਕੇ ਜੱਗੀ ਕੁੱਸਾ ਨੂੰ ਮੁਬਾਰਕਬਾਦ ਆਖੀ। ਮੈਂਬਰ ਪਾਰਲੀਮੈਂਟ ਸ਼੍ਰੀ ਵਰਿੰਦਰ ਸ਼ਰਮਾ, ਮੋਤਾ ਸਿੰਘ ਸਰਾਏ, ਫਿਲਮ ਡਾਇਰੈਕਟਰ ਸਿਮਰਜੀਤ ਸਿੰਘ, ਲਵਲੀ ਸ਼ਰਮਾ, ਸੁਖਮਿੰਦਰ ਧੰਜਲ, ਰਵਿੰਦਰ ਰਵੀ, ਪੱਤਰਕਾਰ ਮਨਪ੍ਰੀਤ ਸਿੰਘ ਬੱਧਨੀ ਕਲਾਂ, ਪੰਜਾਬ ਟਾਈਮਜ਼ ਦੇ ਮੁੱਖ ਸੰਪਾਦਕ ਰਾਜਿੰਦਰ ਸਿੰਘ ਪੁਰੇਵਾਲ ਅਤੇ ਹਰਜਿੰਦਰ ਸਿੰਘ ਮੰਡੇਰ ਨੇ ਫੋਨ 'ਤੇ ਵਧਾਈਆਂ ਦਿੰਦਿਆਂ ਜੋੜੀ ਨੂੰ ਸ਼ੁੱਭ ਕਾਮਨਾਵਾਂ ਅਰਪਨ ਕੀਤੀਆਂ।

# ਭਾਰਤ ਸਰਕਾਰ ਵੱਲੋਂ ਗੁਰਪੁਰਬ ਮੌਕੇ ਸਿੱਖ ਯਾਤਰੀਆਂ 'ਤੇ ਪਾਕਿਸਤਾਨ ਜਾਣ 'ਤੇ ਰੋਕ

**ਨਵੀਂ ਦਿੱਲੀ, (ਪੰਜਾਬ ਮੇਲ)**- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਮੌਕੇ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਦਾ ਜੱਥਾ ਇਸ ਵਾਰ ਪਾਕਿਸਤਾਨ ਨਹੀਂ ਜਾਵੇਗਾ। ਭਾਰਤ ਸਰਕਾਰ ਵਲੋਂ ਸੁਰੱਖਿਆ ਦੇ ਕਾਰਨਾਂ ਦਾ ਹਵਾਲਾ ਦਿੰਦਿਆਂ ਇਸ ਜਥੇ ਨੂੰ ਭੇਜਣ ਉੱਤੇ ਰੋਕ ਲਗਾ ਦਿੱਤੀ ਹੈ। ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਪੰਜਾਬ ਸਮੇਤ ਹੋਰ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਪੱਤਰ ਲਿਖ ਕੇ ਇਹ ਜਾਣਕਾਰੀ ਦਿੱਤੀ ਹੈ। ਜਿਸ ਵਿਚ ਦੋਵਾਂ ਦੇਸ਼ਾਂ ਦਰਮਿਆਨ ਤਣਾਅ ਅਤੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੱਤਾ ਗਿਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ, ਹਰਿਆਣਾ, ਜੰਮੂ ਕਸ਼ਮੀਰ, ਦਿੱਲੀ, ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਦੀਆਂ ਸਰਕਾਰਾਂ ਦੇ ਮੁੱਖ ਸਕੱਤਰਾਂ ਨੂੰ ਪੱਤਰ ਭੇਜ ਕੇ ਪ੍ਰਕਾਸ਼ ਪੁਰਬ ਮੌਕੇ ਨਵੰਬਰ ਮਹੀਨੇ ਸਿੱਖ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਭੇਜਣ 'ਚ ਅਸਮਰੱਥਾ ਪ੍ਰਗਟਾਈ ਹੈ।

ਭਾਰਤ ਦੇ ਗ੍ਰਹਿ ਵਿਭਾਗ ਵਲੋਂ ਜਾਰੀ ਕੀਤੇ ਗਏ ਪੱਤਰ ਵਿਚ ਕਿਹਾ ਗਿਆ ਹੈ ਕਿ ਮੌਜੂਦਾ ਸੁਰੱਖਿਆ ਦ੍ਰਿਸ਼ ਨੂੰ ਧਿਆਨ ਵਿਚ ਰੱਖਦੇ ਹੋਏ ਅਤੇ ਪਾਕਿਸਤਾਨ ਨਾਲ ਮੌਜੂਦਾ ਸਥਿਤੀ ਦੇ ਕਾਰਨ ਨਵੰਬਰ 2025 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਣਾ ਸੰਭਵ ਨਹੀਂ ਹੋਵੇਗਾ। ਉਨ੍ਹਾਂ ਨੇ ਪੱਤਰ ਵਿਚ ਸ਼ਾਮਲ ਸਾਰੇ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਕਿਹਾ ਕਿ ਉਹ ਆਪੋ-ਆਪਣੇ ਸੂਬਿਆਂ ਵਿਚ ਸਿੱਖ ਸੰਗਠਨਾਂ ਨੂੰ ਇਸ ਸਥਿਤੀ ਬਾਰੇ ਜਾਣੂ ਕਰਾਉਣ ਅਤੇ ਅਰਜ਼ੀਆਂ ਤੇ ਪਾਸਪੋਰਟ ਭੇਜਣ ਦੀ ਪ੍ਰਕਿਰਿਆ ਸ਼ੁਰੂ ਨਾ ਕੀਤੀ ਜਾਵੇ।

ਦੱਸ ਦੇਈਏ ਕਿ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ, ਹਰਿਆਣਾ, ਦਿੱਲੀ ਰਾਜਸਥਾਨ, ਗੁਜਰਾਤ, ਜੰਮੂ ਕਸ਼ਮੀਰ, ਉੱਤਰਾਖੰਡ, ਉੱਤਰ ਪ੍ਰਦੇਸ਼ ਸਮੇਤ ਹੋਰਨਾਂ ਸੂਬਿਆਂ ਤੋਂ ਹਰ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਭੇਜਿਆ ਜਾਂਦਾ ਹੈ। ਉਥੇ ਵੱਖ-ਵੱਖ ਗੁਰਧਾਮਾਂ ਦੇ ਦਰਸ਼ਨ ਕਰਨ ਉਪਰੰਤ ਸ਼ਰਧਾਲੂਆਂ ਦਾ ਇਹ ਜਥਾ ਵਾਪਸ ਭਾਰਤ ਪਰਤਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਸਮੇਤ ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਚੂਨਾ ਮੰਡੀ ਲਾਹੌਰ, ਗੁਰਦੁਆਰਾ ਸ਼ਹੀਦੀ ਅਸਥਾਨ ਸ੍ਰੀ ਗੁਰੂ ਅਰਜਨ ਦੇਵ ਜੀ, ਗੁਰਦੁਆਰਾ ਸ੍ਰੀ ਪੰਜਾ ਸਾਹਿਬ ਹਸਨ ਅਬਦਾਲ ਰਾਵਲਪਿੰਡੀ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਨਾਰੋਵਾਲ, ਗੁਰਦੁਆਰਾ ਸੱਚਾ ਸੌਦਾ ਚੂੜਕਾਣਾ ਤੇ ਗੁਰਦੁਆਰਾ ਰੋੜੀ ਸਾਹਿਬ ਫਾਰੂਕਾਬਾਦ ਦੇ ਦਰਸ਼ਨਾਂ ਨੂੰ ਜਾਣ ਵਾਲੀਆਂ ਸਿੱਖ ਸੰਗਤਾਂ ਇਸ ਵਾਰ ਪਾਕਿਸਤਾਨ ਵਿਚਲੇ ਵਿਛੜੇ ਗੁਰਧਾਮਾਂ ਦੇ ਦਰਸ਼ਨਾਂ ਤੋਂ ਵਾਂਝੇ ਰਹਿਣਗੀਆਂ। ਇਥੇ ਇਹ ਦੱਸਣਾ ਬਣਦਾ ਹੈ ਕਿ ਪਹਿਲਗਾਮ ਵਿਚ ਅੱਤਵਾਦੀ ਹਮਲੇ ਮਗਰੋਂ ਭਾਰਤ ਨੇ ਪਾਕਿਸਤਾਨ ਨਾਲ ਕੂਟਨੀਤਕ ਅਤੇ ਹੋਰ ਸਬੰਧ ਤੋੜ ਲਏ ਸਨ। ਇਸ ਦੇ ਮੱਦੇਨਜ਼ਰ ਅਟਾਰੀ ਸਰਹੱਦ ਨੂੰ ਦੁਵੱਲੇ ਵਪਾਰ ਅਤੇ ਆਵਾਜਾਈ ਵਾਸਤੇ ਬੰਦ ਕਰ ਦਿੱਤਾ ਗਿਆ ਸੀ। ਇਸ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ ਜੰਗੀ ਹਾਲਾਤ ਵੀ ਬਣ ਗਏ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਨਾ ਭੇਜੇ ਜਾਣ ਸਬੰਧੀ ਫਿਲਹਾਲ ਸਿੱਖ ਸੰਸਥਾ ਨੂੰ ਕੋਈ ਪੱਤਰ ਨਹੀਂ ਮਿਲਿਆ। ਇਹ ਪੱਤਰ ਸੂਬਾ ਸਰਕਾਰ ਨੂੰ ਭੇਜਿਆ ਗਿਆ ਹੈ ਅਤੇ ਉਸ ਵੱਲੋਂ ਹੀ ਇਸ ਬਾਰੇ ਸੂਚਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਬਾਰੇ ਅਧਿਕਾਰਤ ਜਾਣਕਾਰੀ ਮਿਲਣ ਮਗਰੋਂ ਹੀ ਕੋਈ ਟਿੱਪਣੀ ਕੀਤੀ ਜਾ ਸਕਦੀ ਹੈ। ਹਾਲਾਂਕਿ, ਉਨ੍ਹਾਂ ਕਿਹਾ ਕਿ ਜੇਕਰ ਭਾਰਤ ਤੇ ਪਾਕਿਸਤਾਨ ਦੀਆਂ ਕ੍ਰਿਕਟ ਟੀਮਾਂ ਦਰਮਿਆਨ ਮੈਚ ਹੋ ਸਕਦਾ ਹੈ, ਤਾਂ ਸਿੱਖ ਸ਼ਰਧਾਲੂਆਂ ਦਾ ਜੱਥਾ ਵੀ ਭੇਜਿਆ ਜਾ ਸਕਦਾ ਹੈ।

# ਕੁੰਵਰ ਵਿਜੇ ਪ੍ਰਤਾਪ ਵਿਧਾਨ ਸਭਾ ਦੀ ਕਮੇਟੀ 'ਚੋਂ ਫ਼ਾਰਗ



ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ 'ਆਪ' ਵਿਧਾਇਕ ਕੁੰਵਰ ਵਿਜੇ ਪ੍ਰਤਾਪ ਨੂੰ ਵਿਧਾਨ ਸਭਾ ਦੀ 'ਅਧੀਨ ਵਿਧਾਨ ਕਮੇਟੀ' ਦੀ ਮੈਂਬਰੀ ਦੀ ਜ਼ਿੰਮੇਵਾਰੀ ਤੋਂ ਫ਼ਾਰਗ ਕਰ ਦਿੱਤਾ ਹੈ।

ਵਿਧਾਇਕ ਕੁੰਵਰ ਵਿਜੇ ਪ੍ਰਤਾਪ ਇਸ ਵੇਲੇ ਪੰਜਾਬ ਵਿਧਾਨ ਸਭਾ ਦੀਆਂ ਦੋ ਕਮੇਟੀਆਂ ਦੇ ਮੈਂਬਰ ਸਨ। 'ਆਪ' ਵਿਧਾਇਕ ਨੇ ਵਿਧਾਨ ਸਭਾ ਦੇ ਸਪੀਕਰ ਨੂੰ ਖ਼ੁਦ ਹੀ ਪੱਤਰ ਲਿਖ ਕੇ 'ਅਧੀਨ ਵਿਧਾਨ ਕਮੇਟੀ' ਦੀ ਜ਼ਿੰਮੇਵਾਰੀ ਤੋਂ ਮੁਕਤੀ ਮੰਗੀ ਸੀ ਜਿਸ ਨੂੰ ਸਪੀਕਰ ਕੁਲਤਾਰ ਸਿੰਘ ਸੰਧਵਾ ਨੇ 5 ਸਤੰਬਰ ਨੂੰ ਸਵੀਕਾਰ ਕਰ ਲਿਆ ਸੀ। ਹੁਣ ਕੁੰਵਰ ਵਿਜੇ ਪ੍ਰਤਾਪ ਕੇਵਲ ਲਾਇਬ੍ਰੇਰੀ ਕਮੇਟੀ ਦੇ ਮੈਂਬਰ ਰਹਿਣਗੇ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਸੁਪਰੀਮ ਕੋਰਟ ਵੱਲੋਂ ਕੰਗਨਾ ਰਾਣੌਤ ਦੀ ਮਾਣਹਾਨੀ ਮਾਮਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਰੱਦ

**■ ਬਠਿੰਡਾ ਦੀ ਅਦਾਲਤ 'ਚ ਮਾਣਹਾਨੀ ਦੇ ਕੇਸ ਦੀ ਸੁਣਵਾਈ ਲਈ ਰਾਹ ਪੱਧਰਾ**

**ਚੰਡੀਗੜ੍ਹ, (ਪੰਜਾਬ ਮੇਲ)**- ਸੁਪਰੀਮ ਕੋਰਟ ਨੇ ਸੰਸਦ ਮੈਂਬਰ ਤੇ ਅਦਾਕਾਰਾ ਕੰਗਨਾ ਰਣੌਤ ਦੀ ਮਾਣਹਾਨੀ ਮਾਮਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ, ਜੋ ਸੰਸਦ ਮੈਂਬਰ ਕੰਗਨਾ ਲਈ ਵੱਡਾ ਝਟਕਾ ਹੈ। ਕੰਗਨਾ ਰਣੌਤ ਨੇ ਬੀਤੇ ਦਿਨ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕਰਕੇ ਬਠਿੰਡਾ ਦੀ ਅਦਾਲਤ ਵਿਚ ਦਾਇਰ ਅਪਰਾਧਿਕ ਸ਼ਿਕਾਇਤ ਨੂੰ ਰੱਦ ਕੀਤੇ ਜਾਣ ਦੀ ਮੰਗ ਕੀਤੀ ਸੀ। ਸੁਪਰੀਮ ਕੋਰਟ ਦੇ ਜਸਟਿਸ ਵਿਕਰਮ ਨਾਥ ਅਤੇ ਸੰਦੀਪ ਮਹਿਤਾ ਦੇ ਬੈਂਚ ਨੇ ਕਿਹਾ ਕਿ ਕੰਗਨਾ ਨੇ ਸਿਰਫ਼ ਰੀਟਵੀਟ ਹੀ ਨਹੀਂ ਕੀਤਾ, ਬਲਕਿ ਉਸ 'ਚ ਮਸਲਾ ਵੀ ਪਾਇਆ। ਬੈਂਚ ਨੇ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਕੰਗਨਾ ਰਣੌਤ ਦੀ ਪਟੀਸ਼ਨ ਰੱਦ ਹੋਣ ਨਾਲ ਹੁਣ ਬਠਿੰਡਾ ਦੇ ਜੁਡੀਸ਼ਲ ਮੈਜਿਸਟਰੇਟ (ਫ਼ਸਟ ਕਲਾਸ) ਦੀ ਅਦਾਲਤ ਵਿਚ ਕੰਗਨਾ ਰਣੌਤ ਖ਼ਿਲਾਫ਼ ਚੱਲ ਰਹੇ ਮਾਣਹਾਨੀ ਦੇ ਕੇਸ ਦੀ ਸੁਣਵਾਈ ਲਈ ਰਾਹ ਪੱਧਰਾ ਹੋ ਗਿਆ ਹੈ। ਕੰਗਨਾ ਰਣੌਤ ਕੋਲ ਹੁਣ ਕੋਈ ਆਖ਼ਰੀ ਸਹਾਰਾ ਨਹੀਂ ਬਚਿਆ ਹੈ। ਇਸ ਤੋਂ ਪਹਿਲਾਂ ਕੰਗਨਾ ਰਣੌਤ ਦੀ ਪਟੀਸ਼ਨ ਪਹਿਲੀ ਅਗਸਤ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰੱਦ ਕਰ ਦਿੱਤੀ ਸੀ। ਉਸ ਮਗਰੋਂ ਕੰਗਨਾ ਨੇ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ। ਹੁਣ ਬਠਿੰਡਾ ਅਦਾਲਤ ਇਸ ਮਾਮਲੇ ਦੀ ਅਗਲੀ ਸੁਣਵਾਈ ਹੋਵੇਗੀ। ਚੇਤੇ ਰਹੇ ਕਿ ਜਦੋਂ ਕੇਂਦਰ ਸਰਕਾਰ ਖ਼ਿਲਾਫ਼ ਸਾਲ 2020 ਵਿਚ ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਕਿਸਾਨ ਅੰਦੋਲਨ ਚੱਲ ਰਿਹਾ ਸੀ, ਤਾਂ ਉਸ ਵਕਤ ਕਿਸਾਨ ਅੰਦੋਲਨ ਵਿੱਚ ਬਠਿੰਡਾ ਦੇ ਪਿੰਡ ਬਹਾਦਰਗੜ੍ਹ ਜੰਡੀਆਂ ਦੀ ਬਿਰਧ ਮਾਈ ਮਹਿੰਦਰ ਕੌਰ ਵੀ ਸ਼ਾਮਲ ਹੋਈ ਸੀ। ਉਸ ਸਮੇਂ ਨਵੰਬਰ 2020 'ਚ ਕੰਗਨਾ ਰਣੌਤ ਨੇ ਟਵੀਟ ਕਰਕੇ ਬਿਰਧ ਮਹਿੰਦਰ ਕੌਰ ਨੂੰ ਕਿਸਾਨ ਘੋਲ 'ਚ 100 ਰੁਪਿਆ ਭਾੜਾ ਲੈ ਕੇ ਕੁੱਦਣ ਵਾਲੀ ਔਰਤ ਦੱਸਿਆ ਸੀ।

Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit
Ishu Hallan
Vijay
Surbhi Sharma
Ranjit Singh

Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸਰੱਬਤ ਦਾ ਭਲਾ ਟਰੱਸਟ ਨੇ ਸਰਹੱਦੀ ਪਿੰਡਾਂ 'ਚ 20 ਟਨ ਪਸ਼ੂ-ਚਾਰਾ ਵੰਡਿਆ

**■ ਹਾਲਾਤ ਠੀਕ ਹੋਣ ਤੱਕ ਸੇਵਾ ਜਾਰੀ ਰੱਖਾਂਗੇ : ਡਾ.ਉਬਰਾਏ**

**ਅਜਨਾਲਾ/ਅੰਮ੍ਰਿਤਸਰ, (ਪੰਜਾਬ ਮੇਲ)**- ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਲਈ ਨਿਰੰਤਰ ਸੇਵਾ ਕਾਰਜ ਨਿਭਾ ਰਹੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਅਤੇ ਦੁਬਈ ਦੇ ਉੱਘੇ ਕਾਰੋਬਾਰੀ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਆਪਣੇ ਸੇਵਾ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਦਿਆਂ ਹੋਇਆਂ ਅਜਨਾਲਾ ਹਲਕੇ ਦੇ ਇਤਿਹਾਸਿਕ ਕਸਬਾ ਰਮਦਾਸ ਨੇੜਲੇ ਸਰਹੱਦੀ ਪਿੰਡਾਂ ਦੇ ਹੜ੍ਹ ਪੀੜਤ ਪਸ਼ੂ ਪਾਲਕਾਂ ਨੂੰ 20 ਟਨ ਸੁੱਕਾ ਚਾਰਾ ਵੰਡਿਆ ਗਿਆ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਐੱਸ.ਪੀ. ਓਬਰਾਏ ਨੇ ਦੱਸਿਆ ਕਿ ਇਸ ਔਖੀ ਘੜੀ ਵੇਲੇ ਪੰਜਾਬ ਦੇ ਸਮੁੱਚੇ ਪ੍ਰਭਾਵਿਤ ਖੇਤਰਾਂ ਵਿਚ ਉਨ੍ਹਾਂ ਦੀਆਂ ਟੀਮਾਂ ਦਿਨ-ਰਾਤ ਸੇਵਾ ਕਾਰਜ ਨਿਭਾ ਰਹੀਆਂ ਹਨ ਅਤੇ ਇਹ ਸੇਵਾ ਪੂਰੀ ਤਰ੍ਹਾਂ ਨਾਲ ਹਾਲਾਤ ਠੀਕ ਹੋਣ ਤੱਕ ਨਿਰੰਤਰ ਜਾਰੀ ਰਹੇਗੀ। ਉਨ੍ਹਾਂ ਦੱਸਿਆ ਕਿ ਇਸੇ ਤਹਿਤ ਹੀ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਜ਼ਿਲ੍ਹਾ ਪ੍ਰਧਾਨ ਸ਼ਿਸ਼ਪਾਲ ਸਿੰਘ ਲਾਡੀ, ਵਿੱਤ ਸਕੱਤਰ ਨਵਜੀਤ ਸਿੰਘ ਘਈ, ਐਕਸੀਅਨ ਜਗਦੇਵ ਸਿੰਘ ਛੀਨਾ ਦੀ ਮੌਜੂਦਗੀ ਵਿਚ ਅਜਨਾਲਾ ਹਲਕੇ ਪਿੰਡ ਪਸ਼ੀਆ, ਆਬਾਦੀ ਚੰਡੀਗੜ੍ਹ, ਜੱਟਾ, ਮਹਿਮਦ ਮੰਦਰਾਂ ਵਾਲਾ, ਰੋੜੇਵਾਲ, ਧੰਗਈ, ਲੱਖੂਵਾਲ, ਘੋਨੇਵਾਲ, ਕੋਟ ਗੁਰਬਖਸ਼, ਧੂਰੀਆਂ, ਦਰਿਆ ਮੂਸਾ, ਸਿੰਘੋਕੇ, ਨਿਸੋਕੇ ਆਦਿ ਪਿੰਡਾਂ ਦੇ ਪ੍ਰਭਾਵਿਤ ਪਸ਼ੂ ਪਾਲਕਾਂ ਨੂੰ 20 ਟਨ ਸੁੱਕਾ ਚਾਰਾ ਵੰਡਿਆ ਗਿਆ ਹੈ।



ਹੜ੍ਹ ਪ੍ਰਭਾਵਿਤ ਪਸ਼ੂ ਪਾਲਕਾਂ ਨੂੰ ਸੁੱਕਾ ਚਾਰਾ ਵੰਡਣ ਮੌਕੇ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਸ਼ਿਸ਼ਪਾਲ ਸਿੰਘ ਲਾਡੀ, ਨਵਜੀਤ ਘਈ ਤੇ ਹੋਰ।



ਡਾ. ਐੱਸ.ਪੀ. ਸਿੰਘ ਓਬਰਾਏ।

ਇਸ ਦੌਰਾਨ ਸਰਪੰਚ ਗੁਰਪ੍ਰੀਤ ਸਿੰਘ, ਮਨਰਾਜ ਸਿੰਘ, ਸੁੱਖ ਧੰਗਈ ਤੋਂ ਇਲਾਵਾ ਪਸ਼ੂਆਂ ਦਾ ਚਾਰਾ ਪ੍ਰਾਪਤ ਕਰਨ ਵਾਲੇ ਕਿਸਾਨਾਂ ਵੱਲੋਂ ਡਾ. ਓਬਰਾਏ ਦਾ ਇਸ ਔਖੀ ਘੜੀ ਵੇਲੇ ਮਦਦ ਕਰਨ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਵੀ ਕੀਤਾ ਗਿਆ।

# ਡਾਕਟਰ ਓਬਰਾਏ ਜਸਟਿਸ ਨਵਾਬ ਸਿੰਘ ਨਾਲ ਵੱਡੀ ਤਦਾਦ ਵਿਚ ਹੜ੍ਹ ਪੀੜਤਾਂ ਲਈ ਲੈ ਕੇ ਪਹੁੰਚੇ ਲੋੜੀਂਦਾ ਸਮਾਨ

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਵਿਚ ਪੰਜਾਬ ਵਿਚ ਆਏ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਲੋੜੀਂਦਾ ਸਮਾਨ (ਸੁੱਕਾ ਰਾਸ਼ਣ, ਮੱਛਰਦਾਨੀਆਂ, ਸੈਨਟਰੀ ਪੈਡ, ਦਵਾਈਆਂ, ਤਰਪਾਲਾਂ, ਪਸ਼ੂਆਂ ਦੀ ਫੀਡ) ਵੱਡੀ ਪੱਧਰ 'ਤੇ ਮੁਹੱਈਆ ਕਰਵਾਇਆ ਜਾ ਰਿਹਾ ਹੈ। ਡਾਕਟਰ ਓਬਰਾਏ ਵੱਲੋਂ ਜਸਟਿਸ ਨਵਾਬ ਸਿੰਘ (ਪੰਜਾਬ ਹਰਿਆਣਾ ਹਾਈਕੋਰਟ) ਦੇ ਨਾਲ ਤੀਸਰੇ ਦੌਰ ਵਿਚ ਹੜ੍ਹਾਂ ਤੋਂ ਪ੍ਰਭਾਵਿਤ ਪਿੰਡਾਂ (ਰੁਕਨੇਵਾਲਾ ਬੰਨ, ਅਰਾਜੀ ਸਭਰਾਂ, ਬਸਤੀ ਗਰੀਬ ਸਿੰਘ, ਰੋਡੇਵਾਲਾ) ਦਾ ਦੌਰਾ ਕੀਤਾ ਗਿਆ, ਪੀੜਤ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਲੋੜੀਂਦੇ ਸਮਾਨ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਹਾਸਲ ਕੀਤੀ ਅਤੇ ਆਉਣ ਵਾਲੇ ਸਮੇਂ ਵਿਚ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਵੀ ਜਾਣਕਾਰੀ ਲਈ ਅਤੇ ਹੜ੍ਹਾਂ ਨਾਲ ਪੀੜਤ ਲੋਕਾਂ ਨਾਲ ਲੰਮੇ ਸਮੇਂ ਤੱਕ ਸਹਿਯੋਗ ਦੇਣ ਦਾ ਐਲਾਨ ਵੀ ਕੀਤਾ। ਡਾ. ਓਬਰਾਏ ਅਪਣੇ ਨਾਲ ਵੱਡੀ ਤਦਾਦ ਵਿਚ ਸਮਾਨ (ਤਰਪਾਲਾਂ, ਮੱਛਰਦਾਨੀਆਂ, ਸੈਨਟਰੀ ਪੈਡ, ਦਵਾਈਆਂ, ਸੁੱਕਾ ਰਾਸ਼ਣ, ਪਸ਼ੂਆਂ ਦੀ ਫੀਡ) ਵੀ ਲੈ ਕੇ ਆਏ ਸਨ। ਅਮਰਜੀਤ ਕੌਰ ਪ੍ਰਧਾਨ ਫਿਰੋਜ਼ਪੁਰ ਇਕਾਈ ਅਤੇ ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਡਾ. ਓਬਰਾਏ ਵਲੋਂ ਲਿਆਂਦੇ ਸਮਾਨ ਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀਆਂ ਟੀਮਾਂ ਵੱਲੋਂ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤਰਤੀਬ ਅਨੁਸਾਰ ਲੋੜਵੰਦਾਂ ਨੂੰ ਤਕਸੀਮ ਕੀਤਾ ਗਿਆ, ਜਿਸ ਦੀ ਸ਼ੁਰੂਆਤ ਡਾ. ਓਬਰਾਏ ਅਤੇ ਜਸਟਿਸ ਨਵਾਬ ਸਿੰਘ ਵੱਲੋਂ ਆਪਣੇ ਕਰ ਕਮਲਾਂ ਨਾਲ ਕੀਤੀ ਗਈ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਨਰੇਸ਼ ਕਟਾਰੀਆ ਵਿਧਾਇਕ, ਐੱਸ.ਡੀ.ਐੱਮ. ਜੀਰਾ, ਤਹਿਸੀਲਦਾਰ ਜੀਰਾ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਸੁਖਬੀਰ ਸਿੰਘ ਜੈਲਦਾਰ, ਹਰਭਗਵਾਨ ਸਿੰਘ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਫਿਰੋਜ਼ਪੁਰ ਵੱਲੋਂ ਦਵਿੰਦਰ ਸਿੰਘ ਛਾਬੜਾ ਮੀਤ ਪ੍ਰਧਾਨ, ਰਣਜੀਤ ਸਿੰਘ ਰਾਏ ਸਲਾਹਕਾਰ, ਮਹਾਂਵੀਰ ਸਿੰਘ, ਰਣਧੀਰ ਜੋਸ਼ੀ, ਬਲਵਿੰਦਰ ਕੌਰ, ਤਲਵਿੰਦਰ ਕੌਰ ਆਦਿ ਹਾਜ਼ਰ ਸਨ।



ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਸਮਾਨ ਦੇਣ ਸਮੇਂ ਡਾ. ਓਬਰਾਏ ਅਤੇ ਜਸਟਿਸ ਨਵਾਬ ਸਿੰਘ (ਪੰਜਾਬ ਹਰਿਆਣਾ ਹਾਈਕੋਰਟ), ਸਰਬੱਤ ਦਾ ਭਲਾ ਚੈਰੀਟੇਬਲ ਦੀਆਂ ਟੀਮਾਂ।



ਡਾ. ਐੱਸ.ਪੀ. ਸਿੰਘ ਓਬਰਾਏ।



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀਆਂ ਟੀਮਾਂ ਵੱਲੋਂ ਡਾ. ਓਬਰਾਏ ਵਲੋਂ ਭੇਜਿਆ ਹੜ੍ਹ ਪੀੜਤਾਂ ਨੂੰ ਦਿੱਤਾ 100 ਕੁਵਿਟਲ ਸੁੱਕਾ ਰਾਸ਼ਣ

**■ ਡਾ. ਬਲਜੀਤ ਕੌਰ ਕੈਬਨਿਟ ਮੰਤਰੀ ਪੰਜਾਬ ਨੇ ਦਿੱਤੀ ਹਰੀ ਝੰਡੀ**



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਜਿੱਥੇ ਬਹੁਤ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ, ਉੱਥੇ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦੀ ਬਾਂਹ ਫੜਕੇ ਉਨ੍ਹਾਂ ਨੂੰ ਬਹੁਤ ਹੀ ਵੱਡੀ ਗਿਣਤੀ ਵਿਚ ਹਰਾ ਚਾਰਾ, ਪਸ਼ੂਆਂ ਦੀ ਫੀਡ, ਤਰਪਾਲਾਂ, ਮੱਛਰਦਾਨੀਆਂ, ਸੈਨਟਰੀ ਪੈਡ, ਦਵਾਈਆਂ, ਸੁੱਕਾ ਰਾਸ਼ਣ ਅਤੇ ਮੰਗ ਅਨੁਸਾਰ ਹਰ ਚੀਜ਼ ਖੁੱਲੀ ਮਾਤਰਾਂ ਵਿਚ ਦਿੱਤੀ ਜਾ ਰਹੀ ਹੈ। ਅਮਰਜੀਤ ਕੌਰ ਪ੍ਰਧਾਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਫਿਰੋਜ਼ਪੁਰ ਅਤੇ ਅਰਵਿੰਦਰ ਪਾਲ ਸਿੰਘ ਚਾਹਲ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਪਿੰਡ ਕੁਤਬਦੀਨ ਅਤੇ ਇਸ ਦੇ ਆਸ-ਪਾਸ ਪਿੰਡਾਂ ਦੇ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨੂੰ 100 ਕੁਵਿਟਲ ਸੁੱਕਾ ਰਾਸ਼ਣ ਦਿੱਤਾ ਗਿਆ ਹੈ। ਡਾਕਟਰ ਬਲਜੀਤ ਕੌਰ ਮਾਨਯੋਗ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਹਰੀ ਝੰਡੀ ਦੇ ਕੇ ਡਾਕਟਰ ਓਬਰਾਏ ਵਲੋਂ ਭੇਜੇ 100 ਕੁਵਿਟਲ ਸੁੱਕੇ ਰਾਸ਼ਨ ਨੂੰ ਰਵਾਨਾ ਕੀਤਾ ਗਿਆ ਸੀ ਅਤੇ ਇਸ ਤੋਂ ਕੁਝ ਦਿਨ ਪਹਿਲਾਂ ਪਸ਼ੂਆਂ ਨੂੰ ਵੱਡੀ ਪੱਧਰ 'ਤੇ ਫੀਡ ਵੀ ਦਿੱਤੀ ਜਾ ਚੁੱਕੀ ਹੈ। ਟਰੱਸਟ ਤੋਂ ਮਿਲੀ ਜਾਣਕਾਰੀ ਅਨੁਸਾਰ ਜਿੱਥੇ ਕਿਤੇ ਵੀ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਕੋਈ ਵੀ ਲੋੜ ਮਹਿਸੂਸ ਹੁੰਦੀ ਹੈ, ਤਾਂ ਡਾਕਟਰ ਓਬਰਾਏ ਵੱਲੋਂ ਤੁਰੰਤ ਉਸ ਨੂੰ ਪੂਰਾ ਕੀਤਾ ਜਾਂਦਾ ਹੈ। ਪਿਛਲੇ ਦਿਨੀਂ ਇੱਕ ਟੀ.ਵੀ. ਚੈਨਲ ਨਾਲ ਗੱਲਬਾਤ ਕਰਦਿਆਂ ਡਾਕਟਰ ਓਬਰਾਏ ਨੇ ਦੱਸਿਆ ਕਿ ਆਪਣੀ ਸਮਰੱਥਾ ਅਨੁਸਾਰ ਮੈਂ ਲੰਮੇ ਸਮੇਂ ਤੱਕ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨਾਲ ਖੜ੍ਹਾਂਗਾ। ਇਸ ਮੌਕੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਬਲਦੇਵ ਸਿੰਘ ਅਤੇ ਟਰੱਸਟ ਦੀ ਫਿਰੋਜ਼ਪੁਰ ਟੀਮ ਵੱਲੋਂ ਦਵਿੰਦਰ ਸਿੰਘ ਛਾਬੜਾ ਮੀਤ ਪ੍ਰਧਾਨ, ਵਿਜੇ ਕੁਮਾਰ ਬਹਿਲ ਕੈਸ਼ੀਅਰ, ਰਣਜੀਤ ਸਿੰਘ ਰਾਏ ਸਲਾਹਕਾਰ, ਮਹਾਂਵੀਰ ਸਿੰਘ, ਜਸਪ੍ਰੀਤ ਕੌਰ ਇਚਾਰਜ ਤਲਵੰਡੀ ਭਾਈ ਆਦਿ ਹਾਜ਼ਰ ਸਨ।



ਡਾ. ਐੱਸ.ਪੀ. ਸਿੰਘ ਓਬਰਾਏ।

## ਹਾਈਕੋਰਟ ਨੇ ਬਿਕਰਮ ਮਜੀਠੀਆ ਦੀ ਜ਼ਮਾਨਤ ਅਰਜ਼ੀ 'ਤੇ ਪੰਜਾਬ ਸਰਕਾਰ ਤੋਂ ਦੋ ਹਫ਼ਤਿਆਂ 'ਚ ਮੰਗਿਆ ਜਵਾਬ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਮੰਤਰੀ ਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵੱਲੋਂ ਦਾਇਰ ਕੀਤੀ ਗਈ ਅਗਾਊਂ ਜ਼ਮਾਨਤ ਪਟੀਸ਼ਨ ਉੱਤੇ ਪੰਜਾਬ ਸਰਕਾਰ ਤੋਂ ਦੋ ਹਫ਼ਤਿਆਂ ਵਿਚ ਜਵਾਬ ਮੰਗਿਆ ਹੈ। ਬੈਂਚ ਨੇ ਸੂਬਾ ਸਰਕਾਰ ਨੂੰ 23 ਸਤੰਬਰ ਲਈ ਨੋਟਿਸ ਵੀ ਜਾਰੀ ਕੀਤਾ ਹੈ। ਜਸਟਿਸ ਤ੍ਰਿਭੁਵਨ ਦਹੀਆ ਵੱਲੋਂ ਇਹ ਹੁਕਮ 31 ਜੁਲਾਈ ਨੂੰ ਅੰਮ੍ਰਿਤਸਰ ਦੇ ਸਿਵਲ ਲਾਈਨਜ਼ ਪੁਲਿਸ ਸਟੇਸ਼ਨ ਵਿਚ ਬੀ.ਐੱਨ.ਐੱਸ. ਦੀਆਂ ਧਾਰਾਵਾਂ ਤਹਿਤ ਦਰਜ ਕੀਤੇ ਗਏ ਇਕ ਮਾਮਲੇ ਦੇ ਸਬੰਧ ਵਿਚ ਮਜੀਠੀਆ ਦੀ ਪਟੀਸ਼ਨ 'ਤੇ ਜਾਰੀ ਕੀਤੇ ਗਏ ਹਨ। ਅੰਮ੍ਰਿਤਸਰ ਦੀ ਅਦਾਲਤ ਨੇ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਵੱਲੋਂ ਦਾਇਰ ਪੇਸ਼ਗੀ ਜ਼ਮਾਨਤ ਅਰਜ਼ੀ ਨੂੰ ਖਾਰਜ ਕਰ ਦਿੱਤਾ ਸੀ। ਮਜੀਠੀਆ ਇਸ ਸਮੇਂ ਨਾਭਾ ਜੇਲ੍ਹ ਵਿਚ ਬੰਦ ਹੈ। ਮਜੀਠੀਆ ਦੇ ਵਕੀਲ ਵੱਲੋਂ ਲਗਾਤਾਰ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਇਹ ਕੇਸ ਰਾਜਨੀਤੀ ਤੋਂ ਪ੍ਰੇਰਿਤ ਹੈ ਅਤੇ ਉਸ ਦੇ ਮੁਵੱਕਿਲ ਨੂੰ ਸਲਾਖਾਂ ਪਿੱਛੇ ਰੱਖਣ ਲਈ ਕਈ ਮਾਮਲਿਆਂ ਵਿਚ ਝੂਠਾ ਫਸਾਇਆ ਜਾ ਰਿਹਾ ਹੈ।

## ਹੜ੍ਹ ਪੀੜਤ ਪਸ਼ੂ ਪਾਲਕਾਂ ਲਈ 100 ਕੁਇੰਟਲ ਪਸ਼ੂਆਂ ਦਾ ਚਾਰਾ (ਮੱਕੀ ਦਾ ਅਚਾਰ) ਵੰਡਿਆ

**■ ਚਾਰੇ ਦੀ ਵੰਡ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਨਿਰੰਤਰ ਸੇਵਾ ਕਾਰਜ ਜਾਰੀ**

**ਮੋਗਾ, (ਪੰਜਾਬ ਮੇਲ)-** ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਲਈ ਨਿਰੰਤਰ ਸੇਵਾ ਕਾਰਜ ਨਿਭਾ ਰਹੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਅਤੇ ਦੁਬਈ ਦੇ ਉੱਘੇ ਕਾਰੋਬਾਰੀ ਡਾ. ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਆਪਣੇ ਸੇਵਾ ਕਾਰਜਾਂ ਨੂੰ ਜਾਰੀ ਰੱਖਦਿਆਂ ਮੋਗਾ ਹਲਕੇ ਨਾਲ ਸਬੰਧਿਤ ਪਿੰਡ ਸੇਰੇ ਵਾਲਾ, ਸੰਘੇੜਾ, ਕੰਬੋ ਖੁਰਦ, ਮਦਾਰਪੁਰ, ਮੇਹਰੂ ਵਾਲਾ, ਮੰਦਰ ਕਲਾਂ, ਮੇਲਕ ਕੰਗਾਂ, ਭੈਣੀ, ਦੋਲੇ ਵਾਲਾ ਆਦਿ ਦੇ ਹੜ੍ਹ ਪੀੜਤ ਪਸ਼ੂ ਪਾਲਕਾਂ ਨੂੰ 100 ਕੁਇੰਟਲ ਪਸ਼ੂਆਂ ਦਾ ਚਾਰਾ (ਮੱਕੀ ਦਾ ਅਚਾਰ) ਵੰਡਿਆ ਗਿਆ।

ਮੈਡਮ ਇੰਦਰਜੀਤ ਗਿੱਲ ਨੇ ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਡਾ. ਡਾ. ਐੱਸ.ਪੀ. ਸਿੰਘ ਓਬਰਾਏ ਨੇ ਕਿਹਾ ਕਿ ਇਸ ਔਖੀ ਘੜੀ ਵਿਚ ਪੰਜਾਬ ਦੇ ਸਮੁੱਚੇ ਪ੍ਰਭਾਵਿਤ ਖੇਤਰਾਂ ਵਿਚ ਉਨ੍ਹਾਂ ਦੀਆਂ ਟੀਮਾਂ ਦਿਨ-ਰਾਤ ਸੇਵਾ ਕਾਰਜ ਨਿਭਾ ਰਹੀਆਂ ਹਨ ਅਤੇ ਇਹ ਸੇਵਾ ਹਾਲਾਤ ਪੂਰੀ ਤਰ੍ਹਾਂ ਨਾਲ ਠੀਕ ਹੋਣ ਤੱਕ ਜਾਰੀ ਰਹੇਗੀ।

ਇਸ ਮੌਕੇ ਪ੍ਰਧਾਨ ਗੋਕਲ ਚੰਦ ਬੁੱਘੀਪੁਰਾ, ਟਰੱਸਟੀ ਹਰਜਿੰਦਰ ਸਿੰਘ ਚੁਗਾਵਾਂ, ਟਰੱਸਟੀ ਹਰਭਿੰਦਰ ਸਿੰਘ ਜਾਨੀਆ, ਸਤਨਾਮ ਸਿੰਘ, ਸੰਤੋਖ ਸਿੰਘ ਆਦਿ ਹਾਜ਼ਰ ਰਹੇ।



ਡਾ. ਐੱਸ.ਪੀ. ਸਿੰਘ ਓਬਰਾਏ।

ਇਸ ਮੌਕੇ ਮੈਡਮ ਇੰਦਰਜੀਤ ਗਿੱਲ ਨਾਲ ਅਮਰਜੀਤ ਕੌਰ ਛਾਬੜਾ, ਪ੍ਰਧਾਨ ਫਿਰੋਜ਼ਪੁਰ ਅਤੇ ਉਨ੍ਹਾਂ ਦੇ ਨਾਲ ਮੈਡਮ ਸਿਮਰਤੀ ਪੁਰੀ, ਹਰਪ੍ਰੀਤ ਕੌਰ, ਗੁਰਪ੍ਰੀਤ ਕੌਰ, ਮਨਪ੍ਰੀਤ ਕੌਰ ਅਤੇ ਗੁੰਜਨ ਚੋਪੜਾ ਨੇ ਪਟਿਆਲਾ ਦੀ ਟੀਮ ਵਜੋਂ ਪਿੰਡਾਂ ਦਾ ਦੌਰਾ ਕਰਦੇ ਹੋਏ ਸਰਵੇ ਕੀਤਾ। ਇਨ੍ਹਾਂ ਵੱਲੋਂ ਪਿੰਡਾਂ ਦੇ ਲੋਕਾਂ ਦੀਆਂ ਪ੍ਰੇਸ਼ਾਨੀਆਂ ਨੂੰ ਸੁਣਿਆ ਗਿਆ ਅਤੇ ਖ਼ਾਸ ਕਰਕੇ ਪਾਣੀ ਨਾਲ ਘਿਰੇ ਪਿੰਡਾਂ ਵਿਚ ਜਾ ਕੇ ਲੋਕਾਂ ਦੀਆਂ ਮੁਸ਼ਕਲਾਂ ਦਾ ਜਾਇਜ਼ਾ ਲਿਆ ਗਿਆ।




FOR SALE & PURCHASE OF ANY KIND OF PROPERTY



RE/MAX
Outstanding Agents
Outstanding Results®
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਹੜ੍ਹ ਪੀੜਤਾਂ ਲਈ ਚਾਰੇ ਦੀ ਵੱਡੀ ਸਹਾਇਤਾ

**ਸਨੌਰ, (ਪੰਜਾਬ ਮੇਲ)-** ਸਨੌਰ ਹਲਕੇ ਦੇ ਜੁੱਲਾ ਖੇੜੀ, ਸਾਧੂ ਨਗਰ ਅਤੇ ਬਲਾਕ ਭੁੰਨਰਹੇੜੀ ਨਾਲ ਲੱਗਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਰਾਹਤ ਸਮੱਗਰੀ ਵੰਡਣ ਦੀ ਸੇਵਾ ਕੀਤੀ ਗਈ। ਇਹ ਸਾਰੀ ਸੇਵਾ ਕੌਮੀ ਪ੍ਰਧਾਨ ਸ. ਜੱਸਾ ਸਿੰਘ ਸੰਧੂ ਜੀ ਦੀ ਅਗਵਾਈ ਹੇਠ ਹੋਈ ਅਤੇ ਉਹ ਖ਼ੁਦ ਮੌਕੇ ’ਤੇ ਹਾਜ਼ਰ ਰਹੇ। ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ.ਪੀ. ਸਿੰਘ ਓਬਰਾਏ ਜੀ ਦੀ ਰਹਿਨੁਮਾਈ ਹੇਠ ਭੇਜੀ ਗਈ ਰਾਹਤ ਸਮੱਗਰੀ ਨੂੰ ਪਿੰਡਾਂ ਤੱਕ ਪਹੁੰਚਾਇਆ ਗਿਆ। ਇਸ ਮੌਕੇ ਸਨੌਰ ਹਲਕੇ ਦੇ ਸਾਬਕਾ ਵਿਧਾਇਕ ਹਰਿੰਦਰ ਪਾਲ ਸਿੰਘ ਚੰਦੂ ਮਾਜਰਾ ਨੇ ਟਰੱਸਟ ਦੀ ਟੀਮ ਨਾਲ ਮਿਲ ਕੇ ਆਪਣੇ ਹੱਥੀਂ ਪਸ਼ੂਆਂ ਲਈ ਚਾਰਾ ਵੰਡਿਆ ਅਤੇ ਡਾ. ਓਬਰਾਏ ਜੀ ਦਾ ਧੰਨਵਾਦ ਕੀਤਾ।



ਡਾ. ਐੱਸ.ਪੀ. ਸਿੰਘ ਓਬਰਾਏ।

ਟਰੱਸਟ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਲਈ 162 ਕੁਇੰਟਲ ਪਸ਼ੂਆਂ ਦਾ ਚਾਰਾ (ਮੱਕੀ ਦਾ ਅਚਾਰ) ਵੰਡਿਆ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸ. ਸੁਰਿੰਦਰ ਸਿੰਘ ਅਤੇ ਪਟਿਆਲਾ ਟੀਮ ਦੇ ਹੋਰ ਮੈਂਬਰ ਵੀ ਹਾਜ਼ਰ ਸਨ। ਕੌਮੀ ਪ੍ਰਧਾਨ ਜੱਸਾ ਸਿੰਘ ਨੇ ਦੱਸਿਆ ਡਾ. ਐੱਸ.ਪੀ. ਸਿੰਘ ਓਬਰਾਏ ਆਪਣੀ ਕਮਾਈ ਦਾ 98% ਲੋਕ ਭਲਾਈ ਕੰਮਾਂ ਵਿਚ ਖਰਚਦੇ ਹਨ। ਉਨ੍ਹਾਂ ਵੱਲੋਂ ਪੰਜਾਬ ਵਿਚ ਆਏ ਹੜ੍ਹਾਂ ਦੌਰਾਨ ਵੀ ਹਰ ਤਰ੍ਹਾਂ ਦੀ ਸਹਾਇਤਾ—ਜਿਵੇਂ ਕਿ ਰਾਸ਼ਨ ਕਿੱਟਾਂ, ਮੈਡੀਕਲ ਕਿੱਟਾਂ, ਤਰਪਾਲਾਂ ਅਤੇ ਹੋਰ ਰਾਹਤ ਸਮੱਗਰੀ— ਲਗਾਤਾਰ ਲੋੜਵੰਦ ਪਰਿਵਾਰਾਂ ਤੱਕ ਪਹੁੰਚਾਈ ਜਾ ਰਹੀ ਹੈ। ਹੜ੍ਹਾਂ ਦੇ ਕਾਰਨ ਪੈਦਾ ਹੋਏ ਸੰਕਟ ਨੂੰ ਦੇਖਦੇ ਹੋਏ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਅਤੇ ਪ੍ਰਸਿੱਧ ਸਮਾਜਸੇਵੀ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਫੌਰੀ ਤੌਰ ’ਤੇ ਢਾਈ ਕਰੋੜ ਰੁਪਏ ਦਾ ਬਜਟ ਜਾਰੀ ਕੀਤਾ ਗਿਆ ਹੈ। ਇਸ ਰਕਮ ਰਾਹੀਂ ਹੜ੍ਹ ਪੀੜਤਾਂ ਨੂੰ ਰਾਸ਼ਨ ਅਤੇ ਹੋਰ ਜ਼ਰੂਰੀ ਚੀਜ਼ਾਂ ਪਹੁੰਚਾਈਆਂ ਜਾ ਰਹੀਆਂ ਹਨ।

ਡਾ. ਓਬਰਾਏ ਨੇ ਹੜ੍ਹ ਆਉਣ ਦੇ ਪਹਿਲੇ ਹੀ ਦਿਨ ਤੋਂ ਆਪਣੀਆਂ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਅੱਜ ਤੱਕ ਉਨ੍ਹਾਂ ਦੀਆਂ ਟੀਮਾਂ ਲਗਾਤਾਰ ਬਾਰਡਰ ਇਲਾਕਿਆਂ ਵਿਚ ਲੋਕਾਂ ਦੀ ਸਹਾਇਤਾ ਕਰ ਰਹੀਆਂ ਹਨ। ਖ਼ਾਸ ਕਰਕੇ ਉਹ ਇਲਾਕੇ ਜਿੱਥੇ ਹੜ੍ਹ ਨੇ ਸਭ ਤੋਂ ਵੱਧ ਮਾਰ ਮਾਰੀ ਹੈ, ਉੱਥੇ ਉਨ੍ਹਾਂ ਦੀ ਸੇਵਾ ਨਿਰੰਤਰ ਚੱਲ ਰਹੀ ਹੈ।

ਇਸ ਮੁਸ਼ਕਲ ਘੜੀ ਵਿਚ ਡਾ. ਓਬਰਾਏ ਦੀਆਂ ਟੀਮਾਂ ਦਿਨ-ਰਾਤ ਮੈਦਾਨ ਵਿਚ ਉਤਰ ਕੇ ਹੜ੍ਹ ਪੀੜਤ ਪਰਿਵਾਰਾਂ ਦੀ ਸਹਾਇਤਾ ਕਰ ਰਹੀਆਂ ਹਨ। ਉਨ੍ਹਾਂ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਸੇਵਾ ਉਸ ਵੇਲੇ ਤੱਕ ਜਾਰੀ ਰਹੇਗੀ, ਜਦ ਤੱਕ ਹਾਲਾਤ ਪੂਰੀ ਤਰ੍ਹਾਂ ਨਾਲ ਠੀਕ ਨਹੀਂ ਹੋ ਜਾਂਦੇ।


**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :**

**www.punjabmailusa.com**

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ 2 ਹੋਰ ਸਕੂਲਾਂ ’ਚ ਲਗਾਏਗਾ ਆਰ.ਓ. ਮੁਫ਼ਤ ਸਿਸਟਮ

**■ ਟਰੱਸਟ ਵੱਲੋਂ 1550 ਆਰ.ਓ. ਲਗਵਾਉਣ ਉਪਰੰਤ 8 ਲੱਖ ਵਿਦਿਆਰਥੀ ਪੀ ਰਹੇ ਸ਼ੁੱਧ ਪਾਣੀ - ਡਾ. ਓਬਰਾਏ**

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਵਿਚ ਵੱਡੀ ਗਿਣਤੀ ਵਿਚ ਸਕੂਲਾਂ ਅਤੇ ਹੋਰ ਜਨਤਕ ਥਾਵਾਂ ’ਤੇ ਸ਼ੁੱਧ ਪਾਣੀ ਪੀਣ ਲਈ, ਲੋਕਾਂ ਦੀ ਸਿਹਤ ਦੇ ਮੱਦੇਨਜ਼ਰ ਵੱਡੀ ਗਿਣਤੀ ਵਿਚ ਮੁਫ਼ਤ ਆਰ.ਓ. ਸਿਸਟਮ ਲਗਾਏ ਜਾ ਰਹੇ ਹਨ। ਇਸ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੁਰਿੰਦਰ ਕੌਰ ਬਾਦਲ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਈਨਾ ਖੇੜਾ (ਸ੍ਰੀ ਮੁਕਤਸਰ ਸਾਹਿਬ), ਗੌਰਮਿੰਟ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਰੁਪਾਣਾ (ਸ੍ਰੀ ਮੁਕਤਸਰ ਸਾਹਿਬ) ਵਿਚ ਵਿਦਿਆਰਥੀਆਂ ਨੂੰ ਸਾਫ਼ ਪਾਣੀ ਦੇਣ ਲਈ ਮੁਫ਼ਤ ਆਰ.ਓ. ਸਿਸਟਮ ਲਗਾਏ ਜਾ ਰਹੇ ਹਨ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਮਾਲਵੇ ਦੇ ਸੇਮ ਵਾਲੇ ਇਲਾਕਿਆਂ ਵਿਚ ਮਾਹਿਰਾਂ ਦੀ ਵਿਸ਼ੇਸ਼ ਟੀਮ ਨੇ ਸਰਵੇ ਦੌਰਾਨ ਦੱਸਿਆ ਕਿ ਪਾਣੀ ਵਿਚ 5000 ਤੱਕ ਟੀ.ਡੀ.ਐੱਸ. ਪਾਇਆ ਗਿਆ ਹੈ। ਇਹ ਮਾੜੀ ਸਿਹਤ ਅਤੇ ਮੰਦਬੁੱਧੀ ਦੀ ਬੀਮਾਰੀ ਦਾ ਵੱਡਾ ਕਾਰਨ ਹੈ, ਇਸ ਦਾ ਪਤਾ ਲੱਗਣ ਉਪਰੰਤ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਇਸ ਖੇਤਰ ਵਿਚ ਸਕੂਲਾਂ, ਕਾਲਜਾਂ ਅਤੇ ਹੋਰ ਜਨਤਕ ਥਾਵਾਂ ’ਤੇ ਆਰ.ਓ. ਸਿਸਟਮ ਲਗਾਉਣ ਦਾ ਨਿਸ਼ਚਾ ਕੀਤਾ ਗਿਆ ਸੀ। ਟਰੱਸਟ ਤੋਂ ਮਿਲੀ ਜਾਣਕਾਰੀ ਅਨੁਸਾਰ ਹੁਣ ਤੱਕ ਟਰੱਸਟ ਵੱਲੋਂ ਮੁਫ਼ਤ 1550 ਕਮਰਸ਼ੀਅਲ ਆਰ.ਓ. ਸਿਸਟਮ ਵਿੱਦਿਅਕ ਅਤੇ ਹੋਰ ਜਨਤਕ ਥਾਵਾਂ ’ਤੇ ਲਗਾਏ ਜਾ ਚੁੱਕੇ ਹਨ ਅਤੇ 8 ਲੱਖ ਦੇ ਕਰੀਬ ਵਿਦਿਆਰਥੀ ਸ਼ੁੱਧ ਪਾਣੀ ਪੀਣ ਦੀ ਸਹੂਲਤ ਲੈ ਰਹੇ ਹਨ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਡਾ. ਓਬਰਾਏ ਵਲੋਂ ਸਿਹਤ ਅਤੇ ਐਜੂਕੇਸ਼ਨ ਨੂੰ ਭਰਪੂਰ ਹੁਲਾਰਾ ਦਿੱਤਾ ਜਾ ਰਿਹਾ ਹੈ। ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਦੋ ਸਕੂਲਾਂ ਵਿਚ ਆਰ.ਓ. ਸਿਸਟਮ ਲਗਾਏ ਜਾਣ ’ਤੇ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਮਲੋਟ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ।



ਡਾ. ਐੱਸ.ਪੀ. ਸਿੰਘ ਓਬਰਾਏ।

# ਜ਼ੀਰਾ ਵਾਲੀ ਸ਼ਰਾਬ ਫੈਕਟਰੀ ਬੰਦ ਕਰਨ ਤੇ ਇਕ ਹਿੱਸਾ ਢਾਹੁਣ ਦੇ ਹੁਕਮ

**ਜ਼ੀਰਾ, (ਪੰਜਾਬ ਮੇਲ)-** ਪਿੰਡ ਮਨਸੂਰਵਾਲ ਕਲਾਂ ’ਚ ਲੱਗੀ ਸ਼ਰਾਬ ਫ਼ੈਕਟਰੀ ਦਾ ਕੁਝ ਹਿੱਸਾ ਢਾਹੁਣ ਦੇ ਹੁਕਮ ਜਾਰੀ ਹੋਏ ਹਨ। ਇਹ ਹੁਕਮ ਐੱਨ.ਜੀ.ਟੀ. ਵੱਲੋਂ ਜਾਰੀ ਕੀਤੇ ਗਏ ਹਨ। ਜਾਣਕਾਰੀ ਮੁਤਾਬਕ ਐੱਨ.ਜੀ.ਟੀ. ਦਿੱਲੀ ਦੀ ਅਦਾਲਤ ਵਿਚ ਜਸਟਿਸ ਪ੍ਰਕਾਸ਼ ਸ੍ਰੀਵਾਸਤਵਾ ਚੇਅਰਪਰਸਨ, ਜਸਟਿਸ ਅਰੁਨ ਕੁਮਾਰ ਤਿਆਗੀ ਜੁਡੀਸ਼ੀਅਲ ਮੈਂਬਰ ਅਤੇ ਡਾ. ਅਫਰੋਜ਼ ਅਹਿਮਦ ਦੇ ਬੈਂਚ ਵੱਲੋਂ ਜਾਰੀ ਹੁਕਮਾਂ ਵਿਚ ਮਾਲਬਰੋਜ਼ ਸ਼ਰਾਬ ਫੈਕਟਰੀ ਜ਼ੀਰਾ ਨੂੰ ਬੰਦ ਕਰਨ ਅਤੇ ਇਕ ਹਿੱਸਾ ਢਾਹੁਣ ਲਈ ਆਖਿਆ ਹੈ।




# ਰੂਸੀ ਤੇਲ ਦਰਾਮਦ ਕਰਨ ਵਾਲੇ ਦੇਸ਼ਾਂ 'ਤੇ ਟੈਕਸ ਲਾਉਣ ਦੀ ਅਮਰੀਕੀ ਮੰਗ ਨੂੰ ਚੀਨ ਨੇ ਦੱਸਿਆ ਧੱਕੇਸ਼ਾਹੀ

**ਬੀਜਿੰਗ, (ਪੰਜਾਬ ਮੇਲ)-** ਬੀਜਿੰਗ ਨੇ ਸੋਮਵਾਰ ਨੂੰ ਜੀ7 ਅਤੇ ਨਾਟੋ ਦੇਸ਼ਾਂ ਨੂੰ ਚੀਨ ਅਤੇ ਰੂਸੀ ਤੇਲ ਦਰਾਮਦ ਕਰਨ ਵਾਲੇ ਹੋਰ ਦੇਸ਼ਾਂ 'ਤੇ ਟੈਕਸ ਲਗਾਉਣ ਦੀ ਅਮਰੀਕੀ ਮੰਗ ਨੂੰ "ਇਕਪਾਸੜ ਧੱਕੇਸ਼ਾਹੀ" ਅਤੇ "ਆਰਥਿਕ ਜ਼ਬਰਦਸਤੀ" ਦੀ ਇੱਕ ਖਾਸ ਕਾਰਵਾਈ ਦੱਸਿਆ ਅਤੇ ਚੇਤਾਵਨੀ ਦਿੱਤੀ ਕਿ ਜੇ ਵਾਸ਼ਿੰਗਟਨ ਦੀ ਮੰਗ ਮੰਨੀ ਗਈ, ਤਾਂ ਉਹ ਜਵਾਬੀ ਕਾਰਵਾਈ ਕਰੇਗਾ।

- **ਜਵਾਬੀ ਕਾਰਵਾਈ ਦੀ ਦਿੱਤੀ ਚੇਤਾਵਨੀ**
- **ਅਮਰੀਕਾ ਨੇ ਜੀ7, ਨਾਟੋ ਨੂੰ ਰੂਸ ਤੋਂ ਤੇਲ ਦਰਾਮਦ ਕਰਨ ਵਾਲਿਆਂ 'ਤੇ ਟੈਰਿਫ ਲਗਾਉਣ ਦੀ ਕੀਤੀ ਸੀ ਮੰਗ**

ਸੋਮਵਾਰ ਨੂੰ ਸਪੇਨ ਵਿਚ ਆਰਥਿਕ ਅਤੇ ਵਪਾਰਕ ਮੁੱਦਿਆਂ 'ਤੇ ਚੀਨੀ ਅਤੇ ਅਮਰੀਕੀ ਵਫ਼ਦਾਂ ਵਿਚਕਾਰ ਉਨ੍ਹਾਂ ਦੀ ਗੱਲਬਾਤ ਦੇ ਦੂਜੇ ਦਿਨ ਮੁੜ ਮੁਲਾਕਾਤ ਦੌਰਾਨ ਅਮਰੀਕਾ ਦੀ ਇਸ ਮੰਗ ਨੂੰ ਚੀਨ ਨੇ ਖਾਰਜ ਕੀਤਾ।

ਇੱਕ ਨਿਯਮਤ ਨਿਊਜ਼ ਬ੍ਰੀਫਿੰਗ ਵਿਚ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲਿਨ ਜਿਆਨ ਨੇ ਕਿਹਾ ਕਿ ਰੂਸ ਸਮੇਤ ਦੁਨੀਆਂ ਭਰ ਦੇ ਦੇਸ਼ਾਂ ਨਾਲ ਚੀਨ ਦਾ ਆਮ ਆਰਥਿਕ ਅਤੇ ਊਰਜਾ ਸਹਿਯੋਗ ਜਾਇਜ਼, ਕਾਨੂੰਨੀ ਅਤੇ ਬੇਦਾਗ ਹੈ।

ਲਿਨ ਨੇ ਕਿਹਾ, "ਅਮਰੀਕਾ ਦਾ ਇਹ ਕਦਮ ਇਕਪਾਸੜ ਧੱਕੇਸ਼ਾਹੀ ਅਤੇ ਆਰਥਿਕ ਜ਼ਬਰਦਸਤੀ ਦੀ ਇੱਕ ਖਾਸ ਕਾਰਵਾਈ ਹੈ, ਜੋ ਅੰਤਰਰਾਸ਼ਟਰੀ ਵਪਾਰ ਨਿਯਮਾਂ ਨੂੰ ਗੰਭੀਰ ਕਮਜ਼ੋਰ ਕਰਦਾ ਹੈ ਅਤੇ ਵਿਸ਼ਵ ਉਦਯੋਗਿਕ ਅਤੇ ਸਪਲਾਈ ਲੜੀਆਂ ਦੀ ਸੁਰੱਖਿਆ ਅਤੇ ਸਥਿਰਤਾ ਨੂੰ ਖ਼ਤਰਾ ਪਹੁੰਚਾਉਂਦਾ ਹੈ।"

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਯੂਕਰੇਨ ਸੰਘਰਸ਼ ਨੂੰ ਖਤਮ ਕਰਨ ਵਿਚ ਮਦਦ ਲਈ ਨਾਟੋ ਦੇਸ਼ਾਂ ਨੂੰ ਚੀਨ 'ਤੇ 50 ਤੋਂ 100 ਫੀਸਦੀ ਟੈਕਸ ਲਗਾਉਣੇ ਚਾਹੀਦੇ ਹਨ ਅਤੇ ਰੂਸ ਤੋਂ ਤੇਲ ਖਰੀਦਣਾ ਬੰਦ ਕਰ ਦੇਣਾ ਚਾਹੀਦਾ ਹੈ।

## ਮੈਟਰੀਮੋਨੀਅਲ

ਜੱਟ ਸਿੱਖ ਗਰੇਵਾਲ ਲੜਕਾ, ਜਨਮ 1998, ਕੱਦ 6 ਫੁੱਟ 1 ਇੰਚ, Diploma in Designing Drafting, ਵਿਜ਼ਟਰ 'ਤੇ ਅਮਰੀਕਾ ਰਹਿ ਰਹੇ, ਸੋਹਣੇ-ਸੁਨੱਖੇ, ਨਸ਼ਿਆਂ ਤੋਂ ਰਹਿਤ ਲਈ ਅਮਰੀਕੀ ਜਾਂ ਕੈਨੇਡੀਅਨ ਇਮੀਗ੍ਰੈਂਟ ਜਾਂ ਸਿਟੀਜ਼ਨ, ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲੜਕੀ 'ਤੇ ਵੀ ਵਿਚਾਰ ਕੀਤਾ ਜਾਵੇਗਾ। ਜਾਣਕਾਰੀ ਲਈ : +1-604-749-2805 (whatsapp) 'ਤੇ ਸੰਪਰਕ ਕਰੋ।

871

# ਪਤਨੀ ਨੇ 4 ਮਹੀਨੇ ਦੇ ਵਰਕ ਵੀਜ਼ੇ 'ਤੇ ਪਤੀ ਨੂੰ ਕੈਨੇਡਾ ਬੁਲਾ ਕੇ ਪੁਲਿਸ ਨੂੰ ਫੜਵਾਇਆ

**ਫਿਰੋਜ਼ਪੁਰ, (ਪੰਜਾਬ ਮੇਲ)-** 29 ਲੱਖ 89 ਹਜ਼ਾਰ 793 ਰੁਪਏ ਦੀ ਫੀਸ ਭਰ ਕੇ ਸਹੁਰੇ ਪਰਿਵਾਰ ਵੱਲੋਂ ਨੂੰਹ ਨੂੰ ਕੈਨੇਡਾ ਭੇਜਿਆ ਗਿਆ ਅਤੇ ਨੂੰਹ ਨੇ ਆਪਣੇ ਪਤੀ ਨੂੰ 4 ਮਹੀਨੇ ਦੇ ਵਰਕ ਵੀਜ਼ੇ 'ਤੇ ਬੁਲਾ ਕੇ ਕੈਨੇਡੀਅਨ ਪੁਲਿਸ ਨੂੰ ਫੜਵਾ ਦਿੱਤਾ। ਇਸ ਘਟਨਾ ਸਬੰਧੀ ਲੜਕੇ ਦੇ ਪਿਤਾ ਵੱਲੋਂ ਦਿੱਤੀ ਗਈ ਅਰਜ਼ੀ ਦੇ ਆਧਾਰ 'ਤੇ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਿਸ ਨੇ ਨੂੰਹ ਅਤੇ ਉਸ ਦੇ ਮਾਤਾ-ਪਿਤਾ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।

- **29 ਲੱਖ ਲਾ ਕੇ ਸਹੁਰੇ ਪਰਿਵਾਰ ਨੇ ਨੂੰਹ ਨੂੰ ਭੇਜਿਆ ਸੀ ਕੈਨੇਡਾ**

ਇਹ ਜਾਣਕਾਰੀ ਦਿੰਦੇ ਹੋਏ ਏ.ਐੱਸ.ਆਈ. ਭੁਪਿੰਦਰ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਜਗਤਾਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਜ਼ੀਰਾ ਗੇਟ ਫਿਰੋਜ਼ਪੁਰ ਸ਼ਹਿਰ ਨੇ ਪੁਲਿਸ ਅਧਿਕਾਰੀਆਂ ਨੂੰ ਦਿੱਤੀ ਲਿਖਤੀ ਦਰਖਾਸਤ 'ਚ ਦੋਸ਼ ਲਾਇਆ ਹੈ ਕਿ ਉਸ ਦੀ ਨੂੰਹ ਦਵਿੰਦਰ ਕੌਰ ਵਾਸੀ ਪਿੰਡ ਤੂਤ ਅਤੇ ਉਸ ਦੀ ਮਾਂ ਪਰਮਜੀਤ ਕੌਰ ਅਤੇ ਪਿਤਾ ਮੱਖਣ ਸਿੰਘ ਨੇ ਸ਼ਿਕਾਇਤਕਰਤਾ ਦੇ ਲੜਕੇ ਮਨਪ੍ਰੀਤ ਸਿੰਘ ਨਾਲ ਰਿਸ਼ਤਾ ਕਰਦੇ ਸਮੇਂ ਦਵਿੰਦਰ ਕੌਰ ਦੀ ਪੜ੍ਹਾਈ ਦਾ ਸਾਰਾ ਖਰਚਾ 29 ਲੱਖ 89 ਹਜ਼ਾਰ 793 ਰੁਪਏ ਦਵਿੰਦਰ ਕੌਰ ਦੇ ਮਾਤਾ-ਪਿਤਾ ਦੇ ਖਾਤੇ 'ਚ ਟਰਾਂਸਫਰ ਕਰਵਾਇਆ ਸੀ ਅਤੇ ਲੜਕੀ ਦਵਿੰਦਰ ਕੌਰ ਨੇ ਕੈਨੇਡਾ ਵਿਚ ਜਾ ਕੇ ਸ਼ਿਕਾਇਤਕਰਤਾ ਦੇ ਲੜਕੇ ਨੂੰ 4 ਮਹੀਨੇ ਦੇ ਵਰਕ ਵੀਜ਼ਾ 'ਤੇ ਕੈਨੇਡਾ ਬੁਲਾ ਲਿਆ ਅਤੇ ਉਸ ਨੂੰ ਇਕ ਸਾਜ਼ਿਸ਼ ਤਹਿਤ ਕੈਨੇਡਾ ਦੀ ਪੁਲਿਸ ਨੂੰ ਫੜਵਾ ਦਿੱਤਾ ਅਤੇ ਉਸ ਦੇ ਖਿਲਾਫ ਤਲਾਕ ਦਾ ਨੋਟਿਸ ਭੇਜ ਕੇ ਉਸ ਨਾਲ ਧੋਖਾਦੇਹੀ ਕੀਤੀ।

ਸ਼ਿਕਾਇਤਕਰਤਾ ਦੇ ਅਨੁਸਾਰ ਦਵਿੰਦਰ ਕੌਰ ਵੱਲੋਂ ਸਟੱਡੀ ਵੀਜ਼ਾ ਦੀ ਫਾਈਲ ਲਾਉਂਦੇ ਸਮੇਂ ਬੀ.ਐੱਸ.ਸੀ. ਨਾਨ ਮੈਡੀਕਲ ਦੀ ਦੇਸ਼ ਭਗਤੀ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਤੋਂ ਸਾਲ 2017 ਦੀ ਜਾਅਲੀ ਡਿਗਰੀ ਪੇਸ਼ ਕਰ ਕੇ ਉਸ ਨਾਲ ਧੋਖਾ ਕੀਤਾ ਗਿਆ ਹੈ। ਏ.ਐੱਸ.ਆਈ. ਭੁਪਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਲੜਕੀ ਅਤੇ ਉਸ ਦੇ ਮਾਤਾ-ਪਿਤਾ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ ਅਤੇ ਉਨ੍ਹਾਂ ਖਿਲਾਫ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## MATRIMONIAL

South Indian man, 65, (Look's 50), 5'-7", transportation business. looking a good loving girl of any age. Down to earth, anyone interested to living together. Pls send a photograph and little information with phone number. He can live anywhere in USA. Cell: 727-870-0052

855

PUNJAB MAIL USA

TV Channel, Newspaper, Radio

All over America, Canada, Australia & Europe

All over America, Canada, Australia & Europe

24 Hours 7 Days

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com



Gold # 2867, Gem # 375, TV Zon # 6888, Glow TV # 1828, Tashan # 131, Real TV etc.

For any Information & Advertisement Call at

+1-916-320-9444

# ਯੂ.ਕੇ. ਵਿਚ ਭਾਰਤੀ ਲੜਕੀ ਨਾਲ ਜਬਰ-ਜਨਾਹ

■ **ਗੋਰਿਆਂ ਨੇ ਨਸਲੀ ਟਿੱਪਣੀਆਂ ਕਰਦਿਆਂ ਆਪਣੇ ਦੇਸ਼ ਵਾਪਸ ਜਾਣ ਲਈ ਕਿਹਾ**

**ਬਰਮਿੰਘਮ, (ਪੰਜਾਬ ਮੇਲ)-** ਬ੍ਰਿਟੇਨ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਕਰੀਬ 25 ਸਾਲਾ ਸਿੱਖ ਕੁੜੀ ਨਾਲ ਦਿਨ-ਦਿਹਾੜੇ ਹੈਵਾਨੀਅਤ ਦੀਆਂ ਹੱਦਾਂ ਪਾਰ ਕੀਤੀਆਂ ਗਈਆਂ।

ਜਾਣਕਾਰੀ ਅਨੁਸਾਰ ਇਹ ਘਟਨਾ ਬਰਮਿੰਘਮ ਦੇ ਉਲਡਬਰੀ ਨੇੜੇ ਮੰਗਲਵਾਰ ਨੂੰ ਵਾਪਰੀ, ਜਿੱਥੇ 2 ਇੰਗਲਿਸ਼ ਮੂਲ ਦੇ 2 ਨੌਜਵਾਨਾਂ ਨੇ ਇਕ ਬ੍ਰਿਟਿਸ਼ ਸਿੱਖ ਕੁੜੀ 'ਤੇ ਦਿਨ ਦਿਹਾੜੇ ਨਸਲੀ ਟਿੱਪਣੀਆਂ ਕੀਤੀਆਂ ਗਈਆਂ, ਉਸ ਨਾਲ ਕੁੱਟਮਾਰ ਕੀਤੀ ਗਈ ਤੇ ਜਬਰ-ਜਨਾਹ ਕੀਤਾ ਗਿਆ। ਦੱਸਿਆ ਜਾ ਰਿਹਾ ਹੈ ਕਿ ਇਹ ਘਟਨਾ ਮੰਗਲਵਾਰ ਸਵੇਰੇ 8 ਵਜੇ ਤੋਂ 8.30 ਵਜੇ ਦੇ ਵਿਚਾਲੇ ਵਾਪਰੀ।

ਇਸ ਘਟਨਾ ਕਾਰਨ ਸਥਾਨਕ ਸਿੱਖ ਭਾਈਚਾਰੇ ਵਿਚ ਗੁੱਸਾ ਪੈਦਾ ਹੋ ਗਿਆ ਹੈ। ਇਸ ਘਟਨਾ ਨੂੰ ਲੈ ਕੇ ਸਿੱਖ ਭਾਈਚਾਰੇ ਵੱਲੋਂ ਸਮੈਦਵਿਕ ਦੇ ਗੁਰੂ ਨਾਨਕ ਗੁਰਦੁਆਰੇ ਵਿਚ ਮੀਟਿੰਗ ਕੀਤੀ ਗਈ।

ਸੈਂਡਵੈੱਲ ਪੁਲਿਸ ਦੇ ਚੀਫ਼ ਸੁਪਰਡੈਂਟ ਕਿਮ ਮੈਡਿਲ ਨੇ ਕਿਹਾ: "ਅਸੀਂ ਪੂਰੀ ਤਰ੍ਹਾਂ ਸਮਝਦੇ ਹਾਂ ਕਿ ਇਸ ਕਾਰਨ ਕਿੰਨਾ ਦੁੱਖ ਅਤੇ ਡਰ ਪੈਦਾ ਹੋਇਆ ਹੈ। ਅਸੀਂ ਜ਼ਿੰਮੇਵਾਰ ਲੋਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਕੰਮ ਕਰ ਰਹੇ ਹਾਂ। ਫੋਰੈਂਸਿਕ ਅਤੇ ਸੀ.ਸੀ.ਟੀ.ਵੀ. ਜਾਂਚਾਂ ਚੱਲ ਰਹੀਆਂ ਹਨ ਅਤੇ ਲੋਕਾਂ ਨੂੰ ਭਰੋਸਾ ਦਿਵਾਉਣ ਲਈ ਵਾਧੂ ਪੁਲਿਸ ਤਾਇਨਾਤ ਕੀਤੀ ਗਈ ਹੈ।"

ਉਸੇ ਦਿਨ ਬਾਅਦ ਵਿਚ ਨੇੜੇ ਦੇ ਵੈਸਟ ਬ੍ਰੋਮਵਿਚ ਦੇ ਕੇਨਰਿਕ ਪਾਰਕ ਵਿਚ ਦੁਪਹਿਰ 12:15 ਵਜੇ ਦੇ ਕਰੀਬ ਇੱਕ ਦੂਜੇ ਜਿਨਸੀ ਹਮਲੇ ਦੀ ਜਾਣਕਾਰੀ ਮਿਲੀ। ਉਸ ਘਟਨਾ ਦੀ ਵੀ ਜਾਂਚ ਚੱਲ ਰਹੀ ਹੈ, ਹਾਲਾਂਕਿ ਇਹ ਅਜੇ ਸਪੱਸ਼ਟ ਨਹੀਂ ਹੈ ਕਿ ਕੀ ਦੋਵੇਂ ਹਮਲੇ ਆਪਸ ਵਿਚ ਜੁੜੇ ਹੋਏ ਹਨ।

ਪੱਛਮੀ ਮਿਡਲੈਂਡਜ਼ ਪੁਲਿਸ ਨੇ ਲੋਕਾਂ ਨੂੰ ਇਸ ਘਟਨਾ ਬਾਰੇ ਜਾਣਕਾਰੀ ਸਾਂਝੀ ਕਰਨ ਦੀ ਅਪੀਲ ਕੀਤੀ ਹੈ।

ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

Help Wanted in Missouri
ਲੋੜ ਹੈ
ਨੌਕਰੀ ਦੇ ਮੌਕੇ -ਸਾਡੇ ਕੋਲ ਮਿਸੂਰੀ ਏਰੀਆ ਵਿਚ ਕਈ ਅਸਾਮੀਆਂ ਖਾਲੀ ਹਨ। ਹੇਠਾਂ ਦਿੱਤੀਆਂ ਜਗ੍ਹਾਂ ਲਈ ਕਰਮਚਾਰੀਆਂ ਦੀ ਲੋੜ ਹੈ:
■ ਗੈਸ ਸਟੇਸ਼ਨ ■ ਲਿਕੁਰ ਸਟੋਰ ■ ਪੰਜਾਬੀ ਰੈਸਟੋਰੈਂਟ
ਅਸਾਮੀਆਂ: ਕੈਸ਼ਿਅਰ / ਦੁਕਾਨ ਸਹਾਇਕ / ਰਸੋਈ ਸਹਾਇਕ/ ਰਸੋਈਏ / ਸਫਾਈ ਕਰਮਚਾਰੀ
■ ਪਹਿਲਾਂ ਦਾ ਤਜਰਬਾ ਵਧੀਆ ਹੈ ਪਰ ਜ਼ਰੂਰੀ ਨਹੀਂ (ਟ੍ਰੇਨਿੰਗ ਦਿੱਤੀ ਜਾਵੇਗੀ)
■ ਬੁਨਿਆਦੀ ਅੰਗਰੇਜ਼ੀ ਜਾਂ ਪੰਜਾਬੀ ਬੋਲੀ ਜਾਣੀ ਚਾਹੀਦੀ
ਸੰਪਰਕ ਕਰੋ: ਜੇਕਰ ਤੁਸੀਂ ਦਿਲਚਸਪੀ ਰੱਖਦੇ ਹੋ, ਤਾਂ ਇਸ ਨੰਬਰ 'ਤੇ ਸੰਪਰਕ ਕਰੋ: 417-382-9100 869

# ਪਿਛਲੇ 5 ਸਾਲਾਂ ਦੌਰਾਨ 633 ਭਾਰਤੀ ਵਿਦਿਆਰਥੀ ਨੇ ਵਿਦੇਸ਼ਾਂ 'ਚ ਗੁਆਈ ਜਾਨ

■ **ਕੈਨੇਡਾ ਪਹਿਲੇ ਸਥਾਨ 'ਤੇ; ਦੂਜੇ ਨੰਬਰ 'ਤੇ ਅਮਰੀਕਾ**

**ਨਵੀਂ ਦਿੱਲੀ, (ਪੰਜਾਬ ਮੇਲ)-** ਲੰਬੇ ਸਮੇਂ ਤੋਂ ਭਾਰਤੀ ਨੌਜਵਾਨ ਚੰਗੇ ਭਵਿੱਖ ਲਈ ਅਮਰੀਕਾ-ਕੈਨੇਡਾ ਸਣੇ ਕਈ ਦੇਸ਼ਾਂ 'ਚ ਜਾ ਕੇ ਸੈਟਲ ਹੋਣਾ ਚਾਹੁੰਦੇ ਹਨ। ਇਸ ਦੌਰਾਨ ਉੱਥੇ ਉਨ੍ਹਾਂ ਨਾਲ ਕਈ ਅਣਸੁਖਾਵੀਆਂ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ, ਜਿਸ ਕਾਰਨ ਕਈਆਂ ਨੂੰ ਆਪਣੀ ਜਾਨ ਵੀ ਗੁਆਉਣੀ ਪੈ ਜਾਂਦੀ ਹੈ। ਇਸੇ ਦੌਰਾਨ ਇਕ ਡਰਾਉਣੀ ਰਿਪੋਰਟ ਵੀ ਸਾਹਮਣੇ ਆ ਰਹੀ ਹੈ, ਜਿਸ ਨੇ ਸਭ ਦੇ ਹੋਸ਼ ਉਡਾ ਦਿੱਤੇ ਹਨ।

ਰਿਪੋਰਟ ਅਨੁਸਾਰ ਪਿਛਲੇ 5 ਸਾਲਾਂ ਦੌਰਾਨ (2019 ਤੋਂ) ਵਿਦੇਸ਼ਾਂ 'ਚ ਪੜ੍ਹਾਈ ਕਰ ਰਹੇ 633 ਭਾਰਤੀ ਵਿਦਿਆਰਥੀ ਵੱਖ-ਵੱਖ ਕਾਰਨਾਂ ਕਾਰਨ ਮਾਰੇ ਗਏ ਹਨ, ਜਿਨ੍ਹਾਂ ਵਿਚ ਕੁਝ ਮੌਤਾਂ ਕੁਦਰਤੀ ਕਾਰਨਾਂ, ਦੁਰਘਟਨਾਵਾਂ ਜਾਂ ਮੈਡੀਕਲ ਮਾਮਲਿਆਂ ਕਾਰਨ ਹੋਈਆਂ ਹਨ। ਇਸ ਦੌਰਾਨ ਸਭ ਤੋਂ ਵੱਧ ਮੌਤਾਂ ਕੈਨੇਡਾ ਵਿਚ (172) ਹੋਈਆਂ, ਜਦਕਿ ਦੂਜੇ ਨੰਬਰ 'ਤੇ ਅਮਰੀਕਾ ਹੈ, ਜਿੱਥੇ 108 ਮੌਤਾਂ ਹੋਈਆਂ। ਇਨ੍ਹਾਂ ਤੋਂ ਇਲਾਵਾ ਇੰਗਲੈਂਡ (58), ਆਸਟ੍ਰੇਲੀਆ (57), ਰੂਸ (37) ਤੇ ਜਰਮਨੀ ਵੀ ਇਸ ਮਾਮਲੇ 'ਚ ਕਾਫ਼ੀ ਅੱਗੇ ਹਨ। ਇਸ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਸਭ ਤੋਂ ਵੱਧ ਮੌਤਾਂ ਵੀ ਕੈਨੇਡਾ 'ਚ ਹੋਈਆਂ।

ਇਸ ਨੂੰ ਦੇਖਦੇ ਹੋਏ ਪ੍ਰਸ਼ਾਸਨ ਨੇ ਕਿਹਾ ਕਿ ਵਿਦਿਆਰਥੀਆਂ ਦੀ ਸੁਰੱਖਿਆ ਉਨ੍ਹਾਂ ਲਈ ਸਭ ਤੋਂ ਉੱਪਰ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਲੋਕ ਸਭਾ 'ਚ ਦੱਸਿਆ ਕਿ ਵਿਦੇਸ਼ਾਂ ਵਿਚ ਭਾਰਤੀਆਂ ਨਾਲ ਸਬੰਧਤ ਮਿਸ਼ਨ/ਪੋਸਟ ਨਿਵਾਸਾਂ ਦੇ ਸੰਪਰਕ ਵਿਚ ਹਨ, ਵਿਦੇਸ਼ ਜਾਣ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਚੇਤਾਵਨੀਆਂ ਦਿੱਤੀਆਂ ਜਾਂਦੀਆਂ ਹਨ ਤੇ ਉਨ੍ਹਾਂ ਨੂੰ "ਮਦਦ ਪੋਰਟਲ" ਵਰਗੇ ਡਿਵਾਈਸਾਂ 'ਤੇ ਅਪਡੇਟ ਰਹਿਣ ਦੀ ਤਾਕੀਦ ਕੀਤੀ ਜਾਂਦੀ ਹੈ।

# ਭਾਰਤ ਵਲੋਂ ਫਲਸਤੀਨ ਨੂੰ ਰਾਜ ਦਾ ਦਰਜਾ ਦੇਣ ਦੇ ਹੱਕ 'ਚ ਸਮਰਥਨ

■ **ਫਰਾਂਸ ਵਲੋਂ ਪੇਸ਼ ਮਤੇ ਨੂੰ 142 ਦੇਸ਼ਾਂ ਵਲੋਂ ਸਮਰਥਨ; ਇਜ਼ਰਾਈਲ ਤੇ ਫਲਸਤੀਨ ਦਰਮਿਆਨ ਸ਼ਾਂਤੀ ਸਥਾਪਤ ਕਰਨ 'ਤੇ ਜ਼ੋਰ**

**ਨਵੀਂ ਦਿੱਲੀ, (ਪੰਜਾਬ ਮੇਲ)-** ਸੰਯੁਕਤ ਰਾਸ਼ਟਰ ਮਹਾਸਭਾ ਵਿਚ ਇਕ ਅਹਿਮ ਮਤਾ ਪਾਸ ਹੋਇਆ, ਜਿਸ ਵਿਚ ਭਾਰਤ ਸਣੇ 142 ਦੇਸ਼ਾਂ ਨੇ ਸਮਰਥਨ ਦਿੱਤਾ। ਇਹ ਮਤਾ ਫਰਾਂਸ ਦੇ ਪੇਸ਼ ਕੀਤਾ ਜਿਸ ਦਾ ਮੰਤਵ ਇਜ਼ਰਾਈਲ ਤੇ ਫਲਸਤੀਨ ਵਿਚ ਸ਼ਾਂਤੀ ਸਥਾਪਤ ਕਰਨ ਨੂੰ ਹੁਲਾਰਾ ਦੇਣਾ ਸੀ ਤੇ ਦੋ ਰਾਜ ਪ੍ਰਣਾਲੀ ਨੂੰ ਲਾਗੂ ਕਰਨਾ ਸੀ। ਭਾਰਤ ਨੇ ਸੰਯੁਕਤ ਰਾਸ਼ਟਰ ਵਿਚ ਫਲਸਤੀਨ ਨੂੰ ਰਾਜ ਦਾ ਦਰਜਾ ਦੇਣ ਦੇ ਹੱਕ ਵਿਚ ਵੋਟ ਪਾਈ। ਇਸ ਪ੍ਰਸਤਾਵ ਵਿਚ ਅਕਤੂਬਰ 2023 ਵਿਚ ਹਮਾਸ ਵਲੋਂ ਇਜ਼ਰਾਈਲ 'ਤੇ ਕੀਤੇ ਗਏ ਹਮਲੇ ਦੀ ਵੀ ਨਿਖੇਧੀ ਕੀਤੀ ਗਈ, ਜਿਸ ਵਿਚ 1200 ਲੋਕ ਮਾਰੇ ਗਏ ਸਨ ਤੇ ਢਾਈ ਸੌ ਤੋਂ ਜ਼ਿਆਦਾ ਨੂੰ ਬੰਦੀ ਬਣਾਇਆ ਗਿਆ ਸੀ। ਇਸ ਦੇ ਨਾਲ ਹੀ ਗਾਜ਼ਾ ਵਿਚ ਇਜ਼ਰਾਈਲ ਦੀ ਜਵਾਬੀ ਕਾਰਵਾਈ ਦੀ ਵੀ ਨਿਖੇਧੀ ਕੀਤੀ ਗਈ, ਜਿਸ ਵਿਚ ਤਬਾਹੀ ਦਾ ਜ਼ਿਕਰ ਕੀਤਾ ਗਿਆ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ


e-Baba Entertainment App ਨੂੰ Download ਕਰੋ।
ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.


Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।


ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

ਅਸੀਂ ਤੁਹਾਡਾ ਕ੍ਰੈਡਿਟ ਰਿਪੇਅਰ ਕਰਦੇ ਹਾਂ।


ਆਪਣਾ ਕ੍ਰੈਡਿਟ ਠੀਕ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ।
CONTACT US
(916) 465-3200
(916) 471-5505
WHAT WE DO
BOOSTING YOUR CREDIT SCORE
ਅਸੀਂ ਤੁਹਾਡਾ ਕ੍ਰੈਡਿਟ ਸਕੋਰ ਵਧਾ ਸਕਦੇ ਹਾਂ।
WE CAN HELP WITH
● COLLECTIONS
● LATE PAYMENTS
● HARD INQUIRIES
● CHARGED OFF
● AND MORE.....
VISIT MORE
www.freemanfinsvcs.com

# ਨੇਪਾਲ ’ਚ 5 ਮਾਰਚ ਨੂੰ ਹੋਣਗੀਆਂ ਸੰਸਦੀ ਚੋਣਾਂ



**ਕਾਠਮੰਡੂ, (ਪੰਜਾਬ ਮੇਲ)-** ਨੇਪਾਲ ਵਿਚ ਅਗਲੀਆਂ ਸੰਸਦੀ ਚੋਣਾਂ ਅਗਲੇ ਸਾਲ 5 ਮਾਰਚ ਨੂੰ ਹੋਣਗੀਆਂ। ਇਸ ਸੰਬੰਧੀ ਰਾਸ਼ਟਰਪਤੀ ਦਫ਼ਤਰ ਨੇ ਐਲਾਨ ਕਰਦਿਆਂ ਇਹ ਜਾਣਕਾਰੀ ਦਿੱਤੀ।

ਹਫ਼ਤਾ ਭਰ ਚੱਲੇ ਹਿੰਸਕ ਵਿਰੋਧ ਪ੍ਰਦਰਸ਼ਨਾਂ ਕਾਰਨ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਵੱਲੋਂ ਅਸਤੀਫਾ ਦੇਣ ਤੋਂ ਬਾਅਦ ਬੀਤੇ ਦਿਨ ਸੁਸ਼ੀਲਾ ਕਾਰਕੀ (73) ਨੇ ਦੇਸ਼ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਵਜੋਂ ਅਹੁਦਾ ਹਲਫ਼ ਲਿਆ ਅਤੇ ਅਹੁਦੇ ਦਾ ਕਾਰਜਭਾਰ ਸੰਭਲਿਆ ਹੈ।

ਰਾਸ਼ਟਰਪਤੀ ਪੌਡੇਲ ਨੇ ਨਵੇਂ ਨਿਯੁਕਤ ਪ੍ਰਧਾਨ ਮੰਤਰੀ ਦੀ ਸਿਫ਼ਾਰਸ਼ ’ਤੇ ਪ੍ਰਤੀਨਿਧੀ ਸਭਾ ਨੂੰ ਭੰਗ ਕਰਦੇ ਹੋਏ ਕਿਹਾ ਕਿ ਅਗਲੀਆਂ ਸੰਸਦੀ ਚੋਣਾਂ 5 ਮਾਰਚ ਨੂੰ ਹੋਣਗੀਆਂ। ਜ਼ਿਕਰਯੋਗ ਹੈ ਕਿ ਮੁਲਕ ’ਚ ਸੋਸ਼ਲ ਮੀਡੀਆ ’ਤੇ ਪਾਬੰਦੀ ਲਗਾਉਣ ਅਤੇ ਕੇ ਪੀ ਸ਼ਰਮਾ ਓਲੀ ਦੀ ਅਗਵਾਈ ਹੇਠਲੀ ਸਰਕਾਰ ’ਚ ਵਧ ਰਹੇ ਭ੍ਰਿਸ਼ਟਾਚਾਰ ਤੋਂ ਤੰਗ ਆ ਕੇ ਨੌਜਵਾਨ ਸੋਮਵਾਰ ਨੂੰ ਸੜਕਾਂ ’ਤੇ ਆ ਗਏ ਸਨ, ਜਿਸ ਕਾਰਨ ਓਲੀ ਨੂੰ ਅਹੁਦੇ ਤੋਂ ਲਾਂਭੇ ਹੋਣਾ ਪਿਆ ਸੀ। ਉਧਰ ‘ਜੈਨ ਜ਼ੀ’ ਦੇ ਹਿੰਸਕ ਪ੍ਰਦਰਸ਼ਨਾਂ ’ਚ ਮ੍ਰਿਤਕਾਂ ਦੀ ਗਿਣਤੀ ਵਧ ਕੇ 51 ਹੋ ਗਈ ਹੈ, ਜਿਸ ’ਚ ਇਕ ਭਾਰਤੀ ਅਤੇ ਤਿੰਨ ਪੁਲਿਸ ਕਰਮੀ ਵੀ ਸ਼ਾਮਲ ਹਨ।

ਦੂਜੇ ਪਾਸੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨੇਪਾਲ ਦੀ ਅੰਤਰਿਮ ਪ੍ਰਧਾਨ ਮੰਤਰੀ ਸੁਸ਼ੀਲਾ ਕਾਰਕੀ ਨੂੰ ਅਹੁਦਾ ਸੰਭਾਲਣ ’ਤੇ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਨਿਯੁਕਤੀ ਨੂੰ ‘ਮਹਿਲਾ ਸ਼ਕਤੀਕਰਨ ਦੀ ਸ਼ਾਨਦਾਰ ਮਿਸਾਲ’ ਕਰਾਰ ਦਿੱਤਾ ਹੈ।

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਨਹੀਂ ਜਾਵੇਗਾ ਸ਼ਰਧਾਲੂਆਂ ਦਾ ਜਥਾ

**ਅੰਮ੍ਰਿਤਸਰ, (ਪੰਜਾਬ ਮੇਲ)-** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਵਿਖੇ ਹੋਣ ਵਾਲੇ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਅਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਲਈ ਪਾਕਿਸਤਾਨ ਜਾਣ ਵਾਲਾ ਸਿੱਖ ਸ਼ਰਧਾਲੂਆਂ ਦਾ ਜਥਾ ਇਸ ਵਾਰ ਨਹੀਂ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਸਿੱਖ ਸ਼ਰਧਾਲੂਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਜਾਣ ਲਈ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦਫ਼ਤਰ ਦੇ ਯਾਤਰਾ ਵਿਭਾਗ ਵਿਖੇ ਜਮ੍ਹਾਂ ਕਰਵਾਏ ਸਨ।



## ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਕੇਂਦਰ ਸਰਕਾਰ ਵੱਲੋਂ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ’ਤੇ ਪਾਬੰਦੀ ਗੈਰ ਵਾਜਬ ਕਰਾਰ

**ਅੰਮ੍ਰਿਤਸਰ, (ਪੰਜਾਬ ਮੇਲ)-** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਵਿਖੇ ਸਥਿਤ ਇਤਿਹਾਸਕ ਗੁਰਧਾਮਾਂ ਦੀ ਯਾਤਰਾ ਲਈ ਸਿੱਖ ਜਥੇ ਨੂੰ ਭਾਰਤ ਸਰਕਾਰ ਵੱਲੋਂ ਪ੍ਰਵਾਨਗੀ ਨਾ ਦੇਣਾ ਬੇਹੱਦ ਮੰਦਭਾਗਾ ਤੇ ਨਿਰਾਸ਼ਾਜਨਕ ਫੈਸਲਾ ਹੈ। ਇਹ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਕੌਮ ਲਈ ਪਾਵਨ ਗੁਰਧਾਮਾਂ ਦੀ ਯਾਤਰਾ ਧਾਰਮਿਕ ਭਾਵਨਾ ਨਾਲ ਜੁੜੀ ਹੋਈ ਹੈ। ਕੇਂਦਰ ਸਰਕਾਰ ਵੱਲੋਂ ਇਸ ’ਤੇ ਰੁਕਾਵਟ ਨਾਲ ਸਿੱਖ ਸੰਗਤ ਦੇ ਮਨਾਂ ਨੂੰ ਗਹਿਰਾ ਦੁੱਖ ਪਹੁੰਚਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਿੱਖ ਵਿਚਾਰਧਾਰਾ ਮਨੁੱਖਤਾ ਨੂੰ ਜੋੜਦੀ ਹੈ ਅਤੇ ਆਪਸੀ ਸਦਭਾਵਨਾ ਸਿਖਾਉਂਦੀ ਹੈ। ਗੁਰੂ ਨਾਨਕ ਸਾਹਿਬ ਜੀ ਦਾ ਸੰਦੇਸ਼ ਹਰੇਕ ਧਰਮ, ਜਾਤ ਅਤੇ ਸਮਾਜ ਦੇ ਲੋਕਾਂ ਨੂੰ ਏਕਤਾ, ਪ੍ਰੇਮ ਅਤੇ ਨਿਮਰਤਾ ਵੱਲ ਪ੍ਰੇਰਿਤ ਕਰਦਾ ਹੈ। ਇਸੇ ਕਾਰਨ ਗੁਰਧਾਮਾਂ ਦੀ ਯਾਤਰਾ ਸਿਰਫ਼ ਧਾਰਮਿਕ ਹੀ ਨਹੀਂ, ਸਗੋਂ ਮਨੁੱਖੀ ਭਾਵਨਾਵਾਂ ਅਤੇ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਦਾ ਸਾਧਨ ਵੀ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਪਾਕਿਸਤਾਨ ਵਿਚਲੇ ਗੁਰਧਾਮਾਂ ਦੀ ਯਾਤਰਾ ਨਾਲ ਦੋਵਾਂ ਦੇਸ਼ਾਂ ਵਿਚਕਾਰ ਸਾਂਝੇ ਰਿਸ਼ਤੇ ਮਜ਼ਬੂਤ ਹੁੰਦੇ ਹਨ ਅਤੇ ਲੋਕਾਂ ਦੇ ਦਿਲਾਂ ਵਿਚਕਾਰ ਨੇੜਤਾ ਪੈਦਾ ਹੁੰਦੀ ਹੈ। ਇਸ ਲਈ ਸਰਕਾਰ ਵੱਲੋਂ ਇਸ ਯਾਤਰਾ ਨੂੰ ਰੋਕਣਾ ਨਿਰਾਸ਼ਾਜਨਕ ਕਦਮ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਪੱਸ਼ਟ ਕੀਤਾ ਕਿ ਭਾਰਤ ਸਰਕਾਰ ਨੇ ਸੰਗਤ ਦੀਆਂ ਭਾਵਨਾਵਾਂ ਨੂੰ ਅਣਡਿੱਠ ਕਰਕੇ ਇਹ ਫੈਸਲਾ ਕੀਤਾ ਹੈ, ਜਿਸ ਕਾਰਨ ਸਿੱਖ ਜਗਤ ਅੰਦਰ ਭਾਰੀ ਰੋਸ ਹੈ।

# ਕੈਨੇਡਾ ’ਚ ਵੀ ਇਮੀਗ੍ਰੇਸ਼ਨ ਨੀਤੀ ਦਾ ਵਿਰੋਧ ’ਚ ਸੜਕਾਂ ’ਤੇ ਉਤਰੇ ਹਜ਼ਾਰਾਂ ਲੋਕ

**ਟੋਰਾਂਟੋ, (ਪੰਜਾਬ ਮੇਲ)-** ਅਮਰੀਕਾ-ਇੰਗਲੈਂਡ ਤੋਂ ਬਾਅਦ ਹੁਣ ਕੈਨੇਡਾ ਦੇ ਲੋਕਾਂ ਨੇ ਵੀ ਪ੍ਰਵਾਸੀਆਂ ਖ਼ਿਲਾਫ਼ ਬੋਲਣਾ ਸ਼ੁਰੂ ਕਰ ਦਿੱਤਾ ਹੈ, ਹਾਲਾਂਕਿ ਸ਼ਨੀਵਾਰ ਨੂੰ ਟੋਰਾਂਟੋ ’ਚ ਪ੍ਰਵਾਸੀਆਂ ਖ਼ਿਲਾਫ਼ ਰੋਸ-ਪ੍ਰਦਰਸ਼ਨ ਕਰਨ ਵਾਲਿਆਂ ਦਾ ਇਕ ਧੜਾ ਵੀ ਪ੍ਰਵਾਸੀਆਂ ਦੇ ਹੱਕ ’ਚ ਨਿੱਤਰਿਆ ਹੈ। ਪ੍ਰਦਰਸ਼ਨਕਾਰੀ ਇਮੀਗ੍ਰੇਸ਼ਨ ਨੀਤੀ ਦਾ ਵਿਰੋਧ ਕਰ ਰਹੇ ਹਨ। ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕ੍ਰਿਸਟੀ ਪਿਟਸ ਪਾਰਕ ਵਿਚ 10 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿੱਥੇ ਸ਼ਨੀਵਾਰ ਦੁਪਹਿਰ ਨੂੰ ਇਕ ਵੱਡੀ ਇਮੀਗ੍ਰੇਸ਼ਨ ਵਿਰੋਧੀ ਰੈਲੀ ਅਤੇ ਰੋਸ-ਪ੍ਰਦਰਸ਼ਨ ਹੋਇਆ। ਪੁਲਿਸ ਨੇ ਇਕ ਸੋਸ਼ਲ ਮੀਡੀਆ ਪੋਸਟ ’ਚ ਕਿਹਾ ਕਿ ਬਲੋਰ ਸਟ੍ਰੀਟ ਵੈਸਟ ਅਤੇ ਕ੍ਰਿਸਟੀ ਸਟ੍ਰੀਟ ਦੇ ਇਲਾਕੇ ’ਚ ਦੁਪਹਿਰ 12:40 ਵਜੇ ਦੇ ਕਰੀਬ ਚੱਲ ਰਹੇ ਇਕ ਰੋਸ-ਪ੍ਰਦਰਸ਼ਨ ਵਿਚ ਹਮਲੇ ਦੇ ਦੋਸ਼ ’ਚ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਬਾਅਦ ਵਿਚ ਪੁਲਿਸ ਨੇ ਪੁਸ਼ਟੀ ਕੀਤੀ ਕਿ ਦੋਵਾਂ ਪ੍ਰਦਰਸ਼ਨਾਂ ਦੇ ਸਬੰਧ ਵਿਚ ਕੁੱਲ 10 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਲੋਕ ਸ਼ਨੀਵਾਰ ਦੁਪਹਿਰ ਨੂੰ ਟੋਰਾਂਟੋ ਦੇ ਇਕ ਪਾਰਕ ’ਚ ‘ਕੈਨੇਡਾ ਫਸਟ ਪੈਟ੍ਰਿਅਟ ਰੈਲੀ’ ਨਾਂ ਦੀ ਇਕ ਰੈਲੀ ਲਈ ਇਕੱਠੇ ਹੋਏ। ਇਕ ਇੰਸਟਾਗ੍ਰਾਮ ਪੋਸਟ ’ਚ ਪ੍ਰਬੰਧਕਾਂ ਨੇ ਕਿਹਾ ਕਿ ਉਹ ‘ਵੱਡੇ ਪੱਧਰ ’ਤੇ ਇਮੀਗ੍ਰੇਸ਼ਨ’ ਨੂੰ ਰੋਕਣ ਦੀ ਮੰਗ ਕਰ ਰਹੇ ਹਨ।

ਪੋਸਟ ਵਿਚ ਲਿਖਿਆ ਸੀ, ‘ਇਹ ਸੱਚੇ ਕੈਨੇਡੀਅਨ ਦੇਸ਼ ਭਗਤਾਂ ਲਈ ਇਕੱਠੇ ਖੜ੍ਹੇ ਹੋਣ ਦਾ ਸਮਾਂ ਹੈ। ਸਾਡਾ ਦੇਸ਼ ਤੇਜ਼ੀ ਨਾਲ ਬਦਲ ਰਿਹਾ ਹੈ ਪਰ ਬਿਹਤਰੀ ਲਈ ਨਹੀਂ। ਜੇਕਰ ਅਸੀਂ ਉਸ ਲਈ ਨਹੀਂ ਲੜਦੇ, ਜੋ ਸਾਡੇ ਕੋਲ ਹੈ, ਤਾਂ ਅਸੀਂ ਉਸ ਨੂੰ ਗੁਆ ਦੇਵਾਂਗੇ।’ ਇਸ ਬਾਰੇ ਰੈਲੀ ਦੇ ਪ੍ਰਬੰਧਕ ਜੋਅ ਐਨਿਡਜਰ ਨੇ ਕਿਹਾ ਕਿ ਇਹ ਰੋਸ-ਪ੍ਰਦਰਸ਼ਨ ਕੈਨੇਡੀਅਨ ਲੋਕਾਂ ਨੂੰ ਪਹਿਲ ਦੇਣ ਅਤੇ ਸਾਡੇ ਦੇਸ਼ ਨੂੰ ਪਹਿਲਾਂ ਰੱਖਣ ਬਾਰੇ ਸੀ। ਉਨ੍ਹਾਂ ਕਿਹਾ, ‘ਜਦੋਂ ਤੁਸੀਂ ਦੁਨੀਆਂ ਭਰ ਦੇ ਦੂਜੇ ਦੇਸ਼ਾਂ ਦੇ ਲੱਖਾਂ ਲੋਕਾਂ ਨੂੰ ਦੇਸ਼ ’ਚ ਆਉਣ ਦਿੰਦੇ ਹੋ, ਤਾਂ ਇਸ ਨਾਲ ਸਾਡੇ ਸਰੋਤਾਂ ’ਤੇ ਦਬਾਅ ਪੈਂਦਾ ਹੈ।’

ਸ਼ਨੀਵਾਰ ਨੂੰ ਪ੍ਰਵਾਸੀ ਭਾਈਚਾਰਿਆਂ ਲਈ ਸਮਰਥਨ ਦਿਖਾਉਣ ਦੇ ਮਕਸਦ ਨਾਲ ਇਕ ਰੋਸ ਰੈਲੀ ਲਈ ਸੈਂਕੜੇ ਹੋਰ ਲੋਕ ਵੀ ਪਾਰਕ ’ਚ ਇਕੱਠੇ ਹੋਏ। ‘ਓਂਟਾਰੀਓ ਫੈੱਡਰੇਸ਼ਨ ਆਫ ਲੇਬਰ’ ਦੇ ਫੇਸਬੁੱਕ ਪੇਜ ’ਤੇ ਪ੍ਰਬੰਧਕਾਂ ਦੁਆਰਾ ਪੋਸਟ ਕੀਤੇ ਗਏ ਇਕ ਬਿਆਨ ’ਚ ਕਿਹਾ ਗਿਆ ਹੈ ਕਿ ਜਿਸ ਪਾਰਕ ਵਿਚ ਰੈਲੀ ਕੀਤੀ ਗਈ ਸੀ, ਉਸ ਦਾ ਫਾਸ਼ੀਵਾਦ ਵਿਰੋਧੀ ਆਯੋਜਨਾਂ ਦਾ ਇਕ ਅਮੀਰ ਇਤਿਹਾਸ ਰਿਹਾ ਹੈ। ਅੱਜ ਇਹ ਪ੍ਰਵਾਸੀਆਂ, ਮੂਲ ਨਿਵਾਸੀਆਂ, ਸਮਲਿੰਗੀ ਅਤੇ ਟ੍ਰਾਂਸਜੈਂਡਰ, ਜਿਨਸੀ ਹਿੰਸਾ ਦੇ ਪੀੜਤਾਂ, ਬੇਘਰ ਲੋਕਾਂ, ਕਲਾਕਾਰਾਂ ਤੇ ਵਿਦਿਆਰਥੀਆਂ ਲਈ ਇਕ ਮਹੱਤਵਪੂਰਨ ਰੈਲੀ ਕਰਨ ਵਾਲਾ ਸਥਾਨ ਬਣਿਆ ਹੋਇਆ ਹੈ।

‘ਵਰਕਰਜ਼ ਐਕਸ਼ਨ ਸੈਂਟਰ’ ਦੀ ਕਾਰਜਕਾਰੀ ਨਿਰਦੇਸ਼ਕ ਡੀਨਾ ਲੈਡ ਨੇ ਕਿਹਾ ਕਿ ‘ਕੈਨੇਡਾ ਫਸਟ ਰੈਲੀ’ ਦੇ ਪ੍ਰਬੰਧਕ ਸਮਾਜਿਕ ਸਮੱਸਿਆਵਾਂ ਲਈ ਦੇਸ਼ ’ਚ ਨਵੇਂ ਆਉਣ ਵਾਲੇ ਲੋਕਾਂ ਨੂੰ ਗਲਤ ਢੰਗ ਨਾਲ ਦੋਸ਼ੀ ਠਹਿਰਾ ਰਹੇ ਹਨ। ਲਾਡ ਨੇ ਗੱਲਬਾਤ ਦੌਰਾਨ ਕਿਹਾ ਕਿ ਦੇਸ਼ ਦੀਆਂ ਆਰਥਿਕ ਸਮੱਸਿਆਵਾਂ ਲਈ ਪ੍ਰਵਾਸੀਆਂ ਨੂੰ ਦੋਸ਼ੀ ਨਹੀਂ ਠਹਿਰਾਇਆ ਜਾਣਾ ਚਾਹੀਦਾ।

# ਇੰਗਲੈਂਡ ’ਚ ਗ਼ੈਰ-ਕਾਨੂੰਨੀ ਪ੍ਰਵਾਸੀਆਂ ਖਿਲਾਫ਼ ਸੜਕਾਂ ’ਤੇ ਉਤਰੇ ਲੋਕ

**■ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੀ ਮੰਗ**




**ਲੰਡਨ, (ਪੰਜਾਬ ਮੇਲ)-** ਇੰਗਲੈਂਡ ’ਚ ਗ਼ੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਲੋਕ ਸੜਕਾਂ ’ਤੇ ਉਤਰ ਆਏ ਹਨ।

ਲੰਡਨ ’ਚ ਸ਼ਨੀਵਾਰ ਨੂੰ 1 ਲੱਖ ਤੋਂ ਵੀ ਵੱਧ ਲੋਕਾਂ ਨੇ ‘ਯੂਨਾਈਟ ਦਿ ਕਿੰਗਡਮ’ ਨਾਂ ਦੀ ਰੈਲੀ ਕੱਢੀ, ਜਿਸ ਦੀ ਅਗਵਾਈ ਐਂਟੀ ਇਮੀਗ੍ਰੇਸ਼ਨ ਦੇ ਨੇਤਾ ਟਾਮੀ ਰੌਬਿਨਸਨ ਨੇ ਕੀਤੀ, ਜੋ ਕਿ ਬ੍ਰਿਟੇਨ ਦੇ ਸਭ ਤੋਂ ਪ੍ਰਭਾਵਸ਼ਾਲੀ ਪਰ ਵਿਵਾਦਪੂਰਨ ਸੱਜੇ-ਪੱਖੀ ਨੇਤਾਵਾਂ ਵਿਚੋਂ ਇੱਕ ਹੈ। ਉਸ ਦਾ ਅਸਲੀ ਨਾਮ ਸਟੀਵਨ ਕ੍ਰਿਸਟੋਫਰ ਯੈਕਸਲੇ-ਲੈਨਨ ਹੈ। ਉਹ ਮੁੱਖ ਤੌਰ ’ਤੇ ਆਪਣੀਆਂ ਇਮੀਗ੍ਰੇਸ਼ਨ ਵਿਰੋਧੀ ਅਤੇ ਇਸਲਾਮ ਵਿਰੋਧੀ ਗਤੀਵਿਧੀਆਂ ਲਈ ਜਾਣਿਆ ਜਾਂਦਾ ਹੈ। ਇਸ ਰੈਲੀ ਦੇ ਦੌਰਾਨ ਹੀ ਲੰਡਨ ਦੇ ਵ੍ਹਾਈਟ ਹਾਲ ਵਿਖੇ ‘ਸਟੈਂਡ ਅਪ ਟੂ ਰੇਸਿਜ਼ਮ’ ਪ੍ਰਦਰਸ਼ਨ ਚੱਲ ਰਿਹਾ ਸੀ, ਜਿਸ ’ਚ 5000 ਦੇ ਕਰੀਬ ਲੋਕ ਸ਼ਾਮਲ ਸਨ।

ਇਸ ਦੌਰਾਨ ਪ੍ਰਦਰਸ਼ਨਕਾਰੀ ਹੱਥਾਂ ’ਚ ‘ਸਾਡਾ ਦੇਸ਼ ਸਾਨੂੰ ਵਾਪਸ ਕਰੋ’ ਤੇ ‘ਯੂਨਾਈਟ ਦਿ ਕਿੰਗਡਮ’ ਦੇ ਸਲੋਗਨਾਂ ਵਾਲੇ ਪੋਸਟਰ ਦੇ ਝੰਡੇ ਫੜੇ ਦੇਖੇ ਗਏ। ਪੁਲਿਸ ਨੇ ਇਨ੍ਹਾਂ ਲੋਕਾਂ ਨੂੰ ‘ਯੂਨਾਈਟ ਦਿ ਕਿੰਗਡਮ’ ਰੈਲੀ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕੀਤੀ, ਪਰ ਇਸੇ ਦੌਰਾਨ ਪ੍ਰਦਰਸ਼ਨਕਾਰੀਆਂ ਦੀ ਪੁਲਿਸ ਨਾਲ ਝੜਪ ਹੋ ਗਈ, ਜਿਸ ਕਾਰਨ ਕਈ ਪੁਲਿਸ ਵਾਲੇ ਤੇ ਪ੍ਰਦਰਸ਼ਨਕਾਰੀ ਜ਼ਖ਼ਮੀ ਹੋ ਗਏ ਤੇ ਕਈਆਂ ਨੂੰ ਗੰਭੀਰ ਸੱਟਾਂ ਲੱਗੀਆਂ। ਇਸ ਹਿੰਸਾ ’ਚ ਸ਼ਾਮਲ ਕਈ ਲੋਕਾਂ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਗਿਆ ਹੈ, ਜਦਕਿ ਬਾਕੀਆਂ ਦੀ ਪਛਾਣ ਕੀਤੀ ਜਾ ਰਹੀ ਹੈ।

ਇਹ ਪ੍ਰਦਰਸ਼ਨਕਾਰੀ ਬ੍ਰਿਟੇਨ ’ਚ ਗੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਇਕੱਠੇ ਹੋ ਕੇ ਆਵਾਜ਼ ਉਠਾ ਰਹੇ ਹਨ। ਉਹ ਕਹਿ ਰਹੇ ਹਨ ਕਿ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦਿੱਤਾ ਜਾਵੇ, ਤਾਂ ਜੋ ਦੇਸ਼ ਦੀ ਹਾਲਤ ਠੀਕ ਹੋ ਸਕੇ। ਜਾਣਕਾਰੀ ਅਨੁਸਾਰ ਸਾਲ 2025 ’ਚ ਹੁਣ ਤੱਕ 28 ਹਜ਼ਾਰ ਤੋਂ ਵੱਧ ਪ੍ਰਵਾਸੀ ਇੰਗਲਿਸ਼ ਚੈਨਲ ਪਾਰ ਕਰ ਕੇ ਕਿਸ਼ਤੀਆਂ ਰਾਹੀਂ ਬ੍ਰਿਟੇਨ ’ਚ ਦਾਖਲ ਹੋ ਚੁੱਕੇ ਹਨ। ਇਸੇ ਦੌਰਾਨ ਹਾਲ ਹੀ ਦੇ ਦਿਨਾਂ ’ਚ ਇਕ ਪ੍ਰਵਾਸੀ ਨੇ ਇਕ 14 ਸਾਲਾ ਨਾਬਾਲਗ ਕੁੜੀ ਨਾਲ ਜਬਰ-ਜਨਾਹ ਕੀਤਾ ਸੀ, ਜਿਸ ਕਾਰਨ ਲੋਕਾਂ ’ਚ ਪ੍ਰਵਾਸੀਆਂ ਖ਼ਿਲਾਫ਼ ਗੁੱਸਾ ਹੋਰ ਵਧ ਗਿਆ ਤੇ ਉਹ ਹੁਣ ਸਰਕਾਰ ’ਤੇ ਪ੍ਰਵਾਸੀਆਂ ਖ਼ਿਲਾਫ਼ ਕਾਰਵਾਈ ਲਈ ਦਬਾਅ ਬਣਾਉਣ ਲਈ ਸੜਕਾਂ ’ਤੇ ਉਤਰ ਆਏ ਹਨ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
Dr. Bindra Clinic
Dental Care & Hair Transplant
COSMETIC - IMPLANT - RESTORATIVE
ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ ’ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।
HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in
Dr. Simranpal Singh Bindra
M.D.S, Endodontist
Dr. Samarpan Kaur
B.D.S, M.H.M

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us
CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਡੇਟਨ, ਓਹਾਇਓ ਦੇ ਸਿੱਖਾਂ ਵੱਲੋਂ ਅਮਰੀਕਾ 'ਤੇ 11 ਸਤੰਬਰ ਦੇ ਹਮਲੇ ਦੇ ਯਾਦਗਾਰੀ ਸਮਾਰੋਹ 'ਚ ਸ਼ਮੂਲੀਅਤ









**ਓਹਾਇਓ, (ਸਮੀਪ ਸਿੰਘ ਗੁਮਟਾਲਾ/ਪੰਜਾਬ ਮੇਲ)**- ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਡੇਟਨ ਦੇ ਸਿੱਖ ਭਾਈਚਾਰੇ ਨੇ ਸੈਂਕੜੇ ਹੋਰ ਸਥਾਨਕ ਅਮਰੀਕਨਾਂ ਨਾਲ 11 ਸਤੰਬਰ, 2001 ਨੂੰ ਨਿਊਯਾਰਕ ਵਿਖੇ ਵਰਲਡ ਟਰੇਡ ਸੈਂਟਰ ਦੇ ਟਾਵਰਾਂ ਅਤੇ ਪੈਂਟਾਗਨ 'ਤੇ ਹੋਏ ਅੱਤਵਾਦੀ ਹਮਲਿਆਂ ਦੀ 24ਵੀਂ ਵਰ੍ਹੇਗੰਢ ਸੰਬੰਧੀ ਬੀਵਰਕ੍ਰੀਕ ਸ਼ਹਿਰ ਦੇ 9/11 ਮੈਮੋਰੀਅਲ ਵਿਖੇ ਸ਼ਰਧਾਂਜਲੀ ਦਿੱਤੀ। ਇਹ ਸਾਲਾਨਾ ਯਾਦਗਾਰੀ ਸਮਾਗਮ ਸ਼ਹਿਰ ਦੇ ਪੁਲਿਸ ਅਤੇ ਫਾਇਰ ਵਿਭਾਗ ਵੱਲੋਂ ਆਯੋਜਿਤ ਕੀਤਾ ਗਿਆ ਸੀ, ਜੋ ਵਰਲਡ ਟਰੇਡ ਸੈਂਟਰ ਵਿਖੇ ਮਾਰੇ ਗਏ 2600 ਤੋਂ ਵੱਧ ਲੋਕਾਂ, ਪੈਂਟਾਗਨ ਵਿਚ 184 ਅਤੇ ਪੈਨਸਿਲਵੇਨੀਆ ਵਿਚ ਜਹਾਜ਼ ਦੀ ਦੁਰਘਟਨਾ ਦੇ 40 ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ।

ਸਮਾਰੋਹ ਵਿਚ ਝੰਡਾ ਨੀਵਾਂ ਕੀਤਾ ਗਿਆ, ਫੌਜ ਦੇ ਜਵਾਨਾਂ ਵਲੋਂ ਫੁੱਲ ਚੜ੍ਹਾਏ ਗਏ, ਰਾਸ਼ਟਰੀ ਗੀਤ ਗਾਇਆ ਗਿਆ ਅਤੇ ਸਵੇਰ ਦੇ 8:46 ਵਜੇ ਇੱਕ ਰਸਮੀ ਘੰਟੀ ਵਜਾਈ ਗਈ, ਜਦ ਪਹਿਲਾ ਜਹਾਜ਼ ਟਾਵਰ ਨਾਲ ਟਕਰਾਇਆ ਸੀ। ਬੀਵਰਕ੍ਰੀਕ ਦੇ ਮੇਅਰ ਡੌਨ ਐਡਮਜ਼ ਨੇ ਸ਼ਰਧਾਂਜਲੀ ਸੰਦੇਸ਼ ਦਿੱਤਾ।

ਸਮਾਰੋਹ ਵਿਚ ਸ਼ਾਮਲ ਹੋਏ ਸਿੱਖ ਭਾਈਚਾਰੇ ਦੇ ਕਾਰਕੁੰਨ ਸਮੀਪ ਸਿੰਘ ਗੁਮਟਾਲਾ ਨੇ ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ, "ਅਸੀਂ ਇਸ ਸਮਾਰੋਹ ਵਿਚ ਉਨ੍ਹਾਂ ਸਭਨਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਠੇ ਹੋਏ, ਜਿਨ੍ਹਾਂ ਨੇ ਇਨ੍ਹਾਂ ਹਮਲਿਆਂ ਵਿਚ ਆਪਣੀ ਜਾਣ ਗੁਆ ਦਿੱਤੀ। ਇਸ ਵਿਚ ਪੁਲਿਸ ਅਧਿਕਾਰੀ, ਅੱਗ ਬੁਝਾਊ ਤੇ ਮੈਡੀਕਲ ਸੇਵਾਵਾਂ ਦੇ ਅਮਲੇ ਦੇ ਮੈਂਬਰ ਵੀ ਸ਼ਾਮਲ ਸਨ।"

ਗੁਮਟਾਲਾ ਨੇ ਦੱਸਿਆ ਕਿ ਇਸ ਸਾਲਾਨਾ ਯਾਦਗਾਰੀ ਸਮਾਰੋਹ ਦਾ ਆਯੋਜਨ ਬੀਵਰਕ੍ਰੀਕ ਦੇ 9/11 ਮੈਮੋਰੀਅਲ ਵਿਖੇ ਕੀਤਾ ਜਾਂਦਾ ਹੈ, ਜਿੱਥੇ ਸਟੀਲ ਦਾ ਇੱਕ 25-ਫੁੱਟ ਉੱਚਾ ਮੁੜਿਆ ਹੋਇਆ ਪਿਲਰ ਸਥਾਪਿਤ ਕੀਤਾ ਗਿਆ ਹੈ, ਜੋ ਹਮਲੇ ਤੋਂ ਪਹਿਲਾਂ ਵਰਲਡ ਟਰੇਡ ਸੈਂਟਰ ਦੇ ਉੱਤਰੀ ਟਾਵਰ ਦੀਆਂ 101ਵੀਂ ਅਤੇ 105ਵੀਂ ਮੰਜ਼ਿਲਾਂ ਦੇ ਵਿਚਕਾਰ ਲੱਗਾ ਹੋਇਆ ਸੀ। ਇਸ ਟੁਕੜੇ ਨੂੰ ਦੋ ਅੱਗ ਬੁਝਾਊ ਦਸਤਿਆਂ ਦੁਆਰਾ ਬੀਵਰਕ੍ਰੀਕ ਵਿਚ ਲਿਆਂਦਾ ਗਿਆ ਸੀ, ਜੋ ਓਹਾਇਓ ਟਾਸਕ ਫੋਰਸ ਵਨ ਦਾ ਹਿੱਸਾ ਸਨ ਅਤੇ ਇਨ੍ਹਾਂ ਨੇ ਨਿਊਯਾਰਕ ਵਿਚ ਗਰਾਊਂਡ ਜ਼ੀਰੋ ਵਿਖੇ ਬਚਾਅ ਕਾਰਜਾਂ ਵਿਚ ਸਹਾਇਤਾ ਕੀਤੀ ਸੀ।

ਇਸ ਸਮਾਰੋਹ ਵਿਚ ਭਾਗ ਲੈਣ ਵਾਲਿਆਂ ਵਿਚ ਸਪਰਿੰਗਫੀਲਡ ਤੋਂ ਸਮਾਜ ਸੇਵੀ ਅਵਤਾਰ ਸਿੰਘ, ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਅਤੇ ਪ੍ਰਸਿੱਧ ਲੇਖਕ ਡਾ. ਚਰਨਜੀਤ ਸਿੰਘ ਗੁਮਟਾਲਾ ਵੀ ਸ਼ਾਮਲ ਸਨ। ਇਸ ਮੌਕੇ ਹਰ ਸਾਲ ਵਾਂਗ ਸ. ਅਵਤਾਰ ਸਿੰਘ ਮੁੜ ਆਪਣੇ ਵਾਹਣ 'ਤੇ "ਅਮਰੀਕੀ ਝੰਡੇ, ਰੀਮੈਂਬਰਿੰਗ 9/11, ਗੌਡ ਬਲੈਸ ਅਮਰੀਕਾ" ਆਦਿ ਦੇ ਬੈਨਰ ਲਾ ਕੇ ਪਹੁੰਚੇ, ਜਿਸ ਦੀ ਬੀਵਰਕ੍ਰੀਕ ਦੇ ਮੇਅਰ ਡੌਨ ਐਡਮਸ ਅਤੇ ਹੋਰਨਾਂ ਨੇ ਸ਼ਲਾਘਾ ਕੀਤੀ ਅਤੇ ਯਾਦਗਾਰੀ ਤਸਵੀਰਾਂ ਵੀ ਲਈਆਂ।

ਹਰ ਸਾਲ ਸਿੱਖ ਭਾਈਚਾਰੇ ਵਲੋਂ ਬਲਬੀਰ ਸਿੰਘ ਸੋਢੀ ਨੂੰ ਵੀ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਇਸ ਹਮਲੇ ਤੋਂ ਚਾਰ ਦਿਨ ਬਾਅਦ ਉਨ੍ਹਾਂ ਦੇ ਮੀਸਾ, ਐਰੀਜ਼ੋਨਾ ਗੈਸ ਸਟੇਸ਼ਨ ਦੇ ਬਾਹਰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਦੱਸਣਯੋਗ ਹੈ ਕਿ ਉਸ ਸਮੇਂ ਹਮਲਾਵਰ 11 ਸਤੰਬਰ ਦੇ ਹਮਲਿਆਂ ਦਾ ਬਦਲਾ ਲੈਣ ਲਈ "ਮੁਸਲਮਾਨਾਂ ਨੂੰ ਮਾਰਨਾ" ਚਾਹੁੰਦਾ ਸੀ। ਇਹ 9/11 ਦੇ ਹਮਲੇ ਤੋਂ ਬਾਦ ਦਾ ਪਹਿਲਾ ਘਾਤਕ ਨਫ਼ਰਤੀ ਅਪਰਾਧ ਸੀ।

ਇੱਥੇ ਇਹ ਦੱਸਣਾ ਵਰਨਣਯੋਗ ਹੈ ਕਿ ਵਰਲਡ ਟਰੇਡ ਸੈਂਟਰ ਦੇ ਬਹੁਤ ਸਾਰੇ ਇਨ੍ਹਾਂ ਪਿਲਰਾਂ ਨੂੰ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿਚ ਬਣਾਈਆਂ ਯਾਦਗਾਰਾਂ 'ਤੇ ਸਥਾਪਿਤ ਕੀਤਾ ਗਿਆ ਹੈ, ਜਿੱਥੇ ਲੋਕ ਕਿਸੇ ਵੀ ਸਮੇਂ ਸ਼ਰਧਾਂਜਲੀ ਭੇਟ ਕਰ ਸਕਦੇ ਹਨ।

# ਰੋਚੈਸਟਰ ਹਿਲਜ਼ ਗੁਰਦੁਆਰਾ ਡੀਟਰੋਏਟ, ਮਿਸ਼ੀਗਨ ਵਿਖੇ ਗੁਰਮਤਿ ਸਿਮਪੋਜ਼ੀਅਮ ਦਾ ਆਯੋਜਨ







**ਡੀਟਰੋਏਟ (ਮਿਸ਼ੀਗਨ), (ਸਮੀਪ ਸਿੰਘ ਗੁਮਟਾਲਾ/ਪੰਜਾਬ ਮੇਲ)**- ਅਮਰੀਕਾ ਦੇ ਸੂਬੇ ਮਿਸ਼ੀਗਨ ਦੇ ਸ਼ਹਿਰ ਡੀਟਰੋਏਟ ਸਥਿਤ ਰੋਚੈਸਟਰ ਹਿਲਜ਼ ਗੁਰਦੁਆਰਾ ਸਾਹਿਬ ਵਿਖੇ ਦੋ ਦਿਨਾਂ ਤੀਸਰਾ ਸਾਲਾਨਾ ਗੁਰਮਤਿ ਸਿਮਪੋਜ਼ੀਅਮ ਕਰਵਾਇਆ ਗਿਆ, ਜਿਸ ਵਿਚ 6 ਤੋਂ 24 ਸਾਲ ਦੇ ਬੱਚਿਆਂ ਅਤੇ ਨੌਜਵਾਨਾਂ ਨੇ ਗੁਰਬਾਣੀ ਕੀਰਤਨ, ਤਬਲਾ, ਗਤਕੇ ਦੇ ਮੁਕਾਬਲਿਆਂ 'ਚ ਭਾਗ ਲਿਆ। ਇਨ੍ਹਾਂ ਨੂੰ ਉਮਰ ਅਨੁਸਾਰ ਚਾਰ ਗਰੁੱਪਾਂ ਵਿਚ ਵੰਡਿਆ ਗਿਆ ਸੀ।

ਇਸ ਸਿਮਪੋਜ਼ੀਅਮ 'ਚ ਅਮਰੀਕਾ ਦੇ ਸੂਬੇ ਮਿਸ਼ੀਗਨ, ਓਹਾਇਓ ਅਤੇ ਕੈਨੇਡਾ ਦੇ ਸ਼ਹਿਰ ਵਿੰਡਸਰ ਤੋਂ ਲਗਭਗ 125 ਬੱਚਿਆਂ ਨੇ ਭਾਗ ਲਿਆ। ਇਨ੍ਹਾਂ ਬੱਚਿਆਂ ਦੇ ਵੱਖ-ਵੱਖ ਕੀਰਤਨ ਜੱਥਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਉਨ੍ਹਾਂ ਨੇ ਤਬਲਾ ਹਰਮੋਨੀਅਮ ਦੇ ਨਾਲ-ਨਾਲ ਦਿਲਰੂਬਾ ਵਰਗੇ ਪੁਰਾਤਨ ਸਾਜ਼ਾਂ ਰਾਹੀਂ ਗੁਰਬਾਣੀ ਕੀਰਤਨ ਗਾਇਨ ਕੀਤਾ। ਤਬਲੇ 'ਚ ਵੀ ਵੱਡੀ ਗਿਣਤੀ ਬੱਚਿਆਂ ਅਤੇ ਨੌਜਵਾਨਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਦੇ ਨਾਲ ਗਤਕੇ ਦੇ ਵੀ ਮੁਕਾਬਲੇ ਕਰਵਾਏ ਗਏ।

ਇਸ ਸਿਮਪੋਜ਼ੀਅਮ ਦੇ ਪ੍ਰਬੰਧਕ ਭਾਈ ਸੁਰਜੀਤ ਸਿੰਘ ਨੇ ਦੱਸਿਆ ਕਿ ਬੱਚਿਆਂ ਵੱਲੋਂ ਨਿਰਧਾਰਤ ਰਾਗਾਂ ਦੇ ਵਿਚ ਕੀਰਤਨ ਗਾਇਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਰਾਗਾਂ ਵਿਚ ਕੀਰਤਨ ਕਰਨ ਦੇ ਵਿਰਸੇ ਨੂੰ ਇਨ੍ਹਾਂ ਬੱਚਿਆਂ ਵੱਲੋਂ ਮੁੜ ਸੁਰਜੀਤ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਭਾਗ ਲੈਣ ਵਾਲੇ ਬੱਚਿਆਂ, ਪਰਿਵਾਰਾਂ, ਸੰਗਤ, ਜੱਜਾਂ ਸਣੇ ਸਾਰੇ ਸੇਵਾਦਾਰਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਸੰਗਤ ਨੇ ਵੀ ਇਸ ਪ੍ਰੋਗਰਾਮ ਦੀ ਸ਼ਲਾਘਾ ਕੀਤਾ।

ਪ੍ਰਬੰਧਕਾਂ ਵਲੋਂ ਇਸ ਸਿਮਪੋਜ਼ੀਅਮ 'ਚ ਭਾਗ ਲੈਣ ਵਾਲਿਆਂ ਨੂੰ ਮੈਡਲ ਅਤੇ ਹੋਰ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਗੁਰੂ ਕੇ ਲੰਗਰ ਦੀ ਸੇਵਾ ਵੀ ਦੋਨੋਂ ਦਿਨ ਸੰਗਤ ਵਲੋਂ ਕੀਤੀ ਗਈ।



# ਕੈਨੇਡਾ ਸਰਕਾਰ ਵੱਲੋਂ ਵਿਦਿਆਰਥੀ ਵੀਜ਼ਿਆਂ ਲਈ ਨਵੇਂ ਸਖਤ ਨਿਯਮ ਲਾਗੂ

**ਟੋਰਾਂਟੋ, (ਪੰਜਾਬ ਮੇਲ)**- ਕੈਨੇਡਾ ਸਰਕਾਰ ਨੇ ਵਿਦਿਆਰਥੀ ਵੀਜ਼ਿਆਂ ਲਈ ਨਵੇਂ ਸਖ਼ਤ ਨਿਯਮ ਲਾਗੂ ਕੀਤੇ ਹਨ, ਜਿਸ ਕਾਰਨ 2025 'ਚ ਭਾਰਤੀ ਵਿਦਿਆਰਥੀਆਂ ਨੂੰ ਵੱਡਾ ਝਟਕਾ ਲੱਗਾ ਹੈ। ਸਰਕਾਰੀ ਡਾਟਾ ਮੁਤਾਬਕ ਇਸ ਸਾਲ ਲਗਭਗ 62 ਫੀਸਦੀ ਵੀਜ਼ਾ ਅਰਜ਼ੀਆਂ ਰੱਦ ਹੋਈਆਂ, ਜਦੋਂਕਿ ਭਾਰਤੀ ਵਿਦਿਆਰਥੀਆਂ ਲਈ ਇਹ ਅੰਕੜਾ ਹੋਰ ਵੀ ਚਿੰਤਾਜਨਕ ਹੈ, ਉਨ੍ਹਾਂ 'ਚੋਂ ਕਰੀਬ 80 ਫੀਸਦੀ ਦੀਆਂ ਅਰਜ਼ੀਆਂ ਖ਼ਾਰਜ ਕਰ ਦਿੱਤੀਆਂ ਗਈਆਂ।

ਨਵੀਆਂ ਸ਼ਰਤਾਂ ਅਨੁਸਾਰ ਹੁਣ ਵਿਦਿਆਰਥੀਆਂ ਨੂੰ ਆਪਣੀ ਆਰਥਿਕ ਸਥਿਤੀ ਸਾਬਿਤ ਕਰਨ ਲਈ ਘੱਟੋ-ਘੱਟ 20,635 ਕੈਨੇਡੀਅਨ ਡਾਲਰ ਦਿਖਾਉਣੇ ਪੈਂਦੇ ਹਨ। ਨਾਲ ਹੀ ਪੜ੍ਹਾਈ ਦੀ ਸਪੱਸ਼ਟ ਯੋਜਨਾ ਅਤੇ ਸਾਰੇ ਕਾਗਜ਼ਾਤ ਬਿਨਾ ਗਲਤੀ ਦੇ ਪੇਸ਼ ਕਰਨੇ ਲਾਜ਼ਮੀ ਹੋ ਗਏ ਹਨ। ਪਹਿਲਾਂ ਮੌਜੂਦ 'ਸਟੂਡੈਂਟ ਡਾਇਰੈਕਟ ਸਟ੍ਰੀਮ' ਵਰਗੀ ਤੇਜ਼ ਪ੍ਰਕਿਰਿਆ ਵੀ ਹੁਣ ਬੰਦ ਕਰ ਦਿੱਤੀ ਗਈ ਹੈ, ਜਿਸ ਨਾਲ ਅਰਜ਼ੀਆਂ ਦੇ ਨਤੀਜੇ ਆਉਣ 'ਚ ਹੋਰ ਸਮਾਂ ਲੱਗਣ ਲੱਗਾ ਹੈ।

ਕੈਨੇਡਾ ਸਰਕਾਰ ਨੇ 2025 ਲਈ ਵੀਜ਼ਿਆਂ ਦੀ ਗਿਣਤੀ ਵੀ ਘਟਾ ਦਿੱਤੀ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਲਗਭਗ 10 ਫੀਸਦੀ ਘੱਟ, ਯਾਨੀ 4.37 ਲੱਖ ਪਰਮਿਟ ਜਾਰੀ ਕਰਨ ਦੀ ਯੋਜਨਾ ਬਣਾਈ ਗਈ ਹੈ।

# ਕੈਨੇਡਾ 'ਚ ਹੜ੍ਹ ਰਾਹਤ ਫੰਡ ਦੀ ਉਗਰਾਹੀ 'ਤੇ ਸਵਾਲ ਉੱਠਣ ਲੱਗੇ

■ **ਖਾਲਸਾ ਏਡ ਸਮੇਤ ਬਹੁਤੇ ਐੱਨ.ਜੀ.ਓ. ਭਾਰਤ ਦੇ ਐੱਫ.ਸੀ.ਆਰ.ਏ. ਅਧੀਨ ਰਜਿਸਟਰ ਨਾ ਹੋਣ ਦਾ ਦਾਅਵਾ**

**ਵੈਨਕੂਵਰ, (ਪੰਜਾਬ ਮੇਲ)**- ਪੰਜਾਬ ਵਿਚ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਦੇ ਨਾਂਅ ਹੇਠ ਕੈਨੇਡਾ ਵਿਚ ਕਈ ਐੱਨ.ਜੀ.ਓ'ਜ਼ ਵੱਲੋਂ ਵੱਖ-ਵੱਖ ਢੰਗ ਨਾਲ ਕੀਤੀ ਜਾ ਰਹੀ ਉਗਰਾਹੀ 'ਤੇ ਸਵਾਲ ਉੱਠਣ ਲੱਗੇ ਹਨ। ਕਿਉਂਕਿ ਉਗਰਾਹੀ ਕਰਨ ਵਾਲੇ ਬਹੁਤੇ ਸੰਗਠਨ ਕੈਨੇਡਾ 'ਚੋਂ ਪੈਸੇ ਉਗਰਾਹ ਕੇ ਭਾਰਤ ਭੇਜਣ ਲਈ ਰਜਿਸਟਰ ਹੀ ਨਹੀਂ ਹਨ। ਸਿਰਫ਼ ਸ਼੍ਰੋਮਣੀ ਕਮੇਟੀ ਇਸ ਬਾਰੇ ਰਜਿਸਟਰ ਹੈ ਤੇ ਉਸ ਉੱਤੇ ਇੰਜ ਦੀ ਕੋਈ ਪਾਬੰਦੀ ਨਹੀਂ।

ਬਰੈਂਪਟਨ ਦੇ ਸਮਾਜ ਸੇਵੀ ਨਰਿੰਦਰ ਸਿੰਘ ਨੇ ਦੱਸਿਆ ਕਿ ਖਾਲਸਾ ਏਡ, ਕੈਨੇਡਾ ਦੇ ਪੰਜਾਬੀ ਰੇਡੀਓ ਸਟੇਸ਼ਨਾਂ ਸਮੇਤ ਹੋਰਨਾਂ ਵਲੋਂ ਉਗਰਾਹੀ ਕੀਤੀ ਜਾ ਰਹੀ ਹੈ, ਪਰ ਇਨ੍ਹਾਂ ਵਿਚੋਂ ਬਹੁਤੇ ਰਜਿਸਟਰੇਸ਼ਨ ਨਾ ਹੋਣ ਕਰਕੇ ਭਾਰਤ ਪੈਸੇ ਨਹੀਂ ਭੇਜ ਸਕਦੇ।

ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਵਲੋਂ 2010 ਵਿਚ ਵਿਦੇਸ਼ੀ ਯੋਗਦਾਨ ਕਾਨੂੰਨ ਪਾਸ ਕੀਤਾ ਗਿਆ ਸੀ, ਜੋ ਭਾਰਤੀ ਵਿਅਕਤੀਆਂ, ਸੰਗਠਨਾਂ ਤੇ ਕੰਪਨੀਆਂ ਨੂੰ ਵਿਦੇਸ਼ੀ ਫੰਡ ਲੈਣ ਅਤੇ ਵਰਤੋਂ ਕਰਨ ਦੇ ਉਦੇਸ਼ਾਂ ਪ੍ਰਤੀ ਪਾਬੰਦ ਕਰਦਾ ਹੈ। ਕਾਨੂੰਨ ਵਿਚ ਵਿਦੇਸ਼ੀ ਪੈਸੇ ਦੀ ਵਰਤੋਂ ਦੀ ਪਾਰਦਰਸ਼ਤਾ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦਾਨੀ ਸੱਜਣਾਂ ਨੂੰ ਉਗਰਾਹੀ ਦੇਣ ਤੋਂ ਪਹਿਲਾਂ ਇਹ ਯਕੀਨੀ ਕਰ ਲੈਣਾ ਚਾਹੀਦਾ ਹੈ ਕਿ ਸਬੰਧਤ ਸੰਸਥਾ ਭਾਰਤ ਦੇ ਐੱਫ.ਸੀ.ਆਰ.ਏ. ਤਹਿਤ ਰਜਿਸਟਰ ਵੀ ਹੈ ਜਾਂ ਨਹੀਂ।

ਇਸ ਸਬੰਧੀ ਖਾਲਸਾ ਏਡ ਦੇ ਸੰਚਾਲਕ ਰਵੀ ਸਿੰਘ ਦੇ ਪੀ.ਏ. ਤੋਂ ਈਮੇਲ ਰਾਹੀਂ ਸੰਗਠਨ ਦਾ ਪੱਖ ਜਾਨਣ ਦਾ ਯਤਨ ਕੀਤਾ ਗਿਆ, ਪਰ ਖਬਰ ਲਿਖੇ ਜਾਣ ਤੱਕ ਕੋਈ ਉੱਤਰ ਨਹੀਂ ਆਇਆ। 2023 ਵਿਚ ਆਏ ਹੜ੍ਹਾਂ ਮੌਕੇ ਇੱਕ ਇੰਟਰਵਿਊ 'ਚ ਰਵੀ ਸਿੰਘ ਨੇ ਮੰਨਿਆ ਸੀ ਕਿ ਰਜਿਸਟਰੇਸ਼ਨ ਨਾ ਹੋਣ ਕਰਕੇ ਉਹ ਵਿਦੇਸ਼ਾਂ 'ਚੋਂ ਇਕੱਤਰ ਹੋਇਆ ਪੈਸਾ ਭਾਰਤ ਨਹੀਂ ਭੇਜ ਸਕੇ। ਭਾਰਤ ਸਰਕਾਰ ਦੀ ਸੂਚੀ ਵਿਚ ਵੀ ਖਾਲਸਾ ਏਡ ਦਾ ਨਾਂਅ ਸ਼ਾਮਲ ਹੋਣ ਦੇ ਸੰਕੇਤ ਨਹੀਂ ਮਿਲਦੇ।

# ਆਸਟਰੇਲੀਆ ਗੁਰਦੁਆਰੇ ਨੇ ਖਾਲਸਾ ਏਡ ਨੂੰ ਹੜ੍ਹ ਪੀੜਤਾਂ ਦੀ ਮਦਦ ਲਈ ਦਿੱਤਾ 40 ਹਜ਼ਾਰ ਡਾਲਰ ਵਾਪਸ ਮੰਗਿਆ

■ **ਖਾਲਸਾ ਏਡ ਕੋਲ ਕੋਈ ਐੱਫ.ਸੀ.ਆਰ.ਏ. ਖਾਤਾ ਨਾ ਹੋਣ ਦਾ ਦਾਅਵਾ**

**ਸਿਡਨੀ, (ਪੰਜਾਬ ਮੇਲ)**- ਸਿਡਨੀ ਵਿਚਲੇ ਇਕ ਗੁਰਦੁਆਰੇ ਨੇ ਖਾਲਸਾ ਏਡ ਕੋਲੋਂ ਪੰਜਾਬ ਵਿਚ ਹੜ੍ਹ ਪੀੜਤਾਂ ਦੀ ਮਦਦ ਲਈ ਦਾਨ ਵਜੋਂ ਦਿੱਤੀ 40 ਹਜ਼ਾਰ ਡਾਲਰ ਦੀ ਰਾਸ਼ੀ ਵਾਪਸ ਮੰਗੀ ਹੈ। ਸਮਾਜ ਸੇਵੀ ਸੰਸਥਾ ਖ਼ਾਲਸਾ ਏਡ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਦੇ ਨਾਮ ਹੇਠ ਦਾਨ ਉਗਰਾਉਣ ਨੂੰ ਗੈਰਕਾਨੂੰਨੀ ਮੰਨਿਆ ਜਾ ਰਿਹਾ ਹੈ। ਇੰਡੀਅਨ ਹੈਰੀਟੇਜ ਦੇ ਆਗੂ ਬਲਜਿੰਦਰ ਸਿੰਘ ਨੇ ਕਿਹਾ ਕਿ ਖਾਲਸਾ ਏਡ ਕੋਲ ਭਾਰਤ ਵਿਚ ਰਕਮ ਭੇਜਣ ਲਈ ਲੋੜੀਂਦਾ ਕਾਨੂੰਨੀ ਭਾਰਤੀ ਐੱਫ.ਸੀ.ਆਰ.ਏ. ਅਕਾਊਂਟ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਜੇਕਰ ਸੰਸਥਾ ਵਿਦੇਸ਼ਾਂ ਤੋਂ ਇਕੱਤਰ ਕੀਤਾ ਦਾਨ ਪੰਜਾਬ ਜਾਂ ਭਾਰਤ ਨਹੀਂ ਭੇਜ ਸਕਦੀ, ਤਾਂ ਫਿਰ ਇਹ ਫੰਡ ਇਕੱਠਾ ਕਿਉਂ ਕੀਤਾ ਜਾ ਰਿਹਾ ਹੈ।

ਸਿਡਨੀ ਦੇ ਗੁਰਦੁਆਰੇ ਨੇ ਸੰਸਥਾ ਖ਼ਾਲਸਾ ਏਡ ਨੂੰ ਸਾਲ 2019 ਦੇ ਸਮੇਂ ਪੰਜਾਬ 'ਚ ਆਏ ਹੜ੍ਹਾਂ ਤੋਂ ਪੀੜਤਾਂ ਲੋਕਾਂ ਦੀ ਮਦਦ ਲਈ 40 ਹਜ਼ਾਰ ਡਾਲਰ ਦਿੱਤੇ ਸਨ। ਗੁਰਦੁਆਰੇ ਨੇ ਇਕ ਪੱਤਰ ਲਿਖ ਕੇ ਰਾਸ਼ੀ ਵਾਪਸ ਮੰਗੀ ਹੈ। ਆਸਟਰੇਲੀਅਨ ਸਿੱਖ ਐਸੋਸੀਏਸ਼ਨ ਦੇ ਸੇਵਾਦਾਰ ਅਲਬੇਲ ਸਿੰਘ ਕੰਗ ਨੇ ਕਿਹਾ ਕਿ ਪੰਜਾਬ ਵਿਚ ਹੜ੍ਹਾਂ ਦੇ ਨਾਂ ਹੇਠ ਵੱਡੇ ਪੱਧਰ ਉੱਤੇ ਆਨਲਾਈਨ ਸੰਸਥਾਵਾਂ ਤੇ




ਨਿੱਜੀ ਵਿਅਕਤੀਆਂ ਵੱਲੋਂ ਫੰਡ ਇਕੱਠਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕ ਆਪ ਮੁਹਾਰੇ ਬਿਨਾਂ ਘੋਖ ਕੀਤੇ ਅਜਿਹੀਆਂ ਸੰਸਥਾਵਾਂ ਨੂੰ ਦਾਨ ਦੇ ਰਹੇ ਹਨ, ਪਰ ਇਹ ਰਾਸ਼ੀ ਅੱਗੇ ਪੀੜਤਾਂ ਤੱਕ ਨਹੀਂ ਪੁੱਜ ਰਹੀ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਅੰਮ੍ਰਿਤਸਰ ਏਅਰਪੋਰਟ ’ਤੇ ਹੁਣ ਫਾਸਟ ਟ੍ਰੈਕ ਇਮੀਗ੍ਰੇਸ਼ਨ ਈ-ਗੇਟ ਸੇਵਾ ਉਪਲਬਧ

**■ ਫਲਾਈਅੰਮ੍ਰਿਤਸਰ ਇਨੀਸ਼ੀਏਟਿਵ ਵੱਲੋਂ ਸਵਾਗਤ; ਯਾਤਰੀਆਂ ਨੇ ਜਤਾਈ ਖੁਸ਼ੀ**








**ਅੰਮ੍ਰਿਤਸਰ, (ਪੰਜਾਬ ਮੇਲ)-** ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ, ਅੰਮ੍ਰਿਤਸਰ ਤੋਂ ਅੰਤਰਰਾਸ਼ਟਰੀ ਯਾਤਰੀ ਹੁਣ ਇਮੀਗ੍ਰੇਸ਼ਨ ਲਈ ਲੰਬੀਆਂ ਲਾਈਨਾਂ ਤੋਂ ਬਚ ਸਕਣਗੇ। ਹਵਾਈ ਅੱਡੇ ’ਤੇ ਫਾਸਟ ਟ੍ਰੈਕ ਇਮੀਗ੍ਰੇਸ਼ਨ/ਟਰੱਸਟਡ ਟ੍ਰੈਵਲਰ ਪ੍ਰੋਗਰਾਮ ਦੀ ਸ਼ੁਰੂਆਤ ਹੋ ਚੁੱਕੀ ਹੈ। ਫਲਾਈਅੰਮ੍ਰਿਤਸਰ ਇਨੀਸ਼ੀਏਟਿਵ ਨੇ ਇਸ ਵਿਸ਼ਵ-ਪੱਧਰੀ ਸਹੂਲਤ ਦੀ ਸ਼ੁਰੂਆਤ ਦਾ ਸਵਾਗਤ ਕੀਤਾ ਹੈ, ਜਿਸ ਦੇ ਤਹਿਤ ਹਵਾਈ ਅੱਡੇ ’ਤੇ ਹੁਣ ਅੱਠ ਆਟੋਮੈਟਿਡ ਈ-ਗੇਟ — ਚਾਰ ਆਗਮਨ ਲਈ ਅਤੇ ਚਾਰ ਰਵਾਨਗੀ ਲਈ — ਲਗਾਏ ਗਏ ਹਨ, ਜਿਨ੍ਹਾਂ ਰਾਹੀਂ ਯਾਤਰੀ ਸਿਰਫ ਕੁਝ ਸਕਿੰਟਾਂ ’ਚ ਬਾਇਓਮੈਟਰਿਕ ਤਸਦੀਕ ਨਾਲ ਇਮੀਗ੍ਰੇਸ਼ਨ ਕਲੀਅਰ ਕਰ ਸਕਣਗੇ।

ਯਾਤਰੀ ਇਸ ਲਈ ਆਨਲਾਈਨ ਰਜਿਸਟ੍ਰੇਸ਼ਨ **ftittp.mha.gov.in** ’ਤੇ ਕਰ ਸਕਦੇ ਹਨ। ਇੱਕ ਵਾਰ ਰਜਿਸਟ੍ਰੇਸ਼ਨ ਅਤੇ ਬਾਇਓਮੈਟਰਿਕ ਡਾਟਾ ਹਵਾਈ ਅੱਡੇ ਜਾਂ ਐੱਫ.ਆਰ.ਆਰ.ਓ ਦਫ਼ਤਰ ’ਚ ਦਰਜ ਹੋਣ ਤੋਂ ਬਾਅਦ, ਇਹ ਸੁਵਿਧਾ ਪੰਜ ਸਾਲ ਜਾਂ ਪਾਸਪੋਰਟ ਦੀ ਮਿਆਦ ਸਮਾਪਤ ਹੋਣ ਤੱਕ ਵਰਤੀ ਜਾ ਸਕਦੀ ਹੈ। ਇਹ ਸਹੂਲਤ ਭਾਰਤੀ ਪਾਸਪੋਰਟ ਧਾਰਕਾਂ ਅਤੇ ਓ.ਸੀ.ਆਈ ਕਾਰਡ ਧਾਰਕਾਂ ਲਈ ਮੁਫ਼ਤ ਉਪਲਬਧ ਹੈ।

ਇਸ ਨਵੀਂ ਸਹੂਲਤ ਦਾ ਸਵਾਗਤ ਕਰਦੇ ਹੋਏ, ਫਲਾਈਅੰਮ੍ਰਿਤਸਰ ਇਨੀਸ਼ੀਏਟਿਵ ਦੇ ਕਨਵੀਨਰ ਯੋਗੇਸ਼ ਕਾਮਰਾ ਨੇ ਕਿਹਾ, “ਅੰਮ੍ਰਿਤਸਰ ਲਈ ਇਹ ਇਕ ਇਤਿਹਾਸਕ ਕਦਮ ਹੈ। ਇਸ ਨਾਲ ਅੰਤਰਰਾਸ਼ਟਰੀ ਯਾਤਰੀਆਂ ਲਈ ਇਮੀਗ੍ਰੇਸ਼ਨ ਪ੍ਰਕਿਰਿਆ ਹੋਰ ਤੇਜ਼, ਸੁਚਾਰੂ, ਆਸਾਨ ਅਤੇ ਬਿਨਾਂ ਤਣਾਅ ਵਾਲੀ ਹੋਵੇਗੀ। ਇਸ ਰਾਹੀਂ ਯਾਤਰੀਆਂ ਨੂੰ ਇਮੀਗ੍ਰੇਸ਼ਨ ਕਾਊਂਟਰਾਂ ’ਤੇ ਖੜ੍ਹਾ ਨਹੀਂ ਹੋਣਾ ਪਵੇਗਾ ਅਤੇ ਬਿਨਾਂ ਬੇਵਜ੍ਹਾ ਸਵਾਲਾਂ ਤੋਂ ਬਚਦੇ ਹੋਏ ਕਰੀਬ ਇੱਕ ਘੰਟਾ ਸਮਾਂ ਬਚਾਇਆ ਜਾ ਸਕੇਗਾ। ਦੋਹਾ, ਦੁਬਈ, ਸ਼ਾਰਜਾਹ, ਮਿਲਾਨ, ਕੁਆਲਾਲੰਪੁਰ, ਸਿੰਗਾਪੁਰ, ਬੈਂਕਾਕ, ਲੰਡਨ ਅਤੇ ਬਰਮਿੰਘਮ ਵਰਗੇ ਸਥਾਨਾਂ ਲਈ ਉਡਾਣ ਭਰਨ ਵਾਲੇ ਅੰਤਰਰਾਸ਼ਟਰੀ ਯਾਤਰੀ ਸਿੱਧੇ ਤੌਰ ’ਤੇ ਇਸਦਾ ਲਾਭ ਲੈਣਗੇ।”

ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਅਤੇ ਅਮਰੀਕਾ ਨਿਵਾਸੀ ਸਮੀਪ ਸਿੰਘ ਗੁਮਟਾਲਾ ਨੇ ਅੱਗੇ ਕਿਹਾ, “ਐੱਨ.ਆਰ.ਆਈਜ਼ ਜਿਨ੍ਹਾਂ ਵਿਚ ਓ.ਸੀ.ਆਈ. ਕਾਰਡ ਧਾਰਕ ਅਤੇ ਗ੍ਰੀਨ ਕਾਰਡ ਵਾਲੇ ਭਾਰਤੀ ਪਾਸਪੋਰਟ ਧਾਰਕ ਜੋ ਅਮਰੀਕਾ, ਕੈਨੇਡਾ ਜਾਂ ਹੋਰਨਾਂ ਦੇਸ਼ਾਂ ਦੇ ਪਰਮਾਨੈਂਟ ਰੈਜ਼ੀਡੈਂਟ (ਪੀ.ਆਰ.) ਦਾ ਦਰਜਾ ਰੱਖਦੇ ਹਨ, ਉਨ੍ਹਾਂ ਲਈ ਇਹ ਵੱਡੀ ਰਾਹਤ ਹੈ। ਹੁਣ ਨਾ ਤਾਂ ਲੰਬੀਆਂ ਲਾਈਨਾਂ ਵਿਚ ਇੰਤਜ਼ਾਰ ਕਰਨਾ ਪਵੇਗਾ ਅਤੇ ਨਾ ਹੀ ਸਵਾਲਾਂ ਨਾਲ ਦੇਰੀ ਹੋਵੇਗੀ। ਯਾਤਰੀਆਂ ਨੂੰ ਅੰਮ੍ਰਿਤਸਰ ’ਤੇ ਹੁਣ ਇਕ ਵਿਸ਼ਵ-ਪੱਧਰੀ ਅਤੇ ਬਿਨਾਂ ਝੰਜਟ ਵਾਲੀ ਇਮੀਗ੍ਰੇਸ਼ਨ ਪ੍ਰਕਿਰਿਆ ਮਿਲੇਗੀ।”

ਕਾਮਰਾ ਅਤੇ ਗੁਮਟਾਲਾ ਨੇ ਇਸ ਗੱਲ ’ਤੇ ਵੀ ਜ਼ੋਰ ਦਿੱਤਾ ਕਿ ਹਵਾਈ ਅੱਡੇ ’ਤੇ ਪਹਿਲਾਂ ਤੋਂ ਹੀ ਲਗਾਏ ਗਏ ਇਨਲਾਈਨ ਬੈਗੇਜ ਸਕ੍ਰੀਨਿੰਗ ਸਿਸਟਮ ਨੂੰ ਵੀ ਬਿਨਾਂ ਹੋਰ ਦੇਰੀ ਤੋਂ ਚਾਲੂ ਕੀਤਾ ਜਾਵੇ, ਤਾਂ ਜੋ ਯਾਤਰੀਆਂ ਨੂੰ ਆਧੁਨਿਕ ਸੁਵਿਧਾਵਾਂ ਦਾ ਪੂਰਾ ਲਾਭ ਮਿਲ ਸਕੇ। ਇਸ ਤੋਂ ਇਲਾਵਾ ਉਨ੍ਹਾਂ ਨੇ ਅਥਾਰਿਟੀ ਨੂੰ ਹਵਾਈ ਅੱਡੇ ’ਤੇ “ਡਿਜੀ ਯਾਤਰਾ ਸਿਸਟਮ” ਦੀ ਸਹੂਲਤ ਵੀ ਜਲਦ ਸ਼ੁਰੂ ਕਰਨ ਦੀ ਮੰਗ ਕੀਤੀ ਹੈ, ਜਿਸ ਨਾਲ ਯਾਤਰੀਆਂ ਲਈ ਉਡੀਕ ਸਮਾਂ ਘਟੇਗਾ। ਇਹ ਇਕ ਆਧੁਨਿਕ, ਬਿਨਾਂ ਸੰਪਰਕ ਵਾਲੀ ਬਾਇਓਮੈਟਰਿਕ ਅਤੇ ਚਿਹਰਾ ਪਹਿਚਾਣ ਕਰਨ ਵਾਲੀ ਪ੍ਰਣਾਲੀ ਹੈ, ਜੋ ਭਾਰਤ ਦੇ ਕਈ ਹਵਾਈ ਅੱਡਿਆਂ ’ਤੇ ਸਫਲਤਾਪੂਰਵਕ ਸ਼ੁਰੂ ਕੀਤੀ ਜਾ ਚੁੱਕੀ ਹੈ।

# ਐੱਨ.ਸੀ.ਬੀ. ਵੱਲੋਂ ਤਰਨਤਾਰਨ ’ਚ ‘ਆਪ’ ਨੇਤਾ ਨੂੰ ਨੋਟਿਸ ਭੇਜਣ ਦੀ ਤਿਆਰੀ

**■ ਹੈਰੋਇਨ ਤਸਕਰੀ ਮਾਮਲੇ ’ਚ ਸ਼ੱਕੀ ਭੂਮਿਕਾ ਹੋਣ ਦਾ ਦੋਸ਼**

**ਅੰਮ੍ਰਿਤਸਰ :** ਨਾਰਕੋਟਿਕਸ ਕੰਟਰੋਲ ਬਿਊਰੋ (ਐੱਨ.ਸੀ.ਬੀ.) ਜਲਦੀ ਹੀ ਤਰਨਤਾਰਨ ਦੇ ਇਕ ਵੱਡੇ ‘ਆਪ’ ਨੇਤਾ ਨੂੰ ਹੈਰੋਇਨ ਤਸਕਰੀ ਦੇ ਇਕ ਮਾਮਲੇ ਵਿਚ ਨੋਟਿਸ ਜਾਰੀ ਕਰਨ ਜਾ ਰਿਹਾ ਹੈ। ਪਤਾ ਲੱਗਾ ਹੈ ਕਿ ਇਹ ਵੱਡਾ ਆਗੂ ਕੁਝ ਸਮਾਂ ਪਹਿਲਾਂ ਸੱਤਾਧਾਰੀ ਪਾਰਟੀ ’ਚ ਸ਼ਾਮਲ ਹੋਇਆ ਸੀ। ਹਾਲਾਂਕਿ, ਇਸ ਤੋਂ ਪਹਿਲਾਂ ਇਸੇ ਮਾਮਲੇ ’ਚ ਐੱਨ.ਸੀ.ਬੀ. ਨੇ ਤਰਨਤਾਰਨ ਦੇ ਵਾਰਡ ਨੰਬਰ 22 ਦੇ ਆਮ ਆਦਮੀ ਪਾਰਟੀ ਦੇ ਕੌਂਸਲਰ ਗੁਰਪ੍ਰੀਤ ਸਿੰਘ ਗੋਲਡੀ ਨੂੰ ਨੋਟਿਸ ਭੇਜ ਕੇ ਆਪਣੇ ਦਰਬਾਰ ਵਿਚ ਬੁਲਾ ਚੁੱਕੀ ਹੈ। ਐੱਨ.ਸੀ.ਬੀ. ਦੀ ਉਕਤ ਕਾਰਵਾਈ ਤੋਂ ਬਾਅਦ ਤਰਨਤਾਰਨ ਦੀ ਸਿਆਸਤ ’ਚ ਭੂਚਾਲ ਆ ਗਿਆ ਹੈ। ਆਉਣ ਵਾਲੀਆਂ ਉੱਪ ਚੋਣਾਂ ਦੇ ਮੱਦੇਨਜ਼ਰ ਕਈ ਵੱਡੇ ਆਗੂਆਂ ਨੇ ਵੀ ਜੋੜ-ਤੋੜ ਦੀ ਸਿਆਸਤ ਕਰਨੀ ਸ਼ੁਰੂ ਕਰ ਦਿੱਤੀ ਹੈ। ਚਰਚਾ ਹੈ ਕਿ ਜੇਕਰ ਦੋਸ਼ ਸਾਬਤ ਹੋ ਜਾਂਦੇ ਹਨ, ਤਾਂ ਐੱਨ.ਸੀ.ਬੀ. ਦੋਵਾਂ ਆਗੂਆਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਸਕਦਾ ਹੈ। ਐੱਨ.ਸੀ.ਬੀ. ਨੂੰ ਇਨਪੁਟ ਮਿਲੇ ਹਨ ਕਿ ਤਰਨਤਾਰਨ ਵਿਚ ਹੈਰੋਇਨ ਸਪਲਾਈ ਦਾ ਵੱਡਾ ਕਾਰੋਬਾਰ ਚੱਲ ਰਿਹਾ ਹੈ। ਜ਼ਿਕਰਯੋਗ ਹੈ ਕਿ 20 ਅਗਸਤ ਨੂੰ ਐੱਨ.ਸੀ.ਬੀ. ਨੇ ਤਰਨਤਾਰਨ ਦੇ ਪਿੰਡ ਤਾਮੋਵਾਲ ਦੇ ਵਸਨੀਕ ਪਰਮਿੰਦਰ ਸਿੰਘ ਉਰਫ਼ ਪੰਮਾ, ਸ਼ਫੀ ਉਰਫ਼ ਸੰਨੀ ਅਤੇ ਸ਼ਾਕਾ ਨੂੰ 80 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਸੀ। ਮੁਲਜ਼ਮਾਂ ਤੋਂ ਪੁੱਛਗਿੱਛ ਕਰਨ ਤੋਂ ਬਾਅਦ ਐੱਨ.ਸੀ.ਬੀ. ਨੇ ਕੌਂਸਲਰ ਗੁਰਪ੍ਰੀਤ ਸਿੰਘ ਨੂੰ ਇਸ ਮਾਮਲੇ ਵਿਚ ਉਸ ਦੀ ਭੂਮਿਕਾ ਸ਼ੱਕੀ ਲੱਗਣ ’ਤੇ ਨੋਟਿਸ ਜਾਰੀ ਕੀਤਾ ਸੀ। ਐੱਨ.ਸੀ.ਬੀ. ਅਧਿਕਾਰੀ ਨੇ ਦੱਸਿਆ ਕਿ ਗੁਰਪ੍ਰੀਤ ਗੋਲਡੀ ਪਹਿਲਾਂ ਵੀ ਇਕ ਵਾਰ ਐੱਨ.ਸੀ.ਬੀ. ਪੁਲਿਸ ਥਾਣੇ ਪਹੁੰਚ ਕੇ ਜਾਂਚ ਵਿਚ ਹਿੱਸਾ ਲੈ ਚੁੱਕਾ ਹੈ ਅਤੇ ਹੁਣ ਉਸ ਨੂੰ ਦੁਬਾਰਾ ਪੇਸ਼ ਹੋਣ ਲਈ ਕਿਹਾ ਗਿਆ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**

# ਸੰਯੁਕਤ ਰਾਸ਼ਟਰ ਵੱਲੋਂ ਚਿਤਾਵਨੀ; ਤੀਜੇ ਵਿਸ਼ਵ ਯੁੱਧ ਵੱਲ ਜਾ ਰਹੀ ਹੈ ਦੁਨੀਆਂ

**ਵਾਸ਼ਿੰਗਟਨ, (ਪੰਜਾਬ ਮੇਲ)-** ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਪ੍ਰਮਾਣੂ ਬੰਬ-ਵਰ੍ਹਾਊ ਜਹਾਜ਼ ਟੀ.ਯੂ.-22 ਐੱਸ. 3 ਨੂੰ ਪੱਛਮੀ ਮੋਰਚੇ ’ਤੇ ਭੇਜ ਦਿੱਤਾ ਹੈ। ਇਸ ਵਿਚਾਲੇ ਸੰਯੁਕਤ ਰਾਸ਼ਟਰ ਨੇ ਚਿਤਾਵਨੀ ਦਿੱਤੀ ਹੈ ਕਿ ਦੁਨੀਆਂ ਤੀਜੇ ਵਿਸ਼ਵ ਯੁੱਧ ਵੱਲ ਜਾ ਰਹੀ ਹੈ। ਬੰਬ-ਵਰ੍ਹਾਊ ਟੀ.ਯੂ.-22 ਐੱਸ. 3 ਜਹਾਜ਼ ਰਾਹੀਂ ਕਾਲਪਨਿਕ ਦੁਸ਼ਮਣ ਖਿਲਾਫ ਰੂਸੀ ਫੌਜ ਨੇ ਅਭਿਆਸ ਵੀ ਕੀਤਾ। ਇਸ ਦੀ ਫੁਟੇਜ ਨਾਟੋ ਨੂੰ ਮਿਲੀ ਹੈ, ਜਿਸ ਵਿਚ ਦਿਖਾਈ ਦੇ ਰਿਹਾ ਹੈ ਕਿ ਉਕਤ ਜਹਾਜ਼ ਰਾਹੀਂ ਆਰਕਟਿਕ ਦੇ ਫ੍ਰੇਂਜ ਜੋਸੇਫ ਲੈਂਡ ਇਲਾਕੇ ਵਿਚ ਟੀਚੇ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਰੂਸ ਨੇ ਇਹ ਸ਼ਕਤੀ ਪ੍ਰਦਰਸ਼ਨ ਪੋਲੈਂਡ ਵਿਚ ਰੂਸੀ ਡਰੋਨ ਭੇਜਣ ਦੇ ਇਕ ਹਫਤੇ ਅੰਦਰ ਕੀਤਾ ਹੈ। ਪੋਲੈਂਡ ਨੇ ਬੇਲਾਰੂਸ ਤੋਂ ਆਪਣੀ ਸਰਹੱਦ ਬੰਦ ਕਰ ਦਿੱਤੀ ਹੈ। ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਨਾਲ ਤੀਜੇ ਵਿਸ਼ਵ ਯੁੱਧ ਦਾ ਖਤਰਾ ਵਧਿਆ ਹੈ। ਨਾਟੋ ਦੇ ਜਨਰਲ ਸਕੱਤਰ ਮਾਰਕ ਰੁਤੇ ਨੇ ਕਿਹਾ ਹੈ ਕਿ ਪੂਰਬੀ ਮੋਰਚੇ ਨੂੰ ਆਉਣ ਵਾਲੇ ਦਿਨਾਂ ’ਚ ਮਜ਼ਬੂਤ ਕੀਤਾ ਜਾਵੇਗਾ। ਇਸ ਵਿਚ ਬ੍ਰਿਟੇਨ ਵੀ ਸ਼ਾਮਲ ਹੋਵੇਗਾ। ਫਰਾਂਸ, ਬ੍ਰਿਟੇਨ ਤੇ ਜਰਮਨੀ ਦੇ ਪ੍ਰਮੁੱਖ ਹਥਿਆਰ ਪੂਰਬੀ ਮੋਰਚੇ ’ਤੇ ਤਾਇਨਾਤ ਕੀਤੇ ਜਾਣਗੇ।

# ਚਾਰਲੀ ਕਿਰਕ ਕਤਲ ਦੇ ਮੁਲਜ਼ਮ ’ਤੇ ਅਦਾਲਤ ’ਚ ਦੋਸ਼ ਤੈਅ

**ਵਾਸ਼ਿੰਗਟਨ, (ਪੰਜਾਬ ਮੇਲ)-** ਯੂਟਾ ਵੈਲੀ ਯੂਨੀਵਰਸਿਟੀ ਕੈਂਪਸ ਵਿਚ ਪਿਛਲੇ ਹਫ਼ਤੇ ਇੱਕ ਸਮਾਗਮ ਦੌਰਾਨ ਰੂੜੀਵਾਦੀ ਕਾਰਕੁਨ ਚਾਰਲੀ ਕਿਰਕ ਦੇ ਕਤਲ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਖ਼ਿਲਾਫ਼ ਅਦਾਲਤ ਵਿਚ ਸੱਤ ਦੋਸ਼ ਤੈਅ ਕੀਤੇ ਗਏ ਹਨ। ਸਰਕਾਰੀ ਵਕੀਲਾਂ ਨੇ ਮੰਗਲਵਾਰ ਨੂੰ 22 ਸਾਲਾ ਮੁਲਜ਼ਮ ਟਾਇਲਰ ਰੌਬਿਨਸਨ ਖ਼ਿਲਾਫ਼ ਅਦਾਲਤ ਵਿਚ ਦੋਸ਼ ਪੱਤਰ ਦਾਖ਼ਲ ਕੀਤਾ।




ਜੱਜ ਨੇ ਦੋਸ਼ ਪੜ੍ਹੇ ਅਤੇ ਕਿਹਾ ਕਿ ਮੁਲਜ਼ਮ ਲਈ ਇੱਕ ਵਕੀਲ ਨਿਯੁਕਤ ਕੀਤਾ ਜਾਵੇਗਾ। ਰੌਬਿਨਸਨ ਦੇ ਪਰਿਵਾਰ ਨੇ ਗ੍ਰਿਫ਼ਤਾਰੀ ਤੋਂ ਬਾਅਦ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਰੌਬਿਨਸਨ ’ਤੇ ਜਾਣਬੁੱਝ ਕੇ ਕਿਰਕ ਦੀ ਹੱਤਿਆ ਕਰਨ ਦਾ ਦੋਸ਼ ਹੈ। ਜੇਕਰ ਉਹ ਦੋਸ਼ੀ ਪਾਇਆ ਜਾਂਦਾ ਹੈ, ਤਾਂ ਉਸ ਨੂੰ ਮੌਤ ਦੀ ਸਜ਼ਾ, ਉਮਰ ਕੈਦ, ਬਿਨਾਂ ਪੈਰੋਲ ਦੇ ਉਮਰ ਕੈਦ ਜਾਂ ਘੱਟੋ-ਘੱਟ 25 ਸਾਲ ਦੀ ਕੈਦ ਹੋ ਸਕਦੀ ਹੈ। ਸਜ਼ਾ ਹੋਰ ਵੀ ਵਧਾਈ ਜਾ ਸਕਦੀ ਹੈ ਕਿਉਂਕਿ ਉਸ ਨੇ ਕਥਿਤ ਤੌਰ ’ਤੇ ਕਿਰਕ ਨੂੰ ਉਨ੍ਹਾਂ ਦੇ ਸਿਆਸੀ ਵਿਚਾਰਾਂ ਕਾਰਨ ਨਿਸ਼ਾਨਾ ਬਣਾਇਆ ਅਤੇ ਇਹ ਘਟਨਾ ਬੱਚਿਆਂ ਦੀ ਮੌਜੂਦਗੀ ਵਿਚ ਵਾਪਰੀ ਹੈ।

ਰੌਬਿਨਸਨ ’ਤੇ ਖਤਰਨਾਕ ਹਥਿਆਰ ਨਾਲ ਗੋਲੀ ਚਲਾਉਣ ਦਾ ਵੀ ਦੋਸ਼ ਹੈ। ਇਸ ਤੋਂ ਇਲਾਵਾ ਉਸ ’ਤੇ ਨਿਆਂ ਵਿਚ ਰੁਕਾਵਟ ਪਾਉਣ ਅਤੇ ਸਬੂਤਾਂ ਨਾਲ ਛੇੜਛਾੜ ਕਰਨ ਦੇ ਵੀ ਦੋਸ਼ ਲਗਾਏ ਗਏ ਹਨ। ਜ਼ਿਕਰਯੋਗ ਹੈ ਕਿ ਕਿਰਕ ਦੀ 10 ਸਤੰਬਰ ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਹ ਗ਼ੈਰ-ਲਾਭਕਾਰੀ ਸਿਆਸੀ ਸੰਸਥਾ ‘ਟਰਨਿੰਗ ਪੁਆਇੰਟ ਯੂ.ਐੱਸ.ਏ.’ ਦੇ ਸਹਿ-ਸੰਸਥਾਪਕ ਸਨ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਨਜ਼ਦੀਕੀ ਸਹਿਯੋਗੀ ਸਨ।

ਗੋਲੀਬਾਰੀ ਦੇ ਸਮੇਂ ਕਿਰਕ ਯੂਟਾ ਵੈਲੀ ਯੂਨੀਵਰਸਿਟੀ ਵਿਚ ‘ਟਰਨਿੰਗ ਪੁਆਇੰਟ’ ਵੱਲੋਂ ਆਯੋਜਿਤ ਇੱਕ ਚਰਚਾ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਪੋਪ ਲੀਓ 14ਵੇਂ ਨੇ ਵੈਟੀਕਨ ਸਿਟੀ ਵਿਚ ਨਵੇਂ ਅਮਰੀਕੀ ਰਾਜਦੂਤ ਨਾਲ ਮੁਲਾਕਾਤ ਦੌਰਾਨ ਕਿਹਾ ਕਿ ਉਹ ਪਿਛਲੇ ਹਫ਼ਤੇ ਯੂਟਾ ਵਿਚ ਮਾਰੇ ਗਏ ਰੂੜੀਵਾਦੀ ਕਾਰਕੁਨ ਕਿਰਕ, ਉਨ੍ਹਾਂ ਦੀ ਪਤਨੀ ਅਤੇ ਬੱਚਿਆਂ ਲਈ ਪ੍ਰਾਰਥਨਾ ਕਰ ਰਹੇ ਹਨ।

# ਕੈਨੇਡਾ ਦੇ ਲੈਂਗਲੀ ’ਚ ਗੈਂਗਵਾਰ ਦੌਰਾਨ ਪੰਜਾਬੀ ਨੌਜਵਾਨ ਦੀ ਹੱਤਿਆ



**ਕਰਨ ਪੰਧੇਰ ਦੀ ਪੁਲਿਸ ਵੱਲੋਂ ਜਾਰੀ ਫੋਟੋ।**

**ਵੈਨਕੂਵਰ, (ਪੰਜਾਬ ਮੇਲ)-** ਬ੍ਰਿਟਿਸ਼ ਕੋਲੰਬੀਆ ਵਿਚ ਪੁਲਿਸ ਨੇ ਚਾਰ ਦਿਨ ਪਹਿਲਾਂ ਲੈਂਗਲੀ ਵਿਚ ਗੈਂਗਵਾਰ ਦੌਰਾਨ ਮਾਰੇ ਗਏ ਵਿਅਕਤੀ ਦੀ ਪਛਾਣ ਕਰਨ ਪੰਧੇਰ (24) ਵਜੋਂ ਦੱਸੀ ਹੈ। ਪੰਧੇਰ ਨੂੰ 200 ਸਟਰੀਟ ਤੇ 53 ਐਵੇਨਿਊ ਨੇੜੇ ਟੈਕਸੀ ਵਿਚ ਬੈਠੇ ਨੂੰ ਗੋਲੀਆਂ ਮਾਰੀਆਂ ਗਈਆਂ ਸੀ।

ਪੁਲਿਸ ਦੇ ਬੁਲਾਰੇ ਸੁੱਖੀ ਢੇਸੀ ਨੇ ਦੱਸਿਆ ਕਿ ਜਾਂਚ ਦੌਰਾਨ ਸਾਹਮਣੇ ਆਇਆ ਕਿ ਕਰਨ ਪੰਧੇਰ ਖਿਲਾਫ ਕੁਝ ਅਪਰਾਧਿਕ ਕੇਸ ਦਰਜ ਸਨ। ਉਸ ਨੇ ਦੱਸਿਆ ਕਿ ਬੇਸ਼ੱਕ ਜਾਂਚ ਅਜੇ ਪੂਰੀ ਨਹੀਂ ਹੋਈ, ਪਰ ਹੁਣ ਤੱਕ ਮਿਲੇ ਸਬੂਤਾਂ ਅਨੁਸਾਰ ਕਤਲ ਦੀ ਵਜ੍ਹਾ ਦੋ ਅਪਰਾਧਿਕ ਗਰੋਹਾਂ ਵਿਚਾਲੇ ਰੰਜਿਸ਼ ਹੈ ਤੇ ਆਮ ਲੋਕਾਂ ਨੂੰ ਅਜਿਹੀ ਘਟਨਾ ਤੋਂ ਡਰਨ ਦੀ ਲੋੜ ਨਹੀਂ।

ਕਾਰਪੋਰਲ ਸੁੱਖੀ ਢੇਸੀ ਨੇ ਦੱਸਿਆ ਕਿ ਪੁਲਿਸ ਨੂੰ ਗੋਲੀਬਾਰੀ ਬਾਰੇ ਜਾਣਕਾਰੀ ਮਿਲਣ ਮਗਰੋਂ ਜਦੋਂ ਮੌਕੇ ’ਤੇ ਜਾ ਕੇ ਵੇਖਿਆ ਤਾਂ ਖ਼ੂਨ ’ਚ ਲੱਥਪੱਥ ਨੌਜਵਾਨ ਤੜਪ ਰਿਹਾ ਸੀ। ਪੈਰਾਮੈਡਿਕ ਟੀਮ ਵਲੋਂ ਉਸ ਨੂੰ ਬਚਾਉਣ ਦੇ ਯਤਨ ਕੀਤੇ ਗਏ, ਪਰ ਉਹ ਜ਼ਖ਼ਮਾਂ ਦੀ ਤਾਬ ਨਾ ਸਹਿੰਦੇ ਹੋਏ ਹਸਪਤਾਲ ਲਿਜਾਂਦਿਆਂ ਦਮ ਤੋੜ ਗਿਆ। ਘਟਨਾ ਤੋਂ ਬਾਅਦ ਮੁਲਜਮ ਉੱਥੋਂ ਭੱਜ ਗਏ ਤੇ ਅੱਧੇ ਘੰਟੇ ਬਾਅਦ ਸਰੀ ਦੀ 64 ਐਵੇਨਿਊ ਅਤੇ 132 ਸਟਰੀਟ ਕੋਲ ਇੱਕ ਕਾਰ ਨੂੰ ਅੱਗ ਨਾਲ ਸੜਦੇ ਵੇਖਿਆ ਗਿਆ। ਸੁੱਖੀ ਢੇਸੀ ਨੇ ਕਿਹਾ ਕਿ ਬੇਸ਼ੱਕ ਅਜੇ ਉਸ ਕਾਰ ਦੀ ਪਛਾਣ ਕੀਤੀ ਜਾਣੀ ਹੈ, ਪਰ ਸਮਝਿਆ ਜਾਂਦਾ ਹੈ ਕਿ ਉਹ ਕਾਰ ਮੁਲਜ਼ਮਾਂ ਨੇ ਵਾਰਦਾਤ ਮੌਕੇ ਵਰਤੀ ਹੋਵੇਗੀ ਤੇ ਪਛਾਣ ਛੁਪਾਉਣ ਲਈ ਉਸ ਨੂੰ ਅੱਗ ਲਾ ਕੇ ਸਾੜ ਦਿੱਤਾ ਗਿਆ।

# ਲੁਧਿਆਣਾ ’ਚ ਅਮਰੀਕਾ ਰਹਿੰਦੀ ਐੱਨ.ਆਰ.ਆਈ. ਔਰਤ ਦਾ ਬੇਰਹਿਮੀ ਨਾਲ ਕਤਲ

**ਲੁਧਿਆਣਾ, (ਪੰਜਾਬ ਮੇਲ)-** ਅਮਰੀਕਨ ਸਿਟੀਜਨ 72 ਸਾਲਾ ਔਰਤ ਰੁਪਿੰਦਰ ਕੌਰ ਪੰਧੇਰ ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਕਿਲਾਰਾਏਪੁਰ ਦੇ ਇਕ ਘਰ ’ਚ ਕਤਲ ਕਰਕੇ ਲਾਸ਼ ਨੂੰ ਕੋਲਿਆਂ ਦੀ ਅੱਗ ’ਚ ਸਾੜੇ ਜਾਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਸਾੜੇ ਜਾਣ ਮਗਰੋਂ ਸਬੂਤ ਮਿਟਾਉਣ ਲਈ ਮੁਲਜ਼ਮ ਨੇ ਔਰਤ ਦੀਆਂ ਹੱਡੀਆਂ ਇਕ ਸੂਏ ਵਿਚ ਸੁੱਟ ਦਿੱਤੀਆਂ। ਔਰਤ ਨੂੰ ਕਤਲ ਕਰਨ ਵਾਲੇ ਕਥਿਤ ਮੁਲਜ਼ਮ ਦੀ ਪਛਾਣ ਮੱਲਾ ਪੱਤੀ ਕਿਲਾਰਾਏਪੁਰ ਨਿਵਾਸੀ ਸੁਖਜੀਤ ਸਿੰਘ ਸੋਨੂੰ ਵਜੋਂ ਹੋਈ ਹੈ।

ਜਾਣਕਾਰੀ ਅਨੁਸਾਰ ਉਸ ਨੇ ਮਹਿਮਾ ਸਿੰਘ ਵਾਲਾ ਪਿੰਡ ਦੇ ਇੰਗਲੈਂਡ ਵੱਸਦੇ ਐੱਨ.ਆਰ.ਆਈ. ਚਰਨਜੀਤ ਸਿੰਘ ਗਰੇਵਾਲ ਵੱਲੋਂ ਘੜੀ ਸਾਜ਼ਿਸ਼ ਅਧੀਨ ਕਤਲ ਕਰਨਾ ਕਬੂਲਿਆ ਹੈ। ਮ੍ਰਿਤਕਾ ਰੁਪਿੰਦਰ ਕੌਰ ਪੰਧੇਰ ਦਾ ਕਤਲ ਕਰਨ ਲਈ ਸੋਨੂੰ ਨੂੰ ਵਿਦੇਸ਼ ਲੈ ਕੇ ਜਾਣ ਤੋਂ ਇਲਾਵਾ ਵੱਡੀ ਰਾਸ਼ੀ ਦੇਣੀ ਸੀ। ਸੁਖਜੀਤ ਸਿੰਘ ਸੋਨੂੰ ਨੇ 18 ਅਗਸਤ ਨੂੰ ਡੇਹਲੋਂ ਪੁਲਿਸ ਕੋਲ ਸ਼ਿਕਾਇਤ ਲਿਖਵਾਈ ਸੀ ਕਿ ਕੁੱਝ ਅਣਪਛਾਤੇ ਵਿਅਕਤੀਆਂ ਨੇ ਉਸਦੇ ਘਰ ਵਿਚ ਦੋ-ਤਿੰਨ ਮਹੀਨਿਆਂ ਤੋਂ ਠਹਿਰੀ ਹੋਈ ਰੁਪਿੰਦਰ ਕੌਰ ਨੂੰ ਉਸ ਵੇਲੇ ਅਣਦੱਸੀ ਥਾਂ ਲੁਕੋ ਕੇ ਰੱਖ ਲਿਆ, ਜਦੋਂ ਉਹ ਸ਼ਿਕਾਇਤ ਲਿਖਾਉਣ ਤੋਂ ਕਰੀਬ ਦਸ ਦਿਨ ਪਹਿਲਾਂ ਕੈਨੇਡਾ ਜਾਣ ਲਈ ਦਿੱਲੀ ਗਈ ਸੀ।

ਇਸ ਤੋਂ ਪਹਿਲਾਂ ਮ੍ਰਿਤਕ ਦੀ ਭੈਣ ਕਮਲ ਕੌਰ ਖਹਿਰਾ ਨੇ ਰੁਪਿੰਦਰ ਦਾ ਫੋਨ ਬੰਦ ਮਿਲਣ ਤੋਂ ਚਾਰ ਦਿਨ ਬਾਅਦ 28 ਜੁਲਾਈ ਨੂੰ ਭਾਰਤ ਵਿਚ ਅਮਰੀਕੀ ਦੂਤਾਵਾਸ ਤੋਂ ਦਖਲ ਦੀ ਮੰਗ ਕੀਤੀ ਸੀ। ਡੇਹਲੋਂ ਪੁਲਿਸ ਨੇ ਇਸ ਸਬੰਧ ਵਿਚ ਸੁਖਜੀਤ ਸਿੰਘ ਸੋਨੂੰ ਨੂੰ ਹਿਰਾਸਤ ਵਿਚ ਲੈ ਕੇ ਉਸ ਦੀ ਨਿਸ਼ਾਨਦੇਹੀ ਤੇ ਮ੍ਰਿਤਕਾ ਦੀਆਂ ਹੱਡੀਆਂ ਅਤੇ ਹਥੌੜਾ ਬਰਾਮਦ ਕੀਤਾ ਹੈ।

# ਕਾਸ਼ ਪਟੇਲ ਨੂੰ ਐੱਫ.ਬੀ.ਆਈ. ਡਾਇਰੈਕਟਰ ਦੇ ਅਹੁਦੇ ਤੋਂ ਹਟਾਉਣ ਦੀਆਂ ਅਟਕਲਾਂ!

**■ ਚਾਰਲੀ ਕਿਰਕ ਦੀ ਮੌਤ ਤੋਂ ਬਾਅਦ ਉਠਾਏ ਜਾ ਰਹੇ ਨੇ ਸਵਾਲ**



**ਵਾਸ਼ਿੰਗਟਨ, (ਪੰਜਾਬ ਮੇਲ)-** ਡੋਨਾਲਡ ਟਰੰਪ ਦੇ ਕਰੀਬੀ ਰਹੇ ਚਾਰਲੀ ਕਿਰਕ ਦੀ ਮੌਤ ਨਾ ਸਿਰਫ਼ ਅਮਰੀਕਾ ਵਿਚ ਸਗੋਂ ਪੂਰੀ ਦੁਨੀਆਂ ਵਿਚ ਚਰਚਾ ਦਾ ਵਿਸ਼ਾ ਬਣ ਗਈ ਹੈ। ਇਸ ਕਤਲ ਨੂੰ ਐੱਫ.ਬੀ.ਆਈ. ਦੀ ਸਭ ਤੋਂ ਵੱਡੀ ਅਸਫਲਤਾ ਮੰਨਿਆ ਜਾ ਰਿਹਾ ਹੈ, ਜਿਸ ਤੋਂ ਬਾਅਦ ਐੱਫ.ਬੀ.ਆਈ. ਡਾਇਰੈਕਟਰ ਕਾਸ਼ ਪਟੇਲ ਨੂੰ ਅਹੁਦੇ ਤੋਂ ਹਟਾਉਣ ਦੀਆਂ ਅਟਕਲਾਂ ਹਨ।

ਚਾਰਲੀ ਕਿਰਕ ਦੇ ਕਤਲ ਦੇ ਸਬੰਧ ਵਿਚ ਕਾਸ਼ ਪਟੇਲ ਨੂੰ ਅਮਰੀਕੀ ਸੰਸਦ ਵਿਚ ਪੇਸ਼ ਹੋਣ ਦਾ ਹੁਕਮ ਦਿੱਤਾ ਗਿਆ ਹੈ। ਸੂਤਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਕਾਸ਼ ਪਟੇਲ ਤੋਂ ਐੱਫ.ਬੀ.ਆਈ. ਡਾਇਰੈਕਟਰ ਦਾ ਅਹੁਦਾ ਵਾਪਸ ਲਿਆ ਜਾ ਸਕਦਾ ਹੈ। ਉਨ੍ਹਾਂ ਦੀ ਜਗ੍ਹਾ ਐਂਡਰਿਊ ਬੇਲੀ ਐੱਫ.ਬੀ.ਆਈ. ਡਾਇਰੈਕਟਰ ਬਣ ਸਕਦੇ ਹਨ। ਚਾਰਲੀ ਕਿਰਕ ਦੀ ਮੌਤ ਤੋਂ ਕੁਝ ਘੰਟਿਆਂ ਬਾਅਦ ਹੀ, ਐੱਫ.ਬੀ.ਆਈ. ਨੇ ਸ਼ੱਕ ਦੇ ਆਧਾਰ ’ਤੇ 2 ਸ਼ੱਕੀਆਂ ਨੂੰ ਹਿਰਾਸਤ ਵਿਚ ਲਿਆ ਅਤੇ ਪੁੱਛਗਿੱਛ ਸ਼ੁਰੂ ਹੋ ਗਈ। ਐੱਫ.ਬੀ.ਆਈ. ਡਾਇਰੈਕਟਰ ਨੇ ਜਲਦਬਾਜ਼ੀ ਵਿਚ ਪੋਸਟ ਸਾਂਝੀ ਕੀਤੀ, ਜਿਸ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਕਾਸ਼ ਪਟੇਲ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ- ਮੈਨੂੰ ਐੱਫ.ਬੀ.ਆਈ. ’ਤੇ ਮਾਣ ਹੈ। ਕਾਸ਼ ਸਮੇਤ ਸਾਰਿਆਂ ਨੇ ਬਹੁਤ ਵਧੀਆ ਕੰਮ ਕੀਤਾ। ਹਾਲਾਂਕਿ, ਬਾਅਦ ਵਿਚ ਇਹ ਖੁਲਾਸਾ ਹੋਇਆ ਕਿ ਦੋਵੇਂ ਦੋਸ਼ੀ ਬੇਕਸੂਰ ਹਨ। ਚਾਰਲੀ ਕਿਰਕ ਦੀ ਹੱਤਿਆ ਦੇ ਅਸਲ ਦੋਸ਼ੀ ਟੇਲਰ ਰੌਬਿਨਸਨ ਤੱਕ ਪਹੁੰਚਣ ਲਈ ਐੱਫ.ਬੀ.ਆਈ. ਨੂੰ 2 ਦਿਨ ਲੱਗੇ। ਵ੍ਹਾਈਟ ਹਾਊਸ ਵਿਚ ਟਰੰਪ ਦੇ ਬਹੁਤ ਸਾਰੇ ਨਜ਼ਦੀਕੀ ਸਹਿਯੋਗੀ ਹੁਣ ਕਾਸ਼ ਪਟੇਲ ’ਤੇ ਭਰੋਸਾ ਨਹੀਂ ਕਰਦੇ। ਅਟਾਰਨੀ ਜਨਰਲ ਪੈਮ ਬੋਂਡੀ ਦਾ ਨਾਮ ਵੀ ਇਸ ਸੂਚੀ ਵਿਚ ਸ਼ਾਮਲ ਹੈ। ਇੰਨਾ ਹੀ ਨਹੀਂ, ਐਪਸਟਾਈਨ ਫਾਈਲ ’ਤੇ ਵਿਵਾਦ ਤੋਂ ਬਾਅਦ, ਪੈਮ ਐੱਫ.ਬੀ.ਆਈ. ਦੇ ਡਿਪਟੀ ਡਾਇਰੈਕਟਰ ਡੈਨ ਬੋਂਗੀਨੋ ਦੇ ਵਿਰੁੱਧ ਵੀ ਹੋ ਗਏ ਹਨ।

# ਸ੍ਰੀ ਲੰਕਾ ਤੋਂ ਨੇਪਾਲ ਤੱਕ ਨੌਜਵਾਨਾਂ ਦਾ ਸੱਤਾ ਵਿਰੁੱਧ ਉਬਾਲ

ਜਗਦੀਸ਼ ਸਿੰਘ ਚੋਹਕਾ
ਹੁਸ਼ਿਆਰਪੁਰ
91-9217997445
001-403-285-4208
ਪੰਜਾਬ ਮੇਲ USA





ਸਾਰੇ ਸੰਸਾਰ ਅੰਦਰ ਪ੍ਰਣਾਲੀਗਤ ਆਰਥਿਕ ਸੰਕਟ ਦੇ ਸਿੱਟੇ ਵਜੋਂ ਅਰਥ ਵਿਵਸਥਾ ਅੰਦਰ ਵਿਕਾਸ ਦਰ ਸੁਸਤ ਦਿੱਸ ਰਹੀ ਹੈ। ਜਿਸਦੇ ਕਾਰਨ ਆਰਥਿਕ ਅਸਮਾਨਤਾਵਾਂ, ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਕਾਰਨ ਸਮਾਜ ਦੇ ਹਰ ਵਰਗ ਅੰਦਰ ਬੇਚੈਨੀ ਦਾ ਆਲਮ ਛਾਇਆ ਹੋਇਆ ਹੈ। ਇਹ ਬੇਚੈਨੀ ਗਰੀਬ ਦੇਸ਼ਾਂ ਤੋਂ ਉਪਰ ਵਿਕਸਿਤ ਦੇਸ਼ਾਂ ਅੰਦਰ ਵੀ ਕਈ ਰੂਪਾਂ ਵਿਚ ਸਾਹਮਣੇ ਆ ਰਹੀ ਹੈ। ਕਿਰਤੀ ਜਮਾਤ ਅਤੇ ਨੌਜਵਾਨ ਵਰਗ ਆਪਣੇ ਅਧਿਕਾਰਾਂ ਦੀ ਰੱਖਿਆ ਅਤੇ ਆਰਥਿਕ ਮੁਸ਼ਕਲਾਂ ਦੇ ਵਿਰੁੱਧ ਸੰਘਰਸ਼ ਵਿੱਢ ਰਹੇ ਹਨ। ਬਹੁਤ ਸਾਰੇ ਦੇਸ਼ਾਂ ਅੰਦਰ ਇਸ ਸੰਘਰਸ਼ ਦਾ ਰਾਜਨੀਤਿਕ ਰੁਖ ਭਾਵੇਂ ਸੱਜੇ ਪੱਖ ਵੱਲ ਖਿਸਕਦਾ ਜ਼ਾਹਰ ਹੋ ਰਿਹਾ ਹੈ। ਪਿਛਲੇ ਸਮੇਂ ਖਾਸ ਕਰਕੇ ਦੱਖਣੀ ਏਸ਼ੀਆ ਦੇ ਕੁਝ ਦੇਸ਼ਾਂ ਅੰਦਰ ਲੋਕ-ਵਿਦਰੋਹ, ਰਾਜਨੀਤਿਕ ਸੱਤਾ ਤਬਦੀਲੀ ਅਤੇ ਆਗੂਆਂ ਵਿਰੁੱਧ ਇਹ ਪ੍ਰੀਵਰਤਨ ਜਿਸ ਦੀ ਅਗਵਾਈ ਨੌਜਵਾਨਾਂ ਨੇ ਕੀਤੀ, ਸਾਹਮਣੇ ਆਇਆ ਹੈ। ਸ਼੍ਰੀ ਲੰਕਾ, ਬੰਗਲਾਦੇਸ਼, ਇੰਡੋਨੇਸ਼ੀਆ ਅਤੇ ਹੁਣੇ-ਹੁਣੇ ਹੀ ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਭਾਈ-ਭਤੀਜਾਵਾਦ ਦੇ ਵਿਰੁੱਧ ਨੇਪਾਲ ਅੰਦਰ ਨੌਜਵਾਨਾਂ ਅਤੇ ਲੋਕਾਂ ਨੇ ਸਰਕਾਰ ਨੂੰ ਹਿਲਾਅ ਦਿੱਤਾ ਹੈ। ਜਾਪਾਨ ਅਤੇ ਫਰਾਂਸ ਅੰਦਰ ਵੀ ਹਾਕਮਾਂ ਦੀਆਂ ਨੀਤੀਆਂ ਵਿਰੁੱਧ ਲੋਕ ਦਬਾਅ ਨੇ ਰਾਜਨੀਤਿਕ ਤਬਦੀਲੀਆਂ ਲਿਆਂਦੀਆਂ।

ਸੰਸਾਰ ਬੈਂਕ ਦੀ 2024 ਦੀ ਰਿਪੋਰਟ ਜ਼ਾਹਰ ਕਰਦੀ ਹੈ ਕਿ ਦੱਖਣੀ ਏਸ਼ੀਆਂ ਦੇ ਦੇਸ਼ਾਂ ਅੰਦਰ ਜੋ ਉਚੀ ਵਿਕਾਸ ਦਰ ਦੀਆਂ ਫੀਗਾਂ ਮਾਰੀਆਂ ਜਾ ਰਹੀਆਂ ਹਨ, ਉਸ ਦਾ ਲੋਕਾਂ ਨੂੰ ਕੋਈ ਲਾਭ ਨਹੀਂ ਹੋ ਰਿਹਾ ਹੈ। ਸਗੋਂ ਲੋਕਾਂ ਦੇ ਰੁਜ਼ਗਾਰ ਛੁੱਟ ਗਏ ਹਨ। ਧਿਆਨ ਮਾਰੋ! ਬੇਰੁਜ਼ਗਾਰੀ ਦੇ ਮਾਰੂ ਹਮਲੇ ਕਾਰਨ ਸਾਲ 2022 ਦੌਰਾਨ ਸ਼੍ਰੀਲੰਕਾ, 2024 ਬੰਗਲਾਦੇਸ਼ ਅਤੇ ਅਗਸਤ 2025 ਇੰਡੋਨੇਸ਼ੀਆ ਅੰਦਰ ਸਰਕਾਰਾਂ ਦੇ ਭੋਗ ਪੈ ਗਏ। ਇਸੇ ਤਰ੍ਹਾਂ ਪਿਛਲੇ ਮਹੀਨਿਆਂ ਦੌਰਾਨ ਆਰਥਿਕ ਸੰਕਟ ਕਾਰਨ ਆਵਾਮ ਸਮੇਤ ਨੌਜਵਾਨ ਵਰਗ ਦੇ ਦਬਾਅ ਦੇ ਸਿੱਟੇ ਵਜੋਂ ਜਾਪਾਨ ਅਤੇ ਫਰਾਂਸ ਅੰਦਰ ਵੀ ਰਾਜਨੀਤਿਕ ਬਦਲਾਅ ਸਾਹਮਣੇ ਆਏ, ਪਿਛਲੇ ਹਫਤੇ ਨੇਪਾਲ ਅੰਦਰ ਰਾਜਨੀਤਿਕ ਪ੍ਰੀਵਰਤਨ ਨੇ ਸਰਕਾਰ ਨੂੰ ਅਸਤੀਫੇ ਦੇ ਕੇ ਭੱਜਣਾ ਪਿਆ। ਇਹ ਸਾਰੇ ਬਦਲਾਅ ਅਤੇ ਰਾਜਨੀਤਿਕ ਤਬਦੀਲੀਆਂ ਲਈ ਮੋਹਰੀ ਰੋਲ ਨੌਜਵਾਨਾਂ ਨੇ ਹੀ ਅਦਾ ਕੀਤਾ। ਕਿਉਂਕਿ ਇਨ੍ਹਾਂ ਦੇਸ਼ਾਂ ਅੰਦਰ ਵਿਕਾਸ ਦਰ ਦਾ ਲਾਭ ਇਸੇ ਸਮੇਂ ਦੌਰਾਨ ਕਿਰਤ ਸ਼ਕਤੀ ਵਿਚ ਜੋ ਨਵਾਂ ਖੂਨ (ਨੌਜਵਾਨ) ਪ੍ਰਵੇਸ਼ ਹੋਇਆ ਹੈ, ਉਨ੍ਹਾਂ ਨੂੰ ਰੁਜ਼ਗਾਰ ਤਾਂ ਕੀ ਮਿਲਣਾ, ਸਗੋਂ ਉਹ ਵੱਧ ਰਹੀ ਮਹਿੰਗਾਈ ਵਿਚ ਲਪੇਟੇ ਗਏ। ਦੂਸਰੇ ਪਾਸੇ ਹਾਕਮ ਵਰਗ ਅਤੇ ਕੁਲੀਨ ਲੋਕ ਹੋਰ ਅਮੀਰ ਹੋ ਗਏ। ਸਗੋਂ ਉਨ੍ਹਾਂ ਦੇ ਛੋਕਰੇ (ਧੀਆਂ-ਪੁੱਤ) ਪੂਰੀ ਐਸ਼ ਕਰ ਰਹੇ ਹਨ ਤੇ ਭ੍ਰਿਸ਼ਟਾਚਾਰ ਹੱਦਾਂ ਬੰਨ੍ਹੇ ਟੱਪ ਚੁੱਕਾ ਹੈ।

ਸਾਲ 2024 ਦੀ ਕੌਮਾਂਤਰੀ ਪਾਰਦਰਸ਼ੀ ਰਿਪੋਰਟ ਅਨੁਸਾਰ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਨੇਪਾਲ 180 ਦੇਸ਼ਾਂ ਅੰਦਰ 107ਵੇਂ ਸਥਾਨ 'ਤੇ ਪਾਇਆ ਗਿਆ, ਬੰਗਲਾਦੇਸ਼ 151ਵੇਂ, ਸ਼੍ਰੀ ਲੰਕਾ 121ਵੇਂ, ਇੰਡੋਨੇਸ਼ੀਆ 99ਵੇਂ, ਪਾਕਿ 133ਵੇਂ ਅਤੇ ਭਾਰਤ 93ਵੇਂ ਸਥਾਨ 'ਤੇ ਸੀ। ਉਪਰੋਕਤ ਦੇਸ਼ਾਂ ਅੰਦਰ ਭ੍ਰਿਸ਼ਟਾਚਾਰ ਉਚ-ਦਰਾਂ 'ਤੇ ਪੁੱਜ ਗਿਆ ਹੈ। ਜਿਸ ਕਾਰਨ ਆਰਾਥਿਕ ਵਿਕਾਸ ਦਾ ਲਾਭ ਹੇਠਾਂ ਨਾ ਤਾਂ ਆਮ ਲੋਕਾਂ ਨੂੰ ਪ੍ਰਾਪਤ ਹੋਇਆ ਹੈ ਤੇ ਨਾ ਹੀ ਆਰਥਿਕਤਾ ਅੰਦਰ ਅਸਮਾਨਤਾ ਘੱਟੀ। ਦੱਖਣੀ ਏਸ਼ੀਆਂ ਦੇ ਬਹੁਤ ਸਾਰੇ ਦੇਸ਼ਾਂ ਅੰਦਰ (ਸੰਸਾਰ ਜਨਸੰਖਿਆ ਰਿਪੋਰਟ-2024) 25-30 ਸਾਲ ਦੀ ਉਮਰ ਤੱਕ ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ ਵਿਚ ਬੇ-ਵਹਾ ਵਾਧਾ ਹੋਇਆ ਹੈ। ਇਸ ਵਾਧੇ ਦੇ ਮੁਕਾਬਲੇ ਰੁਜ਼ਗਾਰ ਬਹੁਤ ਘੱਟ ਪੈਦਾ ਹੋਇਆ। ਨੌਜਵਾਨ-ਸ਼ਕਤੀ ਦੇਸ਼ ਦੀ ਵਿਕਾਸ ਗਤੀ ਵਿਚ ਵੱਡਾ ਯੋਗਦਾਨ ਪਾ ਸਕਦੀ ਹੈ, ਜੋ ਨਹੀਂ ਹੋ ਰਿਹਾ ਹੈ। ਇਹ ਜਨਸੰਖਿਆ ਲਾਭ ਜੋ ਜਨਸੰਖਿਆ ਅੰਦਰ ਉਮਰ (ਨੌਜਵਾਨ ਸ਼ਕਤੀ) ਦੇ ਸੰਰਚਨਾ ਦੇ ਬਦਲਾਅ ਨਾਲ ਆਉਂਦਾ ਹੈ, ਹਾਕਮਾਂ ਦੀਆਂ ਪੂੰਜੀਵਾਦੀ ਅਤੇ ਉਦਾਰੀਵਾਦੀ ਨੀਤੀਆਂ ਜੋ ਰੁਜ਼ਗਾਰ ਨੂੰ ਰੋਕ ਲਾਉਂਦੀਆਂ ਹਨ, ਦੇ ਕਾਰਨ ਬਦਲਾਅ ਨਹੀਂ ਆਇਆ। ਸਗੋਂ ਕੰਮ ਕਰਨ ਦੀ ਉਮਰ ਵਾਲੀ ਆਬਾਦੀ ਦਾ ਅਨੁਪਾਤ ਉਨ੍ਹਾਂ ਲੋਕਾਂ ਦੀ ਤੁਲਨਾ ਅਨੁਸਾਰ ਲਗਾਤਾਰ ਵਧ ਰਿਹਾ ਹੈ, ਜੋ ਕੰਮ ਨਹੀਂ ਕਰ ਸਕਦੇ ਜਿਵੇਂ ਛੋਟੇ ਬੱਚੇ ਅਤੇ ਸੇਵਾਮੁਕਤ ਤੇ ਸੀਨੀਅਰਜ਼। ਜਿਸ ਕਾਰਨ ਬੇਰੁਜ਼ਗਾਰੀ ਵੱਧਦੀ ਹੈ।

ਵਿਦਿਆਰਥੀ ਧਿਰ ਜਿਉਂ- ਸਿੱਖਿਆ ਪ੍ਰਾਪਤ ਕਰਕੇ ਕਿਰਤ ਸ਼ਕਤੀ ਵਿਚ ਸ਼ਾਮਲ ਹੋ ਕੇ ਰੁਜ਼ਗਾਰ ਭਾਲਦਾ ਹੈ। ਸਰਕਾਰ ਸੰਸਥਾਵਾਂ ਅੰਦਰ ਹਾਕਮਾਂ ਨੇ ਰੁਜ਼ਗਾਰ ਸੀਮਤ ਕਰ ਰੱਖਿਆ ਹੋਇਆ ਹੈ। ਇਹ ਨੌਜਵਾਨ ਨਿੱਜੀ ਖੇਤਰ ਦੇ ਰੁਜ਼ਗਾਰ ਦੇਣ ਵਾਲੇ ਕਾਰਖਾਨੇ, ਕੰਪਨੀਆਂ ਅਤੇ ਅਦਾਰਿਆਂ ਅੰਦਰ ਕੰਮ ਭਾਲਦੇ ਹਨ। ਜਿਥੇ ਉਨ੍ਹਾਂ ਨੂੰ ਬਹੁਤ ਘੱਟ ਉਜਰਤਾਂ ਮਿਲਦੀਆਂ ਹਨ। ਜੇਕਰ ਕਿਰਤੀ ਦੀ ਉਜਰਤ ਵੱਧੇਗੀ, ਤਾਂ ਉਹ ਕੰਮ ਵੀ ਵੱਧ ਕਰੇਗਾ ਅਤੇ ਪੈਦਾਵਾਰ ਵੀ ਵਧੇਗੀ। ਪਰ ਮਾਲਕ ਨਹੀਂ ਚਾਹੁੰਦਾ ਕਿ ਕਿਰਤੀਆਂ ਦੀਆਂ ਉਜ਼ਰਤਾਂ 'ਚ ਵਾਧਾ ਹੋਵੇ। ਮਾਲਕ ਖੁਦ ਹੀ ਪੈਦਾਵਾਰ ਨਹੀਂ ਵਧਾਉਣੀ ਚਾਹੁੰਦਾ ਹੈ। ਜਿਸ ਕਰਕੇ ਹੋਰ ਪੂੰਜੀ ਨਿਵੇਸ਼ ਨਾ ਹੋਣ ਕਰਕੇ ਰੁਜ਼ਗਾਰ ਵਿਚ ਵਾਧਾ ਨਹੀਂ ਹੋ ਰਿਹਾ। ਮਾਲਕ ਮੁਨਾਫੇ ਤੱਕ ਨਿਰਭਰ ਕਰਦਾ ਹੈ। ਨਿਵੇਸ਼ 'ਤੇ ਰੋਕ, ਨਵੇਂ ਰੁਜ਼ਗਾਰ ਨਾ ਸਾਜਨੇ, ਇਸ ਤਰ੍ਹਾਂ ਦੀ ਦੱਖਣੀ ਏਸ਼ੀਆ ਅੰਦਰ ਵਿਕਾਸਸ਼ੀਲ ਅਰਥਵਿਵਸਥਾ ਤਾਂ ਪੈਦਾ ਹੋ ਗਈ ਹੈ ਪਰ ਟਿਕਾਊ ਵਿਕਾਸ ਰੁੱਕ ਗਿਆ ਹੈ, ਨਵੇਂ ਰੁਜ਼ਗਾਰ ਪੈਦਾ ਨਹੀਂ ਹੋ ਰਹੇ ਹਨ (ਏਸ਼ੀਅਨ ਵਿਕਾਸ ਬੈਂਕ)। ਸ਼ਹਿਰੀ ਖੇਤਰ 'ਚ ਆਟੋ-ਇਲੈਕਟਰੋਨਿਕਸ, ਕੱਪੜਾ ਉਦਯੋਗ ਅਤੇ ਉਤਪਾਦਨ ਸਭ ਦਾ ਮਸ਼ੀਨੀਕਰਨ ਤੇ ਆਟੋਮਾਈਜ਼ੇਸ਼ਨ ਹੋਣ ਕਰਕੇ ਰੁਜ਼ਗਾਰ ਘੱਟ ਗਏ ਹਨ। ਅੱਠ-ਸਤੰਬਰ, 2025 ਨੂੰ ਨੇਪਾਲ ਵਿਚ ਹੋਇਆ 'ਜ਼ੇਨ-ਜੀ' ਵਿਦਰੋਹ ਬੇਰੁਜ਼ਗਾਰੀ ਵਿਰੁੱਧ ਅਤੇ ਭ੍ਰਿਸ਼ਟਾਚਾਰ ਵਿਰੁੱਧ ਨੌਜਵਾਨ ਰੋਹ ਸੀ, ਜਿਸ ਨੇ ਰਾਜਨੀਤਿਕ ਤਬਦੀਲੀ ਦਾ ਰਾਹ ਖੋਲ੍ਹਿਆ।

ਆਓ! ਦੱਖਣੀ ਏਸ਼ੀਆ ਦੇ ਦੇਸ਼ਾਂ ਅੰਦਰ ਨੌਜਵਾਨ ਪੀੜ੍ਹੀ ਅੰਦਰ ਵੱਧ ਰਹੇ ਰੋਹ ਅਤੇ ਉਬਾਲ ਦੇ ਕਾਰਨਾਂ ਵੱਲ ਧਿਆਨ ਮਾਰੀਏ! ਜਿਸ ਕਰਕੇ ਇਨ੍ਹਾਂ ਦੇਸ਼ਾਂ ਅੰਦਰ ਰਾਜਨੀਤਿਕ ਬਦਲਾਅ ਲਈ ਭੂਮੀ ਪ੍ਰਾਪਤ ਹੋਈ। ਨੇਪਾਲ ਦੀ ਕੁੱਲ ਆਬਾਦੀ ਦੇ 16-25 ਸਾਲ ਉਮਰ ਦੇ ਨੌਜਵਾਨਾਂ ਦੀ ਹਿੱਸੇਦਾਰੀ 20.8 ਫੀਸਦੀ ਸੀ। 40.68 ਫੀਸਦੀ ਲੋਕ ਜੋ 16-40 ਸਾਲ ਉਮਰ ਦੇ ਸਨ, ਉਹ ਕਿਰਤ ਸ਼ਕਤੀ ਦਾ 61.48 ਫੀਸਦੀ ਸਨ। ਜਿਹੜੇ ਰੁਜ਼ਗਾਰ ਤੋਂ ਵਾਂਝੇ ਰਹਿ ਗਏ। ਏਡੀ ਵੱਡੀ ਕਿਰਤ ਸ਼ਕਤੀ ਫਿਰ ਭੁੱਖੀ ਕਿਵੇਂ ਬੈਠੇਗੀ? ਨੇਪਾਲ ਦੀ ਪ੍ਰਤੀ ਵਿਅਕਤੀ ਆਮਦਨ (ਜੀ.ਡੀ.ਪੀ.) 1447 ਡਾਲਰ ਸਾਲਾਨਾ, ਜਦਕਿ ਸੰਸਾਰ ਅੰਦਰ ਔਸਤ ਆਮਦਨ 136.73 ਸੀ (ਸੰਸਾਰ ਬੈਂਕ 2024)। ਦੂਸਰੇ ਪਾਸੇ ਆਗੂਆਂ ਰਾਜਨੀਤਿਕ ਅਤੇ ਕੁਲੀਨ ਵਰਗ ਦੇ ਛੋਕਰੇ ਸੈਰਾਂ ਕਰਦੇ ਅਤੇ ਬਾਹਰਲੇ ਦੇਸ਼ਾਂ ਅੰਦਰ ਮੌਜਾਂ ਕਰਦੇ। ਜਦੋਂ ਨੇਪਾਲੀ ਨੌਜਵਾਨ ਜੋ ਹੋਟਲਾਂ ਅੰਦਰ ਬਰਤਨ ਸਾਫ ਕਰਦੇ ਤੇ ਕੁਲੀਨ-ਵਰਗ ਦੇ ਐਸ਼ ਕਰਦੇ ਛੋਕਰਿਆਂ ਵਿਚਕਾਰ, ਇਹ ਵਿਤਕਰਾ ਸੋਸ਼ਲ ਮੀਡੀਆ 'ਤੇ ਸਾਹਮਣੇ ਆਇਆ, ਤਾਂ ਨੌਜਵਾਨ-ਵਰਗ ਭੜਕ ਉਠਿਆ। ਇਹੋ ਹਾਲਤ ਬੰਗਲਾਦੇਸ਼ ਜਿਥੇ 15-29 ਸਾਲ ਉਮਰ ਵਰਗ ਦੀ ਕਿਰਤ ਸ਼ਕਤੀ 25 ਫੀਸਦੀ ਪ੍ਰਤੀ ਵਿਅਕਤੀ ਆਮਦਨ 2593 ਡਾਲਰ ਅਤੇ ਮਹਿੰਗਾਈ ਦਰ 10.5 ਫੀਸਦੀ ਸੀ (2024)। ਸ਼੍ਰੀ ਲੰਕਾ ਵਿਚ 15.29 ਸਾਲ ਉਮਰ ਦੇ 23.6 ਫੀਸਦੀ (2023), ਪ੍ਰਤੀ ਵਿਅਕਤੀ ਆਮਦਨ 4515 ਡਾਲਰ ਸੀ (2024)। ਬੇਰੁਜ਼ਗਾਰੀ ਦਰ ਪਾਕਿਸਤਾਨ-5.4 ਫੀਸਦੀ, ਇੰਡੋਨੇਸ਼ੀਆ-5.2 ਫੀਸਦੀ, ਜਾਪਾਨ-2.50 ਫੀਸਦੀ, ਸ਼੍ਰੀਲੰਕਾ-4.2 ਫੀਸਦੀ, ਬੰਗਲਾਦੇਸ਼- 4.2 ਫੀਸਦੀ, ਨੇਪਾਲ-10.6 ਫੀਸਦੀ ਅਤੇ ਭਾਰਤ-5.6 ਫੀਸਦੀ (ਸਾਲ 2024 ਦੀ ਰਿਪੋਰਟ) ਪਾਈ ਗਈ।

ਸੰਸਾਰ ਅੰਦਰ ਵਿਕਸਤ ਅਤੇ ਵਿਕਾਸਸ਼ੀਲ ਦੋਹਾਂ ਤਰ੍ਹਾਂ ਦੀਆਂ ਅਰਥ-ਵਿਵਸਥਾਵਾਂ ਵਿਚ ਕਿਰਤ ਸ਼ਕਤੀ ਦੀ ਹਿੱਸੇਦਾਰੀ ਵਿਚ ਗਿਰਾਵਟ ਆਈ ਹੈ। ਅਮੀਰ ਵਰਗਾਂ ਦੇ ਹੱਥਾਂ 'ਚ ਆਮਦਨ ਵਿਚ ਵਧ ਰਿਹਾ ਕੇਂਦਰੀਕਰਨ ਇਸ ਤੱਥ ਵੱਲ ਇਸ਼ਾਰਾ ਕਰਦਾ ਹੈ ਕਿ ਹੇਠਲੇ ਸਤਹਿ 'ਤੇ ਰਹਿਣ ਵਾਲੀ ਕਿਰਤ ਸ਼ਕਤੀ ਦੀ, ਖਾਸ ਕਰਕੇ 15-29 ਸਾਲ ਦੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਦੀ ਮਾਰ ਵੱਧ ਪੈ ਰਹੀ ਹੈ। ਇਹ ਵੱਧ ਰਹੀ ਅਸਮਾਨਤਾ ਦਾ ਇਕ ਹੋਰ ਕਾਰਨ ਇਹ ਵੀ ਹੈ ਕਿ ਪੂੰਜੀ ਦਾ ਨਿਵੇਸ਼ ਨਾ ਹੋਣ ਕਾਰਨ ਜਿਥੇ ਬੇਰੁਜ਼ਗਾਰੀ ਵੱਧੀ, ਉਥੇ ਕਿਰਤ-ਸ਼ਕਤੀ ਅਤੇ ਪੂੰਜੀ ਵਿਚਕਾਰ ਵਿਰੋਧਤਾਈ ਵੀ ਹੋਰ ਤੇਜ਼ ਹੋਈ। ਪੂੰਜੀ ਸਦਾ ਸ਼ੋਸ਼ਣਕਾਰੀ ਉਜ਼ਰਤਾਂ ਅਤੇ ਸਸਤੀ ਕਿਰਤ ਸ਼ਕਤੀ ਚਾਹੁੰਦੀ, ਤਾਂ ਕਿ ਕਿਰਤ ਸ਼ਕਤੀ ਦਾ ਵੱਧ ਤੋਂ ਵੱਧ ਸ਼ੋਸ਼ਣ ਕੀਤਾ ਜਾਵੇ। ਇਹ ਵਿਰੋਧਤਾਈ ਕਈ ਥਾਵਾਂ 'ਤੇ ਵਿਦਰੋਹ ਨੂੰ ਵੀ ਉਕਸਾਉਂਦੀ ਹੈ। ਦੱਖਣੀ ਏਸ਼ੀਆ ਦੇ ਬਹੁਤ ਸਾਰੇ ਦੇਸ਼ਾਂ ਅੰਦਰ ਜਿਥੇ ਕਈ ਤਰ੍ਹਾਂ ਦੇ ਰਾਜਨੀਤਿਕ ਪ੍ਰੀਵਰਤਨ ਹੋਏ, ਉਥੇ ਸਿਸਟਮ ਅੰਦਰ ਦੌਲਤ ਦਾ ਕੇਂਦਰੀਕਰਨ ਵੀ ਚਿੰਤਾਜਨਕ ਰੂਪ ਵਿਚ ਸੀ।

ਦੱਖਣੀ ਦੇਸ਼ਾਂ ਅੰਦਰ ਚੀਨ, ਵੀਅਤਨਾਮ, ਉ: ਕੋਰੀਆ, ਲਾਊਸ ਆਦਿ ਦੇਸ਼ਾਂ ਨੂੰ ਛੱਡ ਕੇ ਬਾਕੀ ਦੇਸ਼ਾਂ ਅੰਦਰ ਉਥੋਂ ਦੀਆਂ ਸਰਕਾਰਾਂ ਜੋ ਕਾਰਪੋਰੇਟੀ, ਨਵ-ਉਦਾਰਵਾਦੀ ਅਤੇ ਪੂੰਜੀਵਾਦੀ ਰਾਹ 'ਤੇ ਚੱਲ ਰਹੀਆਂ ਹਨ। ਇਨ੍ਹਾਂ ਸਰਕਾਰਾਂ ਅੰਦਰ ਹਾਕਮ ਜਮਾਤਾਂ ਨਿਵੇਸ਼ ਰੋਕ ਕੇ, ਜਨਤਕ ਸੇਵਾਵਾਂ ਦਾ ਨਿੱਜੀਕਰਨ ਕਰਕੇ ਕਾਰਪੋਰੇਟਾਂ ਦੇ ਹਿਤਾਂ ਦੀ ਰਾਖੀ ਕਰਕੇ ਟੈਕਸਾਂ ਦਾ ਆਮ ਜਨਤਾ 'ਤੇ ਬੋਝ ਪਾ ਕੇ ਜਿਥੇ ਆਪਣੇ ਮੁਨਾਫ਼ੇ ਬਰਕਰਾਰ ਤੇ ਵਧਾ ਰਹੀਆਂ ਹਨ, ਉਥੇ ਬੇਰੁਜ਼ਗਾਰੀ ਵਧ ਰਹੀ ਹੈ, ਜੋ ਆਰਥਿਕ ਅਸਮਾਨਤਾ ਨੂੰ ਵੀ ਤੇਜ਼ੀ ਨਾਲ ਜਨਮ ਦੇ ਰਹੀ ਹੈ। ਵਧ ਰਹੀ ਬੇਰੁਜ਼ਗਾਰੀ, ਗਰੀਬੀ ਅਤੇ ਸਮਾਜਿਕ ਅਨਿਆਇ ਵਿਰੁੱਧ ਲੋਕ ਰੋਹ ਵੀ ਪੈਦਾ ਹੋ ਰਹੇ ਹਨ। ਰਾਜਸੱਤਾ ਵਿਰੁੱਧ ਆਏ ਨੌਜਵਾਨ ਉਬਾਲ ਦਾ ਅਸਰ ਖਿੱਤੇ ਅੰਦਰ ਕੀ ਰੁਖ ਅਖਤਿਆਰ ਕਰੇਗਾ, ਸਮਾਂ ਹੀ ਦੱਸੇਗਾ ਕਿ, ਕੀ ਲੋਕਾਂ ਦੀਆਂ ਦੁਸ਼ਵਾਰੀਆਂ ਦਾ ਅੰਤ ਹੋਵੇਗਾ ਜਾਂ ਉਨ੍ਹਾਂ ਵਿਚ ਹੋਰ ਵਾਧਾ?

**ਆਓ! ਦੱਖਣੀ ਏਸ਼ੀਆ ਦੇ ਦੇਸ਼ਾਂ ਅੰਦਰ ਨੌਜਵਾਨ ਪੀੜ੍ਹੀ ਅੰਦਰ ਵੱਧ ਰਹੇ ਰੋਹ ਅਤੇ ਉਬਾਲ ਦੇ ਕਾਰਨਾਂ ਵੱਲ ਧਿਆਨ ਮਾਰੀਏ! ਜਿਸ ਕਰਕੇ ਇਨ੍ਹਾਂ ਦੇਸ਼ਾਂ ਅੰਦਰ ਰਾਜਨੀਤਿਕ ਬਦਲਾਅ ਲਈ ਭੂਮੀ ਪ੍ਰਾਪਤ ਹੋਈ। ਨੇਪਾਲ ਦੀ ਕੁੱਲ ਆਬਾਦੀ ਦੇ 16-25 ਸਾਲ ਉਮਰ ਦੇ ਨੌਜਵਾਨਾਂ ਦੀ ਹਿੱਸੇਦਾਰੀ 20.8 ਫੀਸਦੀ ਸੀ। 40.68 ਫੀਸਦੀ ਲੋਕ ਜੋ 16-40 ਸਾਲ ਉਮਰ ਦੇ ਸਨ, ਉਹ ਕਿਰਤ ਸ਼ਕਤੀ ਦਾ 61.48 ਫੀਸਦੀ ਸਨ।**

# ਆਰਤੀ

## ਮਿੰਨੀ ਕਹਾਣੀ

ਮਾਸਟਰ ਹਰੇਸ਼ ਕੁਮਾਰ ਸੈਣੀ
ਪਠਾਨਕੋਟ (ਪੰਜਾਬ)
ਮੋਬ : 083607-27221
ਪੰਜਾਬ ਮੇਲ USA



ਆਰਤੀ ਮੇਰੇ ਘਰ ਦੇ ਸਾਹਮਣੇ ਰਹਿੰਦੀ ਹੈ। ਆਰਤੀ ਦੀ ਉਮਰ ਉਸ ਸਮੇਂ ਅੰਦਾਜ਼ਨ ਤੇਈ ਸਾਲ ਦੀ ਸੀ। ਆਰਤੀ ਦਾ ਪਤੀ ਸਰਕਾਰੀ ਨੌਕਰੀ ਕਰਦਾ ਹੈ। ਆਰਤੀ ਦਾ ਪਤੀ ਸ਼ਰਾਬ ਪੀਣ ਦਾ ਆਦੀ ਹੈ ਅਤੇ ਜੂਏਬਾਜ਼ੀ ਦੀ ਵੀ ਉਸ ਨੂੰ ਲੱਤ ਹੈ। ਆਰਤੀ ਦਾ ਸਹੁਰਾ ਵੀ ਸ਼ਰਾਬ ਪੀਣ ਦਾ ਆਦੀ ਸੀ, ਜੋ ਸਵਰਗਵਾਸ ਹੋ ਚੁੱਕਾ ਹੈ। ਸ਼ਰਾਬ ਕਾਰਨ ਘਰ ਵਿਚ ਅਕਸਰ ਕਲੇਸ਼ ਰਹਿੰਦਾ ਸੀ। ਸ਼ਾਮ ਨੂੰ ਸ਼ਰਾਬ ਪੀ ਕੇ ਦੋਨੋਂ ਪਿਓ-ਪੁੱਤਰ ਰੋਜ਼ਾਨਾ ਆਰਤੀ ਨੂੰ ਗਾਲ੍ਹਾਂ ਕੱਢਦੇ ਸਨ ਅਤੇ ਮਾਰ-ਕੁਟਾਈ ਵੀ ਕਰਦੇ ਸਨ। ਇੱਕ ਦਿਨ ਆਰਤੀ ਅਨੁਸਾਰ ਉਸਦਾ ਸਹੁਰਾ ਉਸਨੂੰ ਸ਼ਰਾਬ ਦੇ ਨਸ਼ੇ ਵਿਚ ਫੜ੍ਹ ਲੈਂਦਾ ਹੈ ਅਤੇ ਸਬੰਧ ਬਨਾਉਣ ਨੂੰ ਕਹਿੰਦਾ ਹੈ। ਆਰਤੀ ਕਿਸੇ ਤਰ੍ਹਾਂ ਉਸ ਤੋਂ ਪਿੱਛਾ ਛੁਡਾਉਂਦੀ ਹੈ। ਆਰਤੀ ਦੀ ਸੱਸ ਪਹਿਲਾਂ ਹੀ ਮਰ ਚੁੱਕੀ ਸੀ। ਆਰਤੀ ਦਾ ਕਹਿਣਾ ਸੀ ਕਿ ਉਸ ਦੇ ਪਤੀ ਦੀ ਸਲਾਹ ਨਾਲ ਹੀ ਸਹੁਰੇ ਨੇ ਉਸ ਨੂੰ ਫੜਿਆ ਸੀ। ਕਿਉਂਕਿ ਆਰਤੀ ਅਨੁਸਾਰ ਉਸਦਾ ਪਤੀ ਜ਼ਿਆਦਾ ਸ਼ਰਾਬ ਪੀਣ ਕਰਕੇ ਨਾਮਰਦੀ ਦਾ ਸ਼ਿਕਾਰ ਹੋ ਰਿਹਾ ਸੀ। ਆਰਤੀ ਇਸ ਘਟਨਾ ਨੂੰ ਫੋਨ ਰਾਹੀਂ ਆਪਣੇ ਮਾਤਾ ਨਾਲ ਸਾਂਝਾ ਕਰਦੀ ਹੈ। ਆਰਤੀ ਦੀ ਮਾਤਾ ਅਤੇ ਭਰਾ ਅਤੇ ਹੋਰ ਰਿਸ਼ਤੇਦਾਰ ਸਵੇਰ ਸਾਰ ਨਾਲ ਗੱਡੀ ਕਰਕੇ ਆਰਤੀ ਦੇ ਘਰ ਪਹੁੰਚ ਜਾਂਦੇ ਹਨ। ਉਨ੍ਹਾਂ ਦੁਆਰਾ ਆਰਤੀ ਦੇ ਸਹੁਰੇ ਨੂੰ ਆਰਤੀ ਨੂੰ ਸ਼ਰਾਬ ਦੇ ਨਸ਼ੇ ਵਿਚ ਰਾਤ ਫੜ ਲੈਣ ਅਤੇ ਸਬੰਧ ਬਣਾਉਣ ਸਬੰਧੀ ਪੁੱਛਗਿਛ ਕੀਤੀ ਜਾਂਦੀ ਹੈ। ਆਰਤੀ ਦਾ ਸਹੁਰਾ ਅਜਿਹਾ ਕੁਝ ਹੋਣ ਤੋਂ ਨਾਂਹ ਕਰ ਦੇਂਦਾ ਹੈ। ਪਰ ਆਰਤੀ ਉੱਤੇ ਜੋ ਤਸ਼ੱਦਦ ਹੁੰਦਾ ਸੀ, ਉਸ ਦੀ ਆਵਾਜ਼ ਅਸੀਂ ਰੋਜ਼ ਸੁਣਦੇ ਸੀ। ਖੈਰ ਗੱਲ ਘਰ ਹੀ ਆਪਸੀ ਸਹਿਮਤੀ ਨਾਲ ਮੁੱਕਾ ਦਿੱਤੀ ਗਈ ਅਤੇ ਸਮਝੌਤਾ ਕਰਵਾ ਦਿੱਤਾ ਗਿਆ। ਪਰ ਇਸੇ ਨਮੋਸ਼ੀ ਵਿਚ ਆਰਤੀ ਦੇ ਸਹੁਰੇ ਦੀ ਮੌਤ ਥੋੜੇ ਸਮੇਂ ਬਾਅਦ ਹੀ ਹੋ ਗਈ ਸੀ। ਆਰਤੀ ਦੇ ਪਿਛੋਕੜ ਦਾ ਮੈਨੂੰ ਪਤਾ ਨਹੀਂ। ਆਰਤੀ ਨੂੰ ਸਹੁਰੇ ਵੱਲੋਂ ਅਤੇ ਪਤੀ ਵੱਲੋਂ ਕੋਈ ਨਕਦ ਪੈਸਾ ਨਹੀਂ ਦਿੱਤਾ ਜਾਂਦਾ ਸੀ। ਇਸ ਲਈ ਆਰਤੀ ਆਰਥਿਕ ਪੱਖ ਤੋਂ ਵੀ ਤੰਗ ਰਹਿੰਦੀ ਸੀ।

# ਹੜ੍ਹਾਂ ਤੇ ਹੋਰ ਆਫਤਾਂ ਨੂੰ ਰੋਕਣ ਲਈ ਅਗਾਂਹੂ ਨੀਤੀਆਂ ਬਣਾਈਆਂ ਜਾਣ : ਡਾ. ਅਮਰਜੀਤ ਟਾਂਡਾ




-ਡਾ. ਅਮਰਜੀਤ ਟਾਂਡਾ
ਆਸਟ੍ਰੇਲੀਆ
ਸੰਪਰਕ : +61 417 271 1 47
ਪੰਜਾਬ ਮੇਲ USA




ਹੜ੍ਹਾਂ ਤੇ ਹੋਰ ਆਫ਼ਤਾਂ ਨੂੰ ਰੋਕਣ ਲਈ ਅਗਾਂਹੂ ਨੀਤੀਆਂ ਬਣਾਉਣ ਲਈ ਕੁਝ ਮੁੱਖ ਸਿਧਾਂਤਕ ਅਤੇ ਸਰਬਸੰਮਤੀ ਵਾਲੇ ਕਦਮ ਹੋ ਸਕਦੇ ਹਨ, ਜੋ ਹਰ ਸਮਾਜਿਕ ਵਰਗ ਲਈ ਲਾਭਕਾਰੀ ਤੇ ਪਸੰਦ ਆਉਣ ਵਾਲੇ ਵੀ ਹਨ।

ਫਿਰ ਐਵੇਂ ਬਾਅਦ ਵਿਚ ਰੂਹਾਂ ਨੂੰ ਪਛਤਾਵੇ ਵੀ ਨਹੀਂ ਲਾਏ ਜਾਣਗੇ, ਕੁਦਰਤ ਨੂੰ ਉਲਾਂਭੇ ਨਹੀਂ ਦਿੱਤੇ ਜਾਣਗੇ। ਫਿਰ ਆਪਾਂ ਸੱਤਾ ਨੂੰ ਪੁੱਛਾਂਗੇ, ਜੇ ਨਹੀਂ ਕੰਮ ਹੋਇਆ ਤਾਂ।

## ਮੁੱਖ ਅਗਾਂਹੂ ਨੀਤੀਆਂ

**ਨਦੀਆਂ ਅਤੇ ਨਾਲਿਆਂ ਦੀ ਸਫਾਈ ਤੇ ਕੈਨਾਲ ਸਿਸਟਮ ਦੀ ਮਜ਼ਬੂਤੀ:** ਨਦੀ-ਨਾਲਿਆਂ ਵਿਚ ਡਾਬਾਬੀ ਕਰਨਾ, ਕਿਨਾਰਿਆਂ 'ਤੇ ਪੱਕੇ ਬੰਧ ਬਣਾਉਣੇ, ਕੈਂਨਲ ਤੇ ਬੈਰਾਜ ਸਿਸਟਮ ਨੂੰ ਅਤਿ ਆਧੁਨਿਕ ਬਣਾਉਣਾ ਤੇ ਤਿਆਰ ਰੱਖਣਾ।

**ਵਾਟਰ ਰੀਚਾਰਜ ਢਾਂਚੇ ਤੇ ਮੋਹਰੀ ਰੋਕਥਾਮ:** ਪਾਣੀ ਰੀਚਾਰਜ ਲਈ ਜਲ ਸੰਚੈ ਵਿਧੀਆਂ ਅਤੇ ਪ੍ਰਾਕ੍ਰਿਤਕ ਬੂੰਦਬੰਦ ਵਧਾਉਣ ਮੁਹਿੰਮ।

**ਫਲੱਡ ਪਲੇਨ ਤੇ ਮੇਲਿੰਗ ਏਰੀਆ ਇਕੱਲੀ ਛੱਡਣਾ:** ਨਿਆਂਦੇ ਕਿਨਾਰੇ, ਬੇਤਾਬਾ ਅਤੇ ਫਲੱਡ ਪਲੇਨ ਉੱਤੇ ਨਾਜਾਇਜ਼ ਆਬਾਦੀ ਜਾਂ ਕੰਸਟਰੱਕਸ਼ਨ ਰੋਕਣਾ, ਕਾਨੂੰਨੀ ਪਾਬੰਦੀ ਲਗਾਉਣੀ।

**ਕਮਿਊਨਿਟੀ ਆਧਾਰਿਤ ਅਲੈਰਨਗ ਸਿਸਟਮ ਤੇ ਰਿਹਾਇਸ਼ੀ ਨਕਸ਼ਾ ਤਿਆਰ ਕਰਨਾ:** ਹਰੇਕ ਵੱਡੇ ਪਿੰਡ/ਸ਼ਹਿਰ ਲਈ ਡਿਜ਼ੀਟਲ ਅਲੈਰਨਗ, ਸਮੂਹੀ ਯੋਜਨਾ ਜਾਂ ਆਫਤ ਪ੍ਰਬੰਧਨ ਟੀਮਾਂ ਬਣਾਉਣੀਆਂ।

**ਇੰਕਲੂਸਿਵ ਨੀਤੀਆਂ ਤੇ ਭਾਗੀਦਾਰੀ:** ਅਸਲ ਪੱਧਰ ਉੱਤੇ ਜ਼ਰੂਰੀ ਹਿੱਸੇਦਾਰਾਂ — ਕਿਸਾਨ, ਮਜ਼ਦੂਰ, ਔਰਤਾਂ, ਵਿਅੰਗ — ਸਭ ਦੀ ਆਵਾਜ਼ ਯਕੀਨੀ ਬਣਾਈ ਜਾਵੇ; ਪਿੰਡ ਪੱਧਰੀ ਸੰਗਠਨਾਂ, ਸਰਕਾਰੀ ਤੇ ਪ੍ਰਾਈਵੇਟ ਸੰਸਥਾਵਾਂ ਵਿਚਕਾਰ ਸਹਿਯੋਗ।

**ਅੱਗੇ ਤੋਂ ਪੂਰਾ ਰਾਹਦਾਰੀ ਨਕਸ਼ਾ ਅਤੇ ਮੁੜ-ਪੁਨਰ-ਚਰਚਾ (ਫੀਡਬੈਕ):** ਹਮੇਸ਼ਾ ਪਿਛਲੇ ਤਜ਼ਰਬਿਆਂ ਤੋਂ ਸਿੱਖਦਿਆਂ ਹੋਇਆਂ, ਨਤੀਜਿਆਂ ਤੇ ਨਵੀਂ ਸੋਚ ਲਾਗੂ ਕਰਨੀ ਚਾਹੀਦੀ ਹੈ।

## ਲੋੜੀਂਦੇ ਤਕਨੀਕੀ ਉਪਾਅ

ਰੌਕ ਬਰਮ, ਰਿਪ-ਰੈਪ, ਸੈਂਡਬੈਗ, ਧੁੱਸੀ ਬੰਧ, ਰਿਟੇਂਸ਼ਨ ਫੈਸਿੰਗ ਅਤੇ ਆਧੁਨਿਕ ਨਿਕਾਸੀ ਮਾਰਗ।

ਨਾੜੀਵਾੜਲੇ ਪਿੰਡਾਂ ਨੂੰ ਸੁਰੱਖਿਆ ਕੈਂਪਸ/ ਘੱਟ ਬਸਤੀ ਵਾਲੇ ਇਲਾਕਿਆਂ ਲਈ ਪਲੈਨਿੰਗ।

ਪੱਕਾ ਡੇਟਾ ਤੇ ਮਾਪਦੰਡ ਅਸਰਦਾਰ ਤਰੀਕੇ ਨਾਲ ਵਰਤਣ, ਜਿਵੇਂ ਡ੍ਰੋਨ ਜਾਂ ਜੀ.ਆਈ.ਐੱਸ. ਮੈਪ, ਹੋਰ ਨਵੀਨ ਟੈਕਨੋਲੋਜੀ ਦਾ ਇਸਤੇਮਾਲ।

**ਸਰਬਸੰਮਤੀ ਤੇ ਲੋਕਪ੍ਰਿਯਤਾ ਯਕੀਨੀ ਬਣਾਉਣ ਲਈ ਸਾਰਿਆਂ ਦੀ ਸੁਣਵਾਈ ਤੇ ਭਾਗੀਦਾਰੀ:** ਵਿਭਿੰਨ ਧਰਮਾਂ, ਜਾਤੀਆਂ, ਲਿੰਗ, ਵਿਅੰਗ, ਬਜ਼ੁਰਗ, ਯੁਵਾ — ਸਾਰੇ ਵਰਗ ਜ਼ਰੂਰੀ ਤੌਰ 'ਤੇ ਜੁੜਨ।

ਹੱਲ ਲੋਕਲ ਜ਼ਮੀਨੀ ਹਕੀਕਤ ਤੇ ਚੋਣਦਾ ਹੋਵੇ, 'ਓਪਨ' ਪਬਲਿਕ ਮੀਟਿੰਗਾਂ ਤੇ ਵਰਕਸ਼ਾਪਾਂ ਰਾਹੀਂ ਚਰਚਾ ਕਰਕੇ ਨੀਤੀਆਂ ਬਣਾਈਆਂ ਜਾਣ।

ਦਿਹਾੜੀਦਾਰ, ਕਿਸਾਨ, ਬੇਘਰ — ਉਨ੍ਹਾਂ ਦੀਆਂ ਗੱਲਾਂ/ਮੰਗਾਂ ਅਨੁਸਾਰ ਤਰਜੀਹਾਂ, ਹਰ ਕੌਮ ਤੇ ਪੀੜਤ ਲਈ ਪ੍ਰੋਗਰਾਮ ਵਿਸ਼ੇਸ਼।

ਉਪਰੋਕਤ ਕਦਮ ਅਤੇ ਨੀਤੀਆਂ ਵਿਅਕਤੀਗਤ, ਸਮਾਜਿਕ ਤੇ ਸੂਬਾ ਪੱਧਰ 'ਤੇ ਲਾਗੂ ਹੋ ਸਕਦੀਆਂ, ਜਿਹੜੀਆਂ ਵੱਡੇ ਪੱਧਰ 'ਤੇ ਸਰਬਸੰਮਤੀਆਂ ਤੇ ਲੋਕਪ੍ਰਿਯ ਹੋਣਗੀਆਂ। ਜੇ ਆਪਾਂ ਸਾਰੇ ਰਲ ਕੇ ਲੱਗ ਪਏ, ਤਾਂ ਕੱਲ੍ਹ ਨੂੰ ਕਿਸੇ ਵੀ ਅੱਖ 'ਚੋਂ ਹੰਝੂ ਨਹੀਂ ਕਿਰੇਗਾ, ਪਛਤਾਵਾ ਨਹੀਂ ਲੱਗੇਗਾ ਗਲੀਆਂ ਰਾਹਾਂ ਨੂੰ, ਗੱਲ ਤਾਂ ਇਸੇ ਤਰ੍ਹਾਂ ਹੀ ਏਕਾ ਵਿਖਾਉਣ ਦੀ ਹੈ।

**ਚੱਲਦਾ ਅਜੇ**

# ਪੰਜਾਬ ਦੀ ਖੇਤੀ ਨੀਤੀ ਵੀ ਹੋਵੇ : ਡਾਕਟਰ ਅਮਰਜੀਤ ਟਾਂਡਾ




-ਡਾ. ਅਮਰਜੀਤ ਟਾਂਡਾ
ਆਸਟ੍ਰੇਲੀਆ
ਸੰਪਰਕ : +61 417 271 1 47
ਪੰਜਾਬ ਮੇਲ USA




ਜਹਾਨ ਸਾਰਾ ਖੇਤਾਂ ਦੇ ਸਹਾਰੇ ਜਿਉਂਦਾ ਹੈ। ਹਰੀਆਂ-ਭਰੀਆਂ ਫ਼ਸਲਾਂ ਹੀ ਘਰਾਂ ਦਰਾਂ 'ਤੇ ਸ਼ੋਭਾ ਤੇ ਖੁਸ਼ੀਆਂ ਲੈ ਕੇ ਆਉਂਦੀਆਂ ਹਨ।

ਆਓ ਸਾਰੇ ਰਲ-ਮਿਲ ਕੇ ਖੇਤਾਂ ਲਈ ਕੋਈ ਨੀਤੀ ਬਣਾਈਏ, ਵੱਧ ਤੋਂ ਵੱਧ ਝਾੜ ਕੱਢੀਏ ਤੇ ਸਾਰੇ ਦੇਸ਼ ਦੀ ਭੁੱਖ ਮਿਟਾਈਏ।

ਮਿੱਟੀਆਂ ਕਦੇ ਵੀ ਬੇਈਮਾਨ ਨਹੀਂ ਹੁੰਦੀਆਂ

## ਰੁੱਖ ਕਦੇ ਮਿਹਣੇ ਨਹੀਂ ਦਿੰਦੇ

ਪੰਜਾਬ ਦੀ ਖੇਤੀ ਨੀਤੀ ਐਸੀ ਬਣਾਉਣੀ ਚਾਹੀਦੀ ਹੈ, ਜੋ ਸਭ ਵਰਗਾਂ, ਖ਼ਾਸ ਕਰਕੇ ਕਿਸਾਨ, ਮਜ਼ਦੂਰ, ਮਹਿਲਾਵਾਂ, ਖੇਤੀਬਾੜੀ ਵਿਗਿਆਨੀ ਅਤੇ ਸਮੂਹ ਪੇਂਡੂ ਵਸਨੀਕਾਂ ਲਈ ਲਾਹੇਵੰਦ, ਸਹਿਯੋਗੀ ਅਤੇ ਵਾਧੂ ਆਮਦਨ ਵਾਲੀ ਹੋਵੇ।

## ਨੀਤੀ ਦੇ ਮੁੱਖ ਨੁਕਤੇ

**ਪਾਣੀ ਬਚਾਉ ਅਤੇ ਫਸਲੀ ਵਿਭਿੰਨਤਾ:** ਪੰਜਾਬ ਨੂੰ "ਜਲ ਐਮਰਜੈਂਸੀ" ਤੋਂ ਬਚਾਉਣ ਲਈ ਝੋਨੇ ਦੀ ਕਾਸ਼ਤ 'ਤੇ ਹੌਲੀ-ਹੌਲੀ ਪਾਬੰਦੀ ਅਤੇ ਫਸਲੀ ਵਿਭਿੰਨਤਾ ਉਤਸ਼ਾਹਿਤ ਕਰਨ ਦੀ ਸਿਫ਼ਾਰਿਸ਼—ਧਰਤੀ ਦੇ ਕੁਦਰਤੀ ਹਿੱਸਿਆਂ ਮੁਤਾਬਕ ਫਸਲਾਂ (ਮਿਸਾਲ ਵਜੋਂ ਦਾਲਾਂ, ਮੱਕੀ, ਫਲ/ਸਬਜ਼ੀਆਂ) ਵਧਾਏ ਜਾਣ।

**ਖੇਤੀ ਖ਼ਰਚੇ ਘਟਾਉਣ ਦੀ ਯੋਜਨਾ:** ਉਚਿਤ ਤਕਨੀਕ, ਖੇਤੀਬਾੜੀ ਯੰਤਰਾਂ ਦੀ ਸਾਂਝੀ ਵਰਤੋਂ, ਮੁਕਾਬਲੇਯੋਗ ਬੀਜ, ਜੈਵਿਕ ਖਾਦ, ਸੂਝਵਾਨ ਸਿੰਚਾਈ ਪੱਧਰ ਤੇ ਸਟੋਰੇਜ ਅਤੇ ਮੰਡੀਆਂ ਦੀ ਵਿਗਿਆਨਕ ਬਣਤਰ ਰਾਹੀਂ ਖ਼ਰਚ ਵੱਧ ਤੋਂ ਵੱਧ ਘਟਾਇਆ ਜਾਵੇ।

**ਕਿਸਾਨ, ਮਜ਼ਦੂਰ ਅਤੇ ਮਹਿਲਾ ਹਿੱਸਾ:** ਨੀਤੀ ਸਿਰਫ਼ ਵੱਡੇ ਕਿਸਾਨ ਲਈ ਨਹੀਂ, ਛੋਟੇ ਤੇ ਮੱਧਮ ਵਿਅਕਤੀ, ਮਹਿਲਾਵਾਂ ਅਤੇ ਮਜ਼ਦੂਰ ਵਾਹਲੀ ਮੌਲਿਕ ਹਿੱਸਾ ਅਤੇ ਅਧਿਕਾਰਾਂ ਦੀ ਰੱਖਿਆ ਤੇ ਉਨ੍ਹਾਂ ਦੀ ਹੌਂਸਲਾ-ਅਫਜ਼ਾਈ ਕਰੇ।

**ਸਹਿਕਾਰੀ ਤੇ ਭਾਗੀਦਾਰੀ ਢਾਂਚਾ:** ਪੇਂਡੂ ਹਰ ਪੱਧਰ ਪਿੱਛੇ ਬਹੁ-ਮੰਤਵੀ (ਫਸਲ, ਸਬਜ਼ੀ, ਝੀਲ, ਪਸ਼ੂ ਪਾਲਣ) ਸੁਸਾਇਟੀ, ਨਵੀਨਤਮ ਖੋਜ ਅਤੇ ਵਿਗਿਆਨਕ ਸੰਸਥਾਵਾਂ ਦੇ ਨਿੱਜੀ-ਸਰਕਾਰੀ ਸਹਿਯੋਗ ਨਾਲ ਵਿਕਾਸ।

**ਪੰਚਾਇਤ ਅਤੇ ਪੇਂਡੂ ਨੌਜਵਾਨਾਂ ਦੀ ਸ਼ਮੂਲੀਅਤ:** ਨੀਤੀ ਬਣਾਉਣ ਅਤੇ ਲਾਗੂ ਕਰਨ ਦੀ ਹਰੇਕ ਪੜਾਅ ਵਿਚ ਪਿੰਡ ਪੱਧਰ ਦੇ ਜਥੇਬੰਦੀਆਂ, ਯੁਵਕ ਅਤੇ ਮਹਿਲਾ ਗਰੁੱਪਾਂ ਦੀ ਸਕਤ ਹਰ ਤਰ੍ਹਾਂ ਦੀ ਸ਼ਮੂਲੀਅਤ ਹੋਵੇ।

## ਵਿਸ਼ੇਸ਼ ਸੁਝਾਅ

ਵਧੇਰੇ ਝੋਨਾ ਉਗਾਉਣ ਪਰ ਇਲਾਕਾਵਾਰ ਰੋਕ ਅਤੇ ਪਾਣੀ ਘੱਟ ਵਰਤਣ ਵਾਲੀਆਂ ਫਸਲਾਂ ਉਤਸ਼ਾਹਿਤ ਕੀਤੀਆਂ ਜਾਣ।

ਪੇਂਡੂ ਆਮਦਨ ਵਧਾਉਣ ਲਈ ਛੋਟੇ ਕੰਮ (ਪਲਾਸਟਿਕ, ਸ਼ਹਿਦ, ਦੁੱਧ ਆਧਾਰਤ ਉਦਯੋਗ) ਸ਼ਾਮਲ ਹੋਣ।

ਨਵੀਂ ਪੀੜ੍ਹੀ ਲਈ ਵਿਗਿਆਨਕ ਖੇਤੀ ਅਤੇ ਨਵੀਨ ਟੈਕਨਾਲੋਜੀ ਸਿੱਖਣ ਦੇ ਮੌਕੇ।

ਸਰਕਾਰੀ ਅਦਾਰੇ ਤੇ ਮੁਫ਼ਤ, ਜਾਂ ਘੱਟ ਲਾਗਤ 'ਕ੍ਰੈਡਿਟ', ਫਸਲ ਬੀਮਾ ਤੇ ਖੜ੍ਹੀ ਮਦਦ।

## ਵਿਆਪਕ ਸਲਾਹ-ਮਸ਼ਵਰਾ

ਨੀਤੀ ਤਿਆਰ ਅਤੇ ਲਾਗੂ ਕਰਦੇ ਸਮੇਂ ਵੱਖ-ਵੱਖ ਜਥੇਬੰਦੀਆਂ, ਆਮ ਲੋਕ, ਵਿਗਿਆਨਕ, ਮਹਿਲਾ/ਮਜ਼ਦੂਰ ਗਰੁੱਪ ਆਦਿ ਸਭ ਦੀ ਰਾਇ ਲਾਜ਼ਮੀ ਲਈ ਜਾਵੇ।

ਸੰਭਾਵਤ ਤਰੁੱਟੀਆਂ ਤੋਂ ਸਬਕ ਲੈ ਕੇ ਨੀਤੀ ਦੀ ਸਾਲਾਨਾ ਸਮੀਖਿਆ/ਸੁਝਾਅ ਹੁੰਦੇ ਰਹਿਣ।

ਇਸ ਤਰ੍ਹਾਂ ਬਣੀ ਨੀਤੀ ਸਮੂਹ ਸਮਾਜ, ਖ਼ੁਸ਼ਹਾਲ ਪੇਂਡੂ ਵਾਤਾਵਰਣ ਅਤੇ ਭਵਿੱਖ ਲਈ, ਪੰਜਾਬ ਦੇ ਹਰੇਕ ਪਰਿਵਾਰ ਨੂੰ ਸਹੀ ਮਾਇਨਿਆਂ 'ਚ ਲਾਹੇਵੰਦ ਮਹਿਸੂਸ ਹੋਵੇਗੀ।

ਜੇ ਅਸੀਂ ਨੀਤੀਆਂ ਤੇ ਬੁੱਢੇ ਵਕਤਾਂ ਦੀਆਂ ਪੈੜਾਂ 'ਤੇ ਚੱਲ ਪਏ ਬਾਬੇ ਨਾਨਕ ਦਾ ਰਾਹ ਅਪਣਾ ਲਿਆ, ਤਾਂ ਦੁਨੀਆਂ ਦੀ ਕੋਈ ਵੀ ਸ਼ਕਤੀ ਸਾਨੂੰ ਹਰਾ ਨਹੀਂ ਸਕੇਗੀ।

ਪੰਜਾਬ ਦਾ ਫਿਰ ਡੰਕਾ ਵੱਜੇਗਾ ਦੁਨੀਆਂ ਵਿਚ। ਪੰਜਾਬੀਆਂ ਦੀ ਹਿੰਮਤ, ਦਲੇਰੀ ਮੂਹਰੇ ਫਿਰ ਕੋਈ ਵੀ ਨਹੀਂ ਖੜ੍ਹ ਸਕੇਗਾ, ਸਿਰਫ ਜੇ ਲੋੜ ਹੈ, ਤਾਂ ਇੱਕ ਸੱਚੀ ਸੁੱਚੀ ਸੋਚ ਦੀ। ਤੇ ਇਮਾਨਦਾਰੀ ਨਾਲ ਸਾਰਿਆਂ ਨੂੰ ਨਾਲ ਲੈ ਕੇ ਇੱਕ "ਪੰਜਾਬ ਯਾਤਰਾ" ਤੇ ਟੁਰਨ ਦੀ

ਇਕ ਨੀਤੀ ਘੜਨ ਦੀ,
ਬਾਬੇ ਨਾਨਕ ਦੀ ਬਾਂਹ ਫ਼ੜਨ ਦੀ

**-ਅਜੇ ਚਲਦਾ**

# ਹੜ੍ਹ ਪ੍ਰਭਾਵਿਤਾਂ ਲਈ ਪੰਜਾਬੀਆਂ ਦੇ ਵੱਡੇ ਦਿਲਾਂ ਨੇ ਮੁੜ ਇਤਿਹਾਸ ਰਚਿਆ

ਮੇਜਰ ਸਿੰਘ ਨਾਭਾ
ਮੋ.: 94635-53962
ਪੰਜਾਬ ਮੇਲ USA





ਪੰਜਾਬ ਅੰਦਰ ਪਿਛਲੇ ਦਿਨਾਂ ਤੋਂ ਸੱਤ-ਅੱਠ ਜ਼ਿਲ੍ਹਿਆਂ ਵਿਚ ਹੜ੍ਹ ਆਉਣ ਕਾਰਨ ਹਾਲਾਤ ਬੜੇ ਬਦਤਰ ਹੋ ਚੁੱਕੇ ਹਨ। ਪਿੰਡਾਂ ਦੇ ਪਿੰਡ ਪਾਣੀ ਵਿਚ ਡੁੱਬਣ ਕਾਰਨ ਘਰਾਂ ਦਾ ਸਾਮਾਨ, ਫਸਲਾਂ ਬਰਬਾਦ ਹੋਣ ਦੇ ਨਾਲ, ਪਸ਼ੂ, ਪਰਿਵਾਰਾਂ ਦੇ ਜੀਆਂ ਦੀ ਹਾਲਤ ਚਿੰਤਾਜਨਕ ਬਣੀ ਹੋਈ ਹੈ। ਪੰਜਾਬ ਪਿਛਲੇ ਦਿਨਾਂ ਤੋਂ ਹੜ੍ਹ ਦੀ ਮਾਰ ਹੇਠ ਆਇਆ ਹੋਇਆ ਹੈ ਪਰ ਜੋ ਮਦਦ ਸਰਕਾਰੀ ਪੱਧਰ ਉੱਪਰ ਹੋਣੀ ਚਾਹੀਦੀ ਸੀ, ਉਹ ਨਹੀਂ ਹੋ ਰਹੀ। ਪ੍ਰਧਾਨ ਮੰਤਰੀ ਨੇ ਪੰਜਾਬ ਦੇ ਹੜ੍ਹ ਪੀੜਤ ਇਲਾਕਿਆਂ ਦਾ ਹਵਾਈ ਸਰਵੇਖਣ ਕਰਕੇ ਪੰਜਾਬ ਲਈ 16 ਹਜ਼ਾਰ ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਨ ਦਾ ਐਲਾਨ ਕੀਤਾ ਹੈ। ਪੰਜਾਬ ਸਰਕਾਰ ਨੇ ਵੀ ਰਾਹਤ ਦੇਣ ਲਈ ਕਈ ਫੈਸਲੇ ਲਏ ਹਨ। ਇਹ ਸਾਰਾ ਕੁਝ ਕਾਫੀ ਨਹੀਂ, ਇਸ ਤੋਂ ਕਿਤੇ ਵੱਧ ਪੰਜਾਬੀ ਖੁਦ ਕਰ ਰਹੇ ਹਨ। ਹੜ੍ਹ ਇਲਾਕਿਆਂ ਦੇ ਦੌਰੇ ਕਰਕੇ ਹੜ੍ਹ ਪੀੜਤਾਂ ਦਾ ਕੁਝ ਨਹੀਂ ਸੰਵਰਦਾ, ਜਿੰਨਾ ਚਿਰ ਲੋੜੀਂਦੀ ਮਦਦ ਵੱਡੇ ਪੱਧਰ ਉੱਪਰ ਪਾਣੀ ਵਿਚ ਘਿਰੇ ਪ੍ਰਭਾਵਿਤ ਹੋ ਚੁੱਕੇ ਲੋਕਾਂ ਤੱਕ ਨਹੀਂ ਪਹੁੰਚਾਈ ਜਾਂਦੀ। ਬੱਚੇ, ਬਜ਼ੁਰਗਾਂ ਨੂੰ ਇਨ੍ਹਾਂ ਹਾਲਾਤਾਂ ਵਿਚ ਰਹਿਣਾ ਕੋਈ ਸੌਖਾ ਨਹੀਂ ਕਿਉਂਕਿ ਉਹ ਆਪਣਿਆਂ ਉੱਪਰ ਬਹੁਤੇ ਨਿਰਭਰ ਹੋ ਕੇ ਜ਼ਿੰਦਗੀ ਬਸਰ ਕਰਦੇ ਹੁੰਦੇ ਹਨ। ਭਾਵੇਂ ਪੰਜਾਬ ਦੇ ਲੋਕ ਹਮੇਸ਼ਾ ਕੁਦਰਤੀ ਆਫਤਾਂ ਤੋਂ ਪ੍ਰਭਾਵਿਤ ਦੁਨੀਆਂ ਭਰ ਦੇ ਲੋਕਾਂ ਦੀ ਮਦਦ ਕਰਦੇ ਆ ਰਹੇ ਹਨ ਪਰ ਅੱਜ ਆਪ ਪੰਜਾਬ ਕੁਦਰਤੀ ਕਰੋਪੀ ਦਾ ਸ਼ਿਕਾਰ ਹੋਇਆ ਹੈ, ਭਾਵੇਂ ਇਸ ਪ੍ਰਤੀ ਕਈ ਸ਼ੰਕੇ ਜ਼ਰੂਰ ਖੜ੍ਹੇ ਹੋਏ ਹਨ, ਤਾਂ ਇਸ ਸਥਿਤੀ ਵਿਚ ਦੇਸ਼ ਦੇ ਦੂਜੇ ਐਨੇ ਵੱਡੇ ਰਾਜਾਂ ਨੇ ਕੁਝ ਰਾਜਾਂ ਨੂੰ ਛੱਡ ਦਿਲੋਂ ਹਮਦਰਦੀ ਤੱਕ ਜਤਾਉਣ ਨੂੰ ਵੀ ਜ਼ਰੂਰੀ ਨਹੀਂ ਸਮਝਿਆ। ਇਹ ਕਿਹੋ ਜਿਹੀ ਇਨਸਾਨੀਅਤ ਦੀ ਸੋਚ ਬਣ ਗਈ ਹੈ। ਪੰਜਾਬੀਆਂ ਅੰਦਰ ਸ਼ੁਰੂ ਤੋਂ ਗੈਰਤ ਭਰੀ ਹੋਣ ਕਾਰਨ ਇਹ ਫਿਰ ਵੀ ਚੜ੍ਹਦੀਕਲਾ 'ਚ ਰਹਿਣ ਦੇ ਆਦੀ ਹਨ, ਭਾਵੇਂ ਇਹ ਕਿੰਨੇ ਉਜਾੜੇ ਪਹਿਲਾਂ ਵੀ ਦੇਖ ਚੁੱਕੇ ਹਨ। ਇਹ ਪ੍ਰਭਾਵਿਤ ਜ਼ਿਲ੍ਹਿਆਂ ਦੇ ਬਹੁਤੇ ਲੋਕ ਦੇਸ਼ ਦੀ ਵੰਡ ਦੇ ਦਰਦਨਾਕ ਸੰਤਾਪ ਨੂੰ ਆਪਣੇ ਪਿੰਡੇ ਉੱਪਰ ਹੰਢਾ ਕੇ ਸਾਂਝੇ ਪੰਜਾਬ 'ਚੋਂ ਪੂਰਬੀ ਪੰਜਾਬ ਵਿਚ ਘਰ-ਬਾਰ ਛੱਡ ਕੇ ਖਾਲੀ ਹੱਥ ਆਏ ਸੀ। ਉਦੋਂ ਜਾਨੀ ਨੁਕਸਾਨ ਬਹੁਤ ਵੱਡਾ ਹੋਇਆ ਸੀ। ਇਹ ਪਰਿਵਾਰ ਮਿਹਨਤ ਕਰਕੇ ਗੁਰੂ ਦੇ ਭਾਣੇ ਵਿਚ ਰਹਿੰਦੇ ਹੌਲੀ-ਹੌਲੀ ਆਪਣੇ ਪੈਰਾਂ ਉੱਪਰ ਖੜ੍ਹੇ ਹੋਏ ਪਰ ਪਿਛਲੇ ਤਿੰਨ ਦਹਾਕੇ ਪਹਿਲਾਂ ਅੱਤਵਾਦ ਦੇ ਦੌਰ ਦੌਰਾਨ ਇਸ ਖੇਤਰ ਦੇ ਪਰਿਵਾਰਾਂ ਨੇ ਜਾਨੀ ਮਾਲੀ ਬਹੁਤ ਵੱਡਾ ਨੁਕਸਾਨ ਵੀ ਉਠਾਇਆ। ਇਸ ਦੌਰਾਨ ਆਪਣੀ ਹੀ ਸਰਕਾਰ ਵਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਕੇ ਨੌਜਵਾਨਾਂ ਦੇ ਝੂਠੇ ਮੁਕਾਬਲੇ ਬਣਾ ਕੇ ਉਨ੍ਹਾਂ ਨੂੰ ਮਾਰਿਆ ਗਿਆ। ਇਸ ਦੀ ਸੱਚਾਈ ਨੂੰ ਜੋ ਤਿੰਨ ਦਹਾਕਿਆਂ ਤੋਂ ਬਾਅਦ ਨਿਆਂਪਾਲਿਕਾ ਨੇ ਸਰਕਾਰੀ ਤੰਤਰ ਦੇ ਪੁਲਿਸ ਮੁਲਾਜ਼ਮਾਂ ਨੂੰ ਦੋਸ਼ੀ ਠਹਿਰਾ ਕੇ ਸਾਹਮਣੇ ਲਿਆ ਦਿੱਤਾ ਹੈ ਅਤੇ ਦੋਸ਼ੀ ਮੁਲਾਜ਼ਮਾਂ ਨੂੰ ਸਜ਼ਾ ਸੁਣਾਈਆਂ ਹਨ, ਭਾਵੇਂ ਉਹ ਸੇਵਾਮੁਕਤ ਵੀ ਹੋ ਗਏ ਹਨ, ਇਸ ਨੇ ਸਾਬਤ ਕਰ ਦਿੱਤਾ ਹੈ ਕਿ ਸਰਕਾਰ ਝੂਠ ਬੋਲ ਕੇ ਲੋਕਾਂ ਸਾਹਮਣੇ ਝੂਠ ਨੂੰ ਸੱਚ ਬਣਾ ਦਿੰਦੀ ਹੈ, ਇਹ ਪੰਜਾਬ ਦੀ ਤ੍ਰਾਸਦੀ ਰਹੀ ਹੈ। ਉਨ੍ਹਾਂ ਸਤਾਏ ਪਰਿਵਾਰਾਂ ਨੂੰ ਕੀ ਹੁਣ ਦੀ ਸਰਕਾਰ ਕੋਈ ਮਦਦ ਦੇਣ ਨੂੰ ਤਿਆਰ ਹੈ? ਨਿਆਂਪਾਲਿਕਾ ਦੇ ਫੈਸਲੇ ਨੂੰ ਸਵੀਕਾਰ ਕਰ ਉਸ ਸਮੇਂ ਦੀਆਂ ਸਰਕਾਰਾਂ ਦੇ ਕੀਤੇ ਜ਼ੁਲਮ ਲਈ ਸਰਕਾਰ ਨੂੰ ਉਨ੍ਹਾਂ ਪੀੜਤ ਪਰਿਵਾਰਾਂ ਕੋਲੋਂ ਮਾਫੀ ਮੰਗਣੀ ਚਾਹੀਦੀ ਹੈ।

ਪਰ ਪੰਜਾਬ ਦੇ ਲੋਕ ਫਿਰ ਵੀ ਸਰਕਾਰਾਂ ਅੱਗੇ ਹੱਥ ਅੱਡਣ ਦੀ ਗੱਲ ਨਹੀਂ ਕਰਦੇ ਕਿਉਂਕਿ ਪੰਜਾਬੀ ਭਾਈਚਾਰੇ ਨੇ ਦੁਨੀਆਂ ਵਿਚ ਇਸ ਸਮੇਂ ਵੀ ਰਾਸ਼ਨ ਸਮੱਗਰੀ ਦੇ ਪ੍ਰਭਾਵਿਤ ਇਲਾਕਿਆਂ ਅੰਦਰ ਅੰਬਾਰ ਲਾ ਕੇ ਮਿਸਾਲ ਪੈਦਾ ਕਰ ਦਿੱਤੀ ਹੈ। ਪੰਜਾਬੀਆਂ ਨੇ ਦਵਾਈਆਂ , ਪਸ਼ੂਆਂ ਲਈ ਚਾਰਾ, ਤੂੜੀ ਆਦਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਬਹੁਤਾਤ ਰੂਪ ਵਿਚ ਪਹੁੰਚਾਉਣਾ ਜਾਰੀ ਰੱਖਿਆ ਹੋਇਆ, ਕਿਸ਼ਤੀਆਂ ਪ੍ਰਦਾਨ ਸਰਕਾਰ ਨੇ ਕਰਨੀਆਂ ਸੀ ਪਰ ਇਹ ਵੀ ਬਾਹਰੋਂ ਹੀ ਜ਼ਿਆਦਾ ਕੰਮ ਹੋਇਆ। ਗੁਰੂਆਂ ਦੀ ਇਸ ਧਰਤੀ ਉੱਪਰ ਕਿਸੇ ਵੀ ਸਮੱਸਿਆਂ ਨੂੰ ਨਜਿੱਠਣ ਲਈ ਇਥੋਂ ਦੇ ਲੋਕਾਂ ਅੰਦਰ ਭਾਣਾ ਮੰਨਣ ਦੀ ਧਾਰਨਾ ਹਮੇਸ਼ਾ ਡੋਲ੍ਹਣ ਦੀ ਥਾਂ ਧੀਰਜ ਦਿੰਦੀ ਆ ਰਹੀ ਹੈ। ਲੋਕ ਕਮਜ਼ੋਰ ਬੰਨ੍ਹਾਂ ਨੂੰ ਆਪਣੇ ਪੱਧਰ ਉੱਪਰ ਮਜ਼ਬੂਤ ਕਰ ਰਹੇ ਹਨ, ਐਡੇ ਵੱਡੇ ਕਾਰਜ ਦੇ ਖਰਚੇ ਸੰਗਤ ਆਪ ਕਰ ਰਹੀ ਹੈ। ਵਿਦੇਸ਼ਾਂ 'ਚ ਵਸੇ ਪੰਜਾਬੀਆਂ, ਗਾਇਕਾਂ, ਕਲਾਕਾਰਾਂ, ਖਿਡਾਰੀਆਂ, ਐੱਨ.ਜੀ.ਓਜ਼. ਆਦਿ ਨੇ ਕਈ ਪਿੰਡਾਂ ਨੂੰ ਗੋਦ ਲੈਣ, ਨਵੇਂ ਟਰੈਕਟਰ ਦੇਣ ਆਦਿ ਦੇ ਵੱਡੇ ਫੈਸਲੇ ਲਏ ਹਨ।





ਸਰਕਾਰ ਦੀ ਜ਼ਿੰਮੇਵਾਰੀ ਕਿੱਥੇ ਗਈ? ਦਰਿਆਵਾਂ ਦੀ ਖੁਦਾਈ ਪੈਸੇ ਬਟੋਰਨ ਲਈ ਲੋੜ ਅਨੁਸਾਰ ਕਰ ਲਈ ਜਾਂਦੀ ਹੈ, ਜਿਥੇ ਸਫਾਈ ਦੀ ਗੱਲ ਹੁੰਦੀ ਹੈ, ਉਹ ਕਾਗਜ਼ਾਂ ਵਿਚ ਹੀ ਪੂਰ ਦਿੱਤੀ ਜਾਂਦੀ ਹੈ। ਜਿੰਨਾ ਪੈਸਾ ਮਾਈਨਿੰਗ ਤੋਂ ਸਰਕਾਰ ਨੂੰ ਮਿਲਦਾ ਉਹ ਹੜ੍ਹਾਂ ਦੇ ਬਚਾਉ ਲਈ ਕਿਉਂ ਨਹੀਂ ਵਰਤਿਆ ਜਾਂਦਾ? ਘੱਗਰ ਦੇ ਇਲਾਕੇ ਵਿਚ ਇੱਕ ਐੱਮ.ਐੱਲ.ਏ. ਨੇ ਸਰਕਾਰੀ ਤੰਤਰ ਤੇ ਖਾਸ ਕਰਕੇ ਮਹਿਕਮੇ ਦੇ ਸਕੱਤਰ ਵਲੋਂ ਘੱਗਰ ਦੀ ਬਰਸਾਤਾਂ ਤੋਂ ਪਹਿਲਾਂ ਸਫਾਈ ਦੇ ਮਾਮਲੇ ਵਿਚ ਵਿਧਾਇਕ ਦੀ ਗੱਲ ਅਣਗੌਲੇ ਕਰਨ ਦੇ ਇਲਜ਼ਾਮ ਲਾਏ ਹਨ। ਇਲਜ਼ਾਮਾਂ ਨੂੰ ਲੈ ਕੇ ਸਰਕਾਰ ਨੇ ਉਸ ਵਿਰੁੱਧ ਤਾਂ ਕੋਈ ਪਿਛਲੇ ਮੁੱਦੇ ਨੂੰ ਲੈ ਕੇ ਤੁਰੰਤ ਕਾਰਵਾਈ ਕਰ ਦਿੱਤੀ ਪਰ ਲੋਕਾਂ ਦੀ ਮਾਲੀ-ਜਾਨੀ ਨੁਕਸਾਨ ਦੇ ਕਾਰਨ ਬਣੇ ਉਸ ਅਫਸਰ ਖਿਲਾਫ ਕਾਰਵਾਈ ਕਰਨ ਜਾਂ ਆਪਣੀ ਅਣਗਹਿਲੀ ਨੂੰ ਅਣਗੌਲੇ ਹੀ ਕਰ ਦਿੱਤਾ ਹੈ। ਲੋਕ ਗਰਾਊਂਡ ਲੇਵਲ ਉੱਪਰ ਜੋ ਹੋ ਰਿਹਾ ਹੈ, ਉਸ ਨੂੰ ਦੇਖ ਰਹੇ ਹਨ। ਨੇਤਾਵਾਂ ਨੂੰ ਲੋਕਾਂ ਦੇ ਜਵਾਬ ਦੇਣ ਲਈ ਕੋਈ ਸ਼ਬਦ ਨਹੀਂ ਸੁਝ ਰਹੇ। ਕਈ ਐੱਮ.ਐੱਮ.ਏ., ਮੰਤਰੀ ਜ਼ਰੂਰ ਹੇਠਲ਼ੇ ਪੱਧਰ ਉੱਪਰ ਲੋਕਾਂ ਦੇ ਦਰਦ ਨੂੰ ਸਮਝਦੇ ਹੋਏ ਪੀੜਤਾਂ ਦੀ ਮਦਦ ਕਰ ਰਹੇ ਹਨ। ਅੰਮ੍ਰਿਤਸਰ ਦੀ ਡੀ.ਸੀ. ਮੈਡਮ ਗਰਾਊਂਡ ਪੱਧਰ ਉੱਪਰ ਜਾ ਕੇ ਹਰ ਸੰਭਵ ਮਦਦ ਦੇਣ ਦੀ ਕੋਸ਼ਿਸ਼ ਕਰ ਰਹੇ ਹਨ। ਉਸ ਦੀ ਸਾਰੇ ਪ੍ਰਸ਼ੰਸਾ ਕਰ ਰਹੇ ਹਨ, ਜੋ ਹੋਣੀ ਚਾਹੀਦੀ ਵੀ ਹੈ, ਤਾਂ ਜੋ ਸਾਰੇ ਉੱਚ ਅਧਿਕਾਰੀ ਵੀ ਇਸ ਤਰ੍ਹਾਂ ਦੀ ਭਾਵਨਾ ਨਾਲ ਕੰਮ ਕਰਨ ਲਈ ਅੱਗੇ ਆਉਣ। ਪੰਜਾਬ ਨੂੰ ਭਾਵੇਂ ਕਈ ਕਾਰਨਾਂ ਕਰਕੇ ਹੜ੍ਹਾਂ ਦੀ ਮਾਰ ਵਾਰ-ਵਾਰ ਝੱਲਣੀ ਪੈ ਰਹੀ ਹੈ, ਇਹ ਉੱਚ ਪੱਧਰੀ ਜਾਂਚ ਦਾ ਵਿਸ਼ਾ ਹੈ, ਤਾਂ ਕਿ ਅੱਗੇ ਤੋਂ ਏਨਾ ਵੱਡਾ ਨੁਕਸਾਨ ਨਾ ਹੋਵੇ। ਦਰਿਆਵਾਂ, ਨਦੀਆਂ, ਨਾਲਿਆਂ ਆਦਿ ਨਾਲ ਸਬੰਧਤ ਮਹਿਕਮੇ ਵਲੋਂ ਸਮੇਂ-ਸਮੇਂ ਸਿਰ ਲੋਕਾਂ ਦੇ ਨਾਜਾਇਜ਼ ਕਬਜ਼ੇ, ਨੀਵੇਂ ਥਾਵਾਂ 'ਤੇ ਉਸਾਰੀ ਆਦਿ ਨੂੰ ਰੋਕਣ ਲਈ ਕੋਈ ਠੋਸ ਕਾਇਦੇ ਕਾਨੂੰਨ ਬਣਾਏ ਜਾਣ। ਬਹੁਤਾਤ ਵਿਚ ਸੜਕਾਂ ਦੇ ਕੰਢੇ ਕਲੋਨੀਆਂ, ਮਲਟੀਸਟੋਰੀ ਕੰਪਲੈਕਸ, ਮਾਲ ਆਦਿ ਉਸਰ ਗਏ ਹਨ। ਇਹ ਵੀ ਪਾਣੀ ਦੇ ਵਹਾਅ ਨੂੰ ਰੋਕ ਕੇ ਹੜ੍ਹਾਂ ਦੀ ਸਥਿਤੀ ਪੈਦਾ ਕਰਨ ਦੇ ਕਾਰਨ ਬਣ ਰਹੇ ਹਨ। ਹੜ੍ਹਾਂ ਤੋਂ ਬਾਅਦ ਇਨ੍ਹਾਂ ਲੋਕਾਂ ਲਈ ਅਜੇ ਬਹੁਤ ਕੁਝ ਕਰਨਾ ਜ਼ਰੂਰੀ ਹੈ। ਜਿੰਨਾ ਪੈਸਾ ਹੁਣ ਹੜ੍ਹ ਪੀੜਤਾਂ ਲਈ ਦਿੱਤਾ ਜਾ ਰਿਹਾ ਹੈ, ਇਸ ਨਾਲ ਤਾਂ ਹੜ੍ਹਾਂ ਦੇ ਬਚਣ ਤੋਂ ਉਪਾਅ ਕਰਨ ਉੱਪਰ ਲੱਗਣਾ ਨਹੀਂ ਸੀ, ਜੋ ਜਾਨੀ ਨੁਕਸਾਨ ਹੋਇਆ, ਉਸਦੀ ਭਰਪਾਈ ਨਹੀਂ ਹੋ ਸਕਦੀ। ਹਰੇਕ ਸਾਲ ਪੜਾਅ ਵਾਰ ਦਰਿਆਵਾਂ, ਨਦੀਆਂ ਆਦਿ ਨੂੰ ਪਾਣੀ ਦੇ ਲੰਘਣ ਯੋਗ ਬਣਾਉਣ ਲਈ ਜੇਕਰ ਕੰਮ ਇਮਾਨਦਾਰੀ ਨਾਲ ਕੀਤਾ ਜਾਵੇ, ਤਾਂ ਭਵਿੱਖ ਵਿਚ ਹੜ੍ਹਾਂ ਦੀ ਮਾਰ ਤੋਂ ਬਚਿਆ ਜਾ ਸਕਦਾ ਹੈ। ਸਰਕਾਰਾਂ ਵਲੋਂ ਕਰੋੜਾਂ ਦੀਆਂ ਗ੍ਰਾਂਟਾਂ, ਫੰਡ ਜਾਰੀ ਹੋ ਗਏ ਪਰ ਪ੍ਰਭਾਵਿਤ ਲੋਕਾਂ ਤੱਕ ਪਹੁੰਚਣੇ ਜ਼ਰੂਰੀ ਨੇ, ਕਿਉਂਕਿ ਸਰਕਾਰ ਤੋਂ ਵੱਧ ਕੰਮ ਪੰਜਾਬੀਆਂ ਨੇ ਆਪਣੇ ਪੱਧਰ ਉੱਪਰ ਹੀ ਕਰ ਦਿੱਤਾ ਹੈ, ਹੋਰ ਕਰਨਗੇ ਵੀ। ਇਹੋ ਜਿਹੇ ਕਾਰਜਾਂ ਲਈ ਸਰਕਾਰੀ ਫੰਡਾਂ ਵਿਚੋਂ ਜਾਰੀ ਹੋਇਆ ਬਹੁਤ ਸਾਰਾ ਪੈਸਾ ਰਸਤੇ ਵਿਚ ਹੀ ਖੁਰਦ-ਬੁਰਦ ਪਹਿਲਾਂ ਹੁੰਦਾ ਰਿਹਾ ਹੈ, ਹੁਣ ਇਹੋ ਜਿਹਾ ਨਾ ਹੋਵੇ, ਤਾਂ ਚੰਗੀ ਗੱਲ ਹੋਵੇਗੀ, ਸਰਕਾਰ ਦਾ ਕੰਮ ਸਭ ਨੂੰ ਦਿੱਸਣਾ ਚਾਹੀਦਾ। ਸੱਚੇ ਪਾਤਿਸ਼ਾਹ ਸਾਰਿਆਂ ਨੂੰ ਪਹਿਲਾਂ ਦੀ ਤਰ੍ਹਾਂ ਖੁਸ਼ਹਾਲ ਜੀਵਨ ਬਖਸ਼ਣ।

# ਐਨੇ ਸੌਖੇ ਨਹੀਂ ਹਨ ਭਾਰਤ ਅਤੇ ਚੀਨ ਦਰਮਿਆਨ ਸਬੰਧ ਠੀਕ ਹੋਣੇ






ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲUSA


ਚੀਨ ਦੁਆਰਾ ਇਹ ਪ੍ਰਾਪੇਗੰਡਾ ਪ੍ਰਚਾਰਿਆ ਜਾ ਰਿਹਾ ਹੈ ਕਿ ਭਾਰਤ ਅਤੇ ਚੀਨ ਵਿਕਾਸਸ਼ੀਲ ਦੁਸ਼ਮਣ ਨਹੀਂ, ਸਗੋਂ ਭਾਈਵਾਲ ਹਨ, ਜਦਕਿ ਉਸ ਨੇ ਭਾਰਤ ਚੀਨ ਸਰਹੱਦ 'ਤੇ ਭਾਰੀ ਸੈਨਿਕ ਬਲ ਤਾਇਨਾਤ ਕੀਤੇ ਹੋਏ ਹਨ ਤੇ ਉਸ ਵੱਲੋਂ ਅਰੁਣਾਚਲ ਪ੍ਰਦੇਸ਼ ਸਮੇਤ ਭਾਰਤ ਦੇ ਕਈ ਇਲਾਕਿਆਂ 'ਤੇ ਲਗਾਤਾਰ ਦਾਅਵਾ ਕੀਤਾ ਜਾਂਦਾ ਹੈ।

ਕੁਝ ਦਿਨ ਪਹਿਲਾਂ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਸ਼ੰਘਾਈ ਕੋਆਪਰੇਸ਼ਨ ਆਰਗੇਨਾਈਜ਼ੇਸ਼ਨ (ਐੱਸ.ਸੀ.ਉ.) ਸੰਮੇਲਨ ਦੇ ਸਬੰਧ ਵਿਚ ਚੀਨ ਦਾ ਦੌਰਾ ਕੀਤਾ ਸੀ। ਉਹ 7 ਸਾਲਾਂ ਬਾਅਦ ਚੀਨ ਗਏ ਹਨ। ਕੁਝ ਸਮਾਂ ਪਹਿਲਾਂ ਮੋਦੀ ਟਰੰਪ ਦੀ ਦੋਸਤੀ ਦੇ ਸੋਹਲੇ ਗਾਉਣ ਅਤੇ ਚੀਨ ਨੂੰ ਭਾਰਤ ਦਾ ਦੁਸ਼ਮਣ ਨੰਬਰ ਇੱਕ ਗਰਦਾਨ ਰਹੇ ਟੀ.ਵੀ. ਖਬਰ ਚੈਨਲ ਹੁਣ ਚੀਨ ਨੂੰ ਭਾਰਤ ਦਾ ਸਭ ਤੋਂ ਨਜ਼ਦੀਕੀ ਮਿੱਤਰ ਘੋਸ਼ਿਤ ਕਰ ਰਹੇ ਹਨ। ਪਰ ਅਸਲੀਅਤ ਇਹ ਹੈ ਕਿ ਭਾਰਤ ਅਤੇ ਚੀਨ ਦੇ ਆਪਸੀ ਸਬੰਧ ਆਮ ਵਰਗੇ ਹੋਣੇ ਫਿਲਹਾਲ ਬਹੁਤ ਮੁਸ਼ਕਿਲ ਹਨ। ਇਸ ਦੌਰੇ ਨੇ ਭਾਰਤੀ ਮੀਡੀਆ ਵਿਚ ਵੱਡੇ ਪੱਧਰ 'ਤੇ ਉਤਸ਼ਾਹ ਦਾ ਸੰਚਾਰ ਕੀਤਾ ਹੈ ਪਰ ਇਸ ਦੀਆਂ ਪ੍ਰਾਪਤੀਆਂ ਕੁਝ ਖਾਸ ਨਹੀਂ ਹਨ। ਚੀਨ ਨਾਲ ਭਾਰਤ ਦੇ ਸੀਮਾਂ ਸਬੰਧੀ ਐਨੇ ਵਿਵਾਦ ਹਨ ਕਿ ਉਨ੍ਹਾਂ ਨੂੰ ਸੁਲਝਾਉਣ ਵਿਚ ਹੀ ਕਈ ਸਾਲ ਗੁਜ਼ਰ ਜਾਣਗੇ। ਸਭ ਨੂੰ ਪਤਾ ਹੈ ਕਿ ਉਪਰੇਸ਼ਨ ਸਿੰਧੂਰ ਸਮੇਂ ਚੀਨ ਨੇ ਪਾਕਿਸਤਾਨ ਦੀ ਹਥਿਆਰਾਂ ਅਤੇ ਗੁਪਤ ਸੂਚਨਾਵਾਂ ਦੇਣ ਸਮੇਤ ਹਰ ਪ੍ਰਕਾਰ ਦੀ ਖੁੱਲ੍ਹਮ ਖੁੱਲ੍ਹੀ ਮਦਦ ਕੀਤੀ ਸੀ। ਇਸ ਤੋਂ ਇਲਾਵਾਂ ਉਸ ਨੇ ਦੋ ਕੁ ਮਹੀਨੇ ਪਹਿਲਾਂ ਭਾਰਤ ਨੂੰ ਖਾਦ ਅਤੇ ਦੁਰਲੱਭ ਖਣਿਜ ਪਦਾਰਥ (ਰੇਅਰ ਅਰਥ ਮੈਟਲਜ਼) ਦੇਣ 'ਤੇ ਪਾਬੰਦੀ ਵੀ ਲਗਾ ਦਿੱਤੀ ਸੀ।

ਦੋਵੇਂ ਦੇਸ਼ ਇੱਕ ਦੂਸਰੇ 'ਤੇ ਦਬਾਅ ਵੀ ਰੱਖਣਾ ਚਾਹੁੰਦੇ ਹਨ ਤੇ ਸਬੰਧ ਵੀ ਸੁਧਾਰਨਾ ਚਾਹੁੰਦੇ ਹਨ। ਭਾਰਤ ਦਾ ਕਹਿਣਾ ਹੈ ਕਿ ਭਾਰਤ ਚੀਨ ਸਬੰਧਾਂ ਵਿਚ ਕਿਸੇ ਤੀਸਰੀ ਧਿਰ ਦੀ ਦਖਲਅੰਦਾਜ਼ੀ ਨਹੀਂ ਹੋਣੀ ਚਾਹੀਦੀ। ਅਗਸਤ ਮਹੀਨੇ ਵਿਚ ਚੀਨ ਦੇ ਵਿਦੇਸ਼ ਮੰਤਰੀ ਵਾਂਗ ਝੀ ਨੇ ਆਪਣੇ ਭਾਰਤ ਦੌਰੇ ਸਮੇਂ ਅਮਰੀਕਾ ਦਾ ਨਾਮ ਨਾ ਲੈ ਕੇ ਇੱਕ ਬਿਆਨ ਦੇ ਦਿੱਤਾ ਸੀ ਕਿ ਭਾਰਤ ਚੀਨ ਨਾਲ ਮਿਲ ਕੇ ਵੈਸ਼ਵਿਕ ਧੌਂਸ ਦਾ ਮੁਕਾਬਲਾ ਕਰਨ ਲਈ ਰਾਜ਼ੀ ਹੋ ਗਿਆ ਹੈ। ਇਸ ਬਿਆਨ ਨਾਲ ਭਾਰਤ ਨਾਲ ਪਹਿਲਾਂ ਹੀ ਨਾਰਾਜ਼ ਚੱਲ ਰਿਹਾ ਟਰੰਪ ਹੋਰ ਭੜਕ ਗਿਆ ਸੀ। ਟਰੰਪ ਵੱਲੋਂ 50% ਟੈਰਿਫ (ਜੋ ਕਿ ਏਸ਼ੀਆ ਦੇ ਹੋਰ ਕਿਸੇ ਵੀ ਦੇਸ਼ ਨਾਲੋਂ ਵੱਧ ਹੈ) ਲਗਾਉਣ ਦੇ ਬਾਵਜੂਦ ਭਾਰਤ ਅਮਰੀਕਾ ਨਾਲ ਆਪਣੇ ਵਪਾਰਕ ਸਬੰਧ ਕਿਸੇ ਹਾਲਤ ਵਿਚ ਖਤਮ ਨਹੀਂ ਕਰ ਸਕਦਾ। ਇਸ ਦਾ ਕਾਰਨ ਇਹ ਹੈ ਕਿ ਅਮਰੀਕਾ ਹੀ ਇੱਕ ਅਜਿਹਾ ਵੱਡਾ ਦੇਸ਼ ਹੈ, ਜਿੱਥੇ ਵਪਾਰ ਭਾਰਤ ਦੇ ਪੱਖ ਵਿਚ ਹੈ, ਜਿਸ ਤੋਂ ਦੇਸ਼ ਨੂੰ ਹਰ ਸਾਲ ਕਰੋੜਾਂ ਡਾਲਰ ਦਾ ਫਾਇਦਾ ਹੁੰਦਾ ਹੈ। ਚੀਨ ਭਾਰਤ ਦੇ ਅਮਰੀਕਾ ਨਾਲ ਵਿਗੜ ਰਹੇ ਸਬੰਧਾਂ ਕਾਰਨ ਅਮਰੀਕਾ ਦੇ ਖਿਲਾਫ ਸਾਂਝਾ ਮੋਰਚਾ ਬਣਾਉਣਾ ਚਾਹੁੰਦਾ ਹੈ। ਟਰੰਪ ਚਾਹੇ ਰੋਜ਼ਾਨਾ ਭਾਰਤ ਦੇ ਖਿਲਾਫ ਕੋਈ ਨਾ ਕੋਈ ਬਿਆਨ ਦਿੰਦਾ ਰਹਿੰਦਾ ਹੈ, ਫਿਰ ਵੀ ਉਹ ਚੀਨ ਨੂੰ ਹੀ ਆਪਣਾ ਸਭ ਤੋਂ ਵੱਡਾ ਸੈਨਿਕ ਅਤੇ ਵਪਾਰਕ ਦੁਸ਼ਮਣ ਮੰਨਦਾ ਹੈ।

ਚੀਨ ਦੁਆਰਾ ਇਹ ਪ੍ਰਾਪੇਗੰਡਾ ਪ੍ਰਚਾਰਿਆ ਜਾ ਰਿਹਾ ਹੈ ਕਿ ਭਾਰਤ ਅਤੇ ਚੀਨ ਵਿਕਾਸਸ਼ੀਲ ਦੁਸ਼ਮਣ ਨਹੀਂ, ਸਗੋਂ ਭਾਈਵਾਲ ਹਨ, ਜਦਕਿ ਉਸ ਨੇ ਭਾਰਤ ਚੀਨ ਸਰਹੱਦ 'ਤੇ ਭਾਰੀ ਸੈਨਿਕ ਬਲ ਤਾਇਨਾਤ ਕੀਤੇ ਹੋਏ ਹਨ ਤੇ ਉਸ ਵੱਲੋਂ ਅਰੁਣਾਚਲ ਪ੍ਰਦੇਸ਼ ਸਮੇਤ ਭਾਰਤ ਦੇ ਕਈ ਇਲਾਕਿਆਂ 'ਤੇ ਲਗਾਤਾਰ ਦਾਅਵਾ ਕੀਤਾ ਜਾਂਦਾ ਹੈ। ਉਹ ਭਾਰਤ ਦੇ ਵਿਰੋਧ ਦੇ ਬਾਵਜੂਦ ਬ੍ਰਹਮਪੁੱਤਰ ਨਦੀ 'ਤੇ ਸੰਸਾਰ ਦਾ ਸਭ ਤੋਂ ਵੱਡਾ ਡੈਮ ਬਣਾ ਰਿਹਾ ਹੈ, ਜਿਸ ਦੀ ਮਦਦ ਨਾਲ ਉਹ ਭਾਰਤ ਵਿਚ ਜਦੋਂ ਚਾਹੇ ਸੋਕਾ ਜਾਂ ਹੜ੍ਹ ਲਿਆ ਸਕਦਾ ਹੈ। ਭਾਰਤ ਚੀਨ ਸਬੰਧਾਂ ਵਿਚ ਇੱਕ ਹੋਰ ਵੱਡਾ ਰੋੜਾ ਤਾਇਵਾਨ ਦਾ ਮਸਲਾ ਹੈ। ਚੀਨ ਚਾਹੁੰਦਾ ਹੈ ਕਿ ਭਾਰਤ ਉਸ ਦੀ ਸੰਯੁਕਤ ਚੀਨ ਪਾਲਿਸੀ ਦਾ ਸਮਰਥਨ ਕਰੇ ਤੇ ਤਾਇਵਾਨ ਨੂੰ ਉਸ ਦਾ ਹਿੱਸਾ ਮੰਨੇ। ਵਾਂਗ ਝੀ ਦੇ ਦੌਰੇ ਤੋਂ ਬਾਅਦ ਚੀਨ ਨੇ ਦਾਅਵਾ ਕੀਤਾ ਸੀ ਕਿ ਭਾਰਤ ਨੇ ਉਸ ਦੀ ਇਹ ਗੱਲ ਮੰਨ ਲਈ ਹੈ। ਪਰ ਜਦੋਂ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਸ ਦਾ ਖੰਡਨ ਕਰ ਦਿੱਤਾ, ਤਾਂ ਉਸ ਨੇ ਇਸ ਦਾ ਬਹੁਤ ਬੁਰਾ ਮਨਾਇਆ ਸੀ। ਉਸ ਦੇ ਵਿਦੇਸ਼ ਮੰਤਰਾਲੇ ਨੇ ਸਖਤ ਬਿਆਨ ਜਾਰੀ ਕੀਤਾ ਸੀ ਕਿ ਭਾਰਤ ਦਾ ਇਹ ਬਿਆਨ ਹੈਰਾਨੀਜਨਕ ਹੈ ਕਿਉਂਕਿ ਉਸ ਨੇ ਦੁਵੱਲੀ ਗੱਲਬਾਤ ਦੌਰਾਨ ਇਸ ਬਾਰੇ ਸਹਿਮਤੀ ਪ੍ਰਗਟਾਈ ਸੀ। ਉਸ ਨੇ ਅੱਗੇ ਕਿਹਾ ਕਿ ਇਸ ਤਰ੍ਹਾਂ ਲੱਗਦਾ ਹੈ ਕਿ ਭਾਰਤ ਵਿਚ ਕੁਝ ਲੋਕ ਇਹ ਨਹੀਂ ਚਾਹੁੰਦੇ ਕਿ ਭਾਰਤ ਚੀਨ ਸਬੰਧਾਂ ਵਿਚ ਸੁਧਾਰ ਆਵੇ। ਇਹ ਲੋਕ ਚੀਨ ਦੀ ਅਖੰਡਤਾ ਦੇ ਖਿਲਾਫ ਕੰਮ ਕਰ ਰਹੇ ਹਨ ਤੇ ਉਹ ਇਸ ਪਹੁੰਚ ਦਾ ਪੁਰਜ਼ੋਰ ਵਿਰੋਧ ਕਰਦਾ ਹੈ।

ਭਾਰਤ ਅਤੇ ਚੀਨ ਵਿਚ ਫਿਲਹਾਲ ਆਮ ਜਨਤਾ ਨਾਲ ਸਬੰਧਿਤ ਸਧਾਰਨ ਮੁੱਦੇ ਜਿਵੇਂ ਕਿ ਸਿੱਧੀਆਂ ਹਵਾਈ ਉਡਾਨਾਂ, ਹਿਮਾਲੀਆ ਪਰਬਤ ਰਸਤੇ ਵਪਾਰ, ਕੈਲਾਸ਼ ਮਾਨਸਰੋਵਰ ਯਾਤਰਾ ਅਤੇ ਸੌਖੀ ਵੀਜ਼ਾ ਪ੍ਰਣਾਲੀ 'ਤੇ ਹੀ ਗੱਲਬਾਤ ਚੱਲ ਰਹੀ ਹੈ। ਇਸ ਤੋਂ ਇਲਾਵਾ ਭਾਰਤ ਨੇ ਚੀਨ ਤੋਂ ਅਤਿ ਜ਼ਰੂਰੀ ਵਸਤੂਆਂ ਜਿਵੇਂ ਖਾਦਾਂ ਅਤੇ ਦੁਰਲੱਭ ਖਣਿਜ ਪਦਾਰਥਾਂ ਆਦਿ 'ਤੇ ਲੱਗੀਆਂ ਪਾਬੰਦੀਆਂ ਵੀ ਹਟਵਾ ਲਈਆਂ ਹਨ। ਇਥੇ ਵਰਨਣਯੋਗ ਹੈ ਕਿ ਚੀਨ ਨਾਲ ਸਾਡਾ ਵਪਾਰ ਚੀਨ ਪੱਖੀ ਹੈ। ਮਿਸਾਲ ਦੇ ਤੌਰ 'ਤੇ ਜੇ ਭਾਰਤ ਚੀਨ ਤੋਂ 100 ਰੁਪਏ ਦਾ ਸਮਾਨ ਖਰੀਦਦਾ ਹੈ, ਤਾਂ ਸਿਰਫ 23 ਰੁਪਏ ਦਾ ਸਮਾਨ ਉਸ ਨੂੰ ਵੇਚਦਾ ਹੈ। ਜਦਕਿ ਦੂਸਰੇ ਪਾਸੇ ਟਰੰਪ ਦੇ 50% ਟੈਰਿਫ ਲਗਾਉਣ ਤੋਂ ਪਹਿਲਾਂ ਅਮਰੀਕਾ ਨਾਲ ਭਾਰਤ ਦਾ ਵਪਾਰ ਵਾਧਾ 400 ਕਰੋੜ ਡਾਲਰ ਸਾਲਾਨਾ ਤੋਂ ਵੱਧ ਸੀ। ਪਰ ਮੁਸੀਬਤ ਇਹ ਕਿ ਦੁਰਲੱਭ ਖਣਿਜ ਪਦਾਰਥ (ਰੇਅਰ ਅਰਥ ਐਲੀਮੈਂਟਸ, ਜਿਨ੍ਹਾਂ ਤੋਂ ਡਿਫੈਂਸ ਸਿਸਟਮ, ਬਿਜਲਈ ਕਾਰਾਂ ਅਤੇ ਇਲੈੱਕਟਰੌਨਿਕਸ ਦੇ ਜ਼ਰੂਰੀ ਪੁਰਜ਼ੇ ਬਣਦੇ ਹਨ) ਵਰਗੀਆਂ ਕਈ ਵਸਤੂਆਂ 'ਤੇ ਚੀਨ ਦਾ ਏਕਾਧਿਕਾਰ ਹੈ ਤੇ ਚੀਨ ਇਸ ਨੂੰ ਭਾਰਤ ਅਤੇ ਬਾਕੀ ਵਿਸ਼ਵ ਦੇ ਖਿਲਾਫ ਹਥਿਆਰ ਵਾਂਗ ਵਰਤਦਾ ਹੈ। ਇਸ ਕਾਰਨ ਹੀ ਟਰੰਪ ਚਾਹ ਕੇ ਵੀ ਚੀਨ 'ਤੇ ਟੈਰਿਫ ਨਹੀਂ ਲਗਾ ਸਕਿਆ, ਭਾਵੇਂ ਕਿ ਚੀਨ ਰੂਸ ਤੋਂ ਭਾਰਤ ਨਾਲੋਂ ਕਿਤੇ ਵੱਧ ਤੇਲ ਖਰੀਦਦਾ ਹੈ।

ਵਾਂਗ ਝੀ ਦੇ ਦੌਰੇ ਅਤੇ ਐੱਸ.ਸੀ.ਉ. ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਮੋਦੀ ਤੇ ਚੀਨ ਦੇ ਰਾਸ਼ਟਰਪਤੀ ਜ਼ੀ ਜਿੰਨਪਿੰਗ ਨਾਲ ਹੋਈ ਮੁਲਾਕਾਤ ਦੌਰਾਨ ਬਾਰਡਰ 'ਤੇ ਵਧ ਰਹੇ ਤਨਾਅ ਨੂੰ ਖਤਮ ਕਰਨ ਸਬੰਧੀ ਖਬਰਾਂ ਚੱਲੀਆਂ ਸਨ। ਮੋਦੀ ਨੇ ਵਪਾਰਕ ਰਿਸ਼ਤਿਆਂ ਨੂੰ ਠੀਕ ਬਣਾਈ ਰੱਖਣ ਲਈ ਬਾਰਡਰ 'ਤੇ ਸ਼ਾਂਤੀ ਕਾਇਮ ਰੱਖਣ 'ਤੇ ਜ਼ੋਰ ਦਿੱਤਾ, ਜਦੋਂ ਕਿ ਜ਼ੀ ਜਿੰਨਪਿੰਗ ਨੇ ਕਿਹਾ ਕਿ ਦੋਵਾਂ ਦੇਸ਼ਾਂ ਨੂੰ ਆਪਸੀ ਰਿਸ਼ਤਿਆਂ ਵਿਚ ਨਿੱਘ ਲਿਆਉਣ ਲਈ ਬਾਰਡਰ 'ਤੇ ਵਾਪਰ ਰਹੀਆਂ ਛੋਟੀਆਂ-ਮੋਟੀਆਂ ਘਟਨਾਵਾਂ ਨੂੰ ਗੰਭੀਰਤਾ ਨਾਲ ਨਹੀਂ ਲੈਣਾ ਚਾਹੀਦਾ। ਇਸ ਤੋਂ ਇਲਾਵਾ ਸਰਹੱਦੀ ਵਿਵਾਦ ਦੇ ਹੱਲ ਨੂੰ ਲਈ ਚੀਨ ਸਿਰਫ ਸਿੱਕਮ ਤੱਕ ਸੀਮਤ ਰੱਖਣਾ ਚਾਹੁੰਦਾ ਹੈ, ਜੋ ਭਾਰਤ ਨੂੰ ਮਨਜ਼ੂਰ ਨਹੀਂ ਹੈ। ਉਹ ਚਾਹੁੰਦਾ ਹੈ ਕਿ ਭਾਰਤ, ਚੀਨ ਅਤੇ ਇੰਗਲੈਂਡ ਦਰਮਿਆਨ 1890 ਈਸਵੀ ਵਿਚ ਸਿੱਕਮ ਅਤੇ ਤਿੱਬਤ ਸਬੰਧੀ ਹੋਈ ਸੰਧੀ ਨੂੰ ਮਨਜ਼ੂਰ ਕਰ ਲਵੇ। ਭਾਰਤ ਨੂੰ ਇਹ ਮਨਜ਼ੂਰ ਨਹੀਂ ਹੈ ਕਿਉਂਕਿ ਇਸ ਨਾਲ ਸਿੱਕਮ ਦਾ ਕਾਫੀ ਹਿੱਸਾ ਚੀਨ ਦੇ ਕਬਜ਼ੇ ਹੇਠ ਚਲਾ ਜਾਵੇਗਾ। ਭਾਰਤ ਦਾ ਇਹ ਵੀ ਕਹਿਣਾ ਹੈ ਕਿ ਉਹ ਚੀਨ ਦੀ ਕਿਸੇ ਬਸਤੀਵਾਦੀ ਦੇਸ਼ ਨਾਲ ਹੋਈ ਸੰਧੀ ਨੂੰ ਮਾਨਤਾ ਨਹੀਂ ਦੇ ਸਕਦਾ।

ਸੰਮੇਲਨ ਦੌਰਾਨ ਜ਼ੀ ਨੇ ਸੰਦੇਸ਼ ਦਿੱਤਾ ਕਿ ਹਾਥੀ ਅਤੇ ਡਰੈਗਨ ਨੂੰ ਇਕੱਠੇ ਨਾਚ ਕਰਨਾ ਚਾਹੀਦਾ ਹੈ, ਭਾਵ ਕਿ ਦੋਵਾਂ ਦੇਸ਼ਾਂ ਨੂੰ ਸ਼ਾਂਤੀ ਅਤੇ ਸਹਿਯੋਗ ਨਾਲ ਰਹਿਣਾ ਚਾਹੀਦਾ ਹੈ। ਪਰ ਹਰ ਕੋਈ ਜਾਣਦਾ ਹੈ ਕਿ ਚੀਨ ਕਦੇ ਵੀ ਪਾਕਿਸਤਾਨ ਦੀ ਕੀਮਤ 'ਤੇ ਭਾਰਤ ਨਾਲ ਵਪਾਰ ਤੋਂ ਇਲਾਵਾ ਹੋਰ ਕੋਈ ਸਹਿਯੋਗ ਨਹੀਂ ਵਧਾ ਸਕਦਾ। ਪਾਕਿਸਤਾਨ ਨੇ ਮਕਬੂਜ਼ਾ ਕਸ਼ਮੀਰ ਵਿਚੋਂ 5180 ਸੁਕੇਅਰ ਕਿ.ਮੀ. ਇਲਾਕਾ ਚੀਨ ਨੂੰ ਦਿੱਤਾ ਹੋਇਆ ਹੈ। ਚੀਨ ਨੇ ਆਪਣੇ ਸੂਬੇ ਕਾਸ਼ਗਰ ਤੋਂ ਲੈ ਕੇ ਪਾਕਿਸਤਾਨ ਦੇ ਸ਼ਹਿਰ ਹਸਨ ਅਬਦਾਲ ਤੱਕ 1300 ਕਿ.ਮੀ. ਦੇ ਕਰੀਬ ਇੱਕ ਸੜਕ ਬਣਾਈ ਹੋਈ ਹੈ, ਜਿਸ ਰਾਹੀਂ ਦੋਵਾਂ ਦੇਸ਼ਾਂ ਦਰਮਿਆਨ ਭਾਰੀ ਵਪਾਰ ਹੁੰਦਾ ਹੈ। ਇਸ ਤੋਂ ਇਲਾਵਾ ਚੀਨ ਨੇ ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਅੰਦਰ ਗਵਾਦਰ ਨਾਮਕ ਇੱਕ ਬੰਦਰਗਾਹ ਤਿਆਰ ਕੀਤੀ ਹੈ, ਜਿਸ ਦਾ ਸਾਰਾ ਕੰਟਰੋਲ ਚੀਨ ਕੋਲ ਹੈ। ਇਸ ਬੰਦਰਗਾਹ ਕਾਰਨ ਚੀਨ ਦੀ ਅਰਬ ਸਾਗਰ ਅਤੇ ਹੋਰਮਜ਼ ਦੀ ਖਾੜੀ ਤੱਕ ਸਿੱਧੀ ਪਹੁੰਚ ਹੋ ਗਈ ਹੈ। ਬਦਲੇ ਵਿਚ ਚੀਨ ਪਾਕਿਸਤਾਨ ਦੀ 90% ਹਥਿਆਰਾਂ ਦੀ ਪੂਰਤੀ ਬਹੁਤ ਹੀ ਵਾਜ਼ਿਬ ਕੀਮਤ 'ਤੇ ਕਰਦਾ ਹੈ। ਪਾਕਿਸਤਾਨ ਇਸ ਵੇਲੇ ਅਮਰੀਕਾ, ਰੂਸ ਅਤੇ ਚੀਨ, ਤਿੰਨਾਂ ਦੀਆਂ ਅੱਖਾਂ ਦਾ ਤਾਰਾ ਬਣਿਆ ਹੋਇਆ ਹੈ। ਦੂਸਰੇ ਪਾਸੇ ਟਰੰਪ ਪਤਾ ਨਹੀਂ ਕਿਸ ਗੱਲ ਤੋਂ ਭਾਰਤ ਨਾਲ ਨਾਰਾਜ਼ ਹੈ ਕਿ ਲਗਾਤਾਰ ਧਮਕੀਆਂ ਦੇ ਰਿਹਾ ਹੈ। ਪਰ ਇਸ ਦੇ ਬਾਵਜੂਦ ਵੀ ਭਾਰਤ ਚੀਨ 'ਤੇ ਬਹੁਤਾ ਭਰੋਸਾ ਨਹੀਂ ਕਰ ਸਕਦਾ। ਭਾਰਤ ਨੂੰ ਚੀਨ ਦੀ ਬਜਾਏ ਆਪਣੇ ਸਬੰਧ ਅਮਰੀਕਾ ਨਾਲ ਸੁਧਾਰਨੇ ਚਾਹੀਦੇ ਹਨ। ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਚੀਨੀ ਫੌਜ ਨਾਲ ਗਲਵਾਨ ਘਾਟੀ ਦੀ ਲੜਾਈ (ਮਿਤੀ 16 ਜੂਨ 2020) ਵਿਚ ਭਾਰਤ ਦੇ 20 ਜਵਾਨ ਸ਼ਹੀਦ ਹੋ ਗਏ ਸਨ ਤੇ ਇਸ ਤੋਂ ਪਹਿਲਾਂ 1962 ਵਿਚ ਵੀ ਚੀਨ ਭਾਰਤ ਨੂੰ ਧੋਖਾ ਦੇ ਚੁੱਕਾ ਹੈ।

# ਬੋਲੋ ਬੋਲੇ ਸੋਹਣੇ ਹਾਲ

## ਕੰਡੇ ਦਾ ਕੰਡਾ : ਡਾ. ਅਮਰੀਕ ਸਿੰਘ ਕੰਡਾ




-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ
ਨੇੜੇ ਨੈਸ਼ਲੇ ਮੋਗਾ
98557-35666
(Punjab Mail USA)


ਲੁਧਿਆਣੇ ਦੇ ਵੱਡੇ ਹਸਪਤਾਲ 'ਚ ਐੱਮ.ਬੀ.ਬੀ.ਐੱਸ. ਡਾਕਟਰ ਕੋਲ ਇੱਕ ਮਰੀਜ਼ ਲੈ ਕੇ ਆਏ, ਜਿਹੜਾ ਬੇਹੋਸ਼ ਸੀ। ਡਾਕਟਰ ਨੇ ਚੈੱਕ ਕੀਤਾ ਤੇ ਪੁੱਛਿਆ ਬਈ ਇਹਨੂੰ ਕੀ ਹੋਇਆ, ਤਾਂ ਜਿਹੜੇ ਮਰੀਜ਼ ਦੇ ਨਾਲ ਆਏ ਸੀ, ਬੋਲੇ "ਡਾਕਟਰ ਸਾਹਬ ਇਹ ਆਏਂ ਹੀ ਕਰੀ ਜਾਂਦਾ "ਬੋਲੋ ਭਾਰਤ ਮਾਤਾ ਕੀ ਜੈ, ਬੋਲੋ ਭਾਰਤ ਮਾਤਾ ਕੀ ਜੈ", ਤਾਂ ਐੱਮ.ਬੀ.ਬੀ.ਐੱਸ. ਡਾਕਟਰ ਟਾਈਮ ਆਫ ਇੰਡੀਆ ਦੇ ਅਖਬਾਰ ਦੀ ਕਟਿੰਗ ਵਿਖਾਉਂਦੇ ਹੋਏ ਕਿਹਾ, ਤੁਸੀਂ ਇਹਨੂੰ ਮੋਗੇ ਵਾਲੇ ਕੰਡੇ ਕੋਲ ਲੈ ਜਾਉ, ਅਸੀਂ ਇਸਦਾ ਇਲਾਜ ਨਹੀਂ ਕਰ ਸਕਦੇ, ਇਹ ਐਮਰਜੈਂਸੀ ਕੇਸ ਹੈ, ਤਾਂ ਉਹ ਮੋਗੇ ਲੈ ਆਏ। ਜਦੋਂ ਉਹ ਮੋਗੇ ਵਾਲੇ ਕੰਡੇ ਕੋਲ ਲੈ ਆਏ, ਤਾਂ ਸਾਰੀ ਗੱਲ ਦੱਸੀ, ਤਾਂ ਕੰਡੇ ਨੇ ਦੱਸਿਆ "ਕੁੱਛ ਖਾਸ ਗੱਲ ਨਹੀਂ ਪਾਵਰ ਦੀ ਬਦਹਜ਼ਮੀ ਹੋ ਗਈ ਹੈ। ਇਨ੍ਹਾਂ ਦੇ ਪੇਟ 'ਚ ਗੈਸ ਬਣ ਗਈ, ਜਿਹੜੀ ਦਿਮਾਗ ਨੂੰ ਚੜ੍ਹ ਗਈ ਹੈ। ਤੁਸੀਂ ਇਹਨੂੰ ਮਿੱਠਾ ਸੋਡਾ ਦੇ ਦਿਉ ਤੇ ਜਦੋਂ ਵੀ ਇਹਨੂੰ ਇਹੋ ਜਿਹਾ ਦੌਰਾ ਪਵੇ ਤੇ ਕਹੇ ਭਾਰਤ ਮਾਤਾ ਕੀ ਜੈ, ਤਾਂ





ਤੁਸੀਂ ਉੱਚੀ ਦੇਣੇ ਜੈਕਾਰਾ ਛੱਡਣਾ, ਬੋਲੇ ਸੋਹਣੇ ਹਾਲ" ਇਹਦੇ ਨਾਲ ਇਹਨੂੰ ਕਦੇ ਬਦਹਜ਼ਮੀ ਕਦੇ ਗੈਸ ਨਹੀਂ ਬਣੂਗੀ।" ਪਰ ਡਾਕਟਰ ਸਾਹਬ ਇਹ ਹੁੰਦੀ ਕਿਉਂ ਹੈ ? ਜਦੋਂ ਕੋਈ ਛੋਟੇ ਘੜੇ ਜਾਂ ਕਸੋਰੇ 'ਚ ਪਾਣੀ ਉੱਛਲ ਜਾਵੇ, ਫਿਰ ਇਹੋ ਜਿਹੇ ਬਦਹਜ਼ਮੀ ਗੈਸ ਤੇ ਕਈ ਵਾਰ ਦਿਮਾਗ ਨੂੰ ਉੱਲੀ ਵੀ ਲੱਗ ਜਾਂਦੀ ਹੈ। ਬੱਸ ਜਦੋਂ ਵੀ ਇਹਨੂੰ ਇਸ ਤਰ੍ਹਾਂ ਦਾ ਦੌਰਾ ਪਵੇ, ਤੁਸੀਂ ਕਹੋ 'ਬੋਲੇ ਸੋਹਣੇ ਹਾਲ', ਬਸ ਬੰਦਾ ਠੀਕ। ਬਾਕੀ ਤੁਸੀਂ ਕਿਸੇ ਪੁਰਾਣੇ ਸਿਆਣੇ ਬਜ਼ੁਰਗ ਨੂੰ ਪੁੱਛ ਲਉ, ਇਤਿਹਾਸ ਗਵਾਹ ਹੈ, ਵੱਡੇ-ਵੱਡੇ ਸਿੱਧੇ ਹੋ ਗਏ ।

# ਮਨਮੋਹਨ ਸਿੰਘ ਦਾਊਂ ਦਾ ਕਾਵਿ ਸੰਗ੍ਰਹਿ 'ਸ਼ਾਇਰੀ ਦਾ ਸਰਵਰ' ਸੰਵੇਦਨਸ਼ੀਲਤਾ ਦਾ ਪ੍ਰਤੀਕ




-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA





**88 ਪੰਨਿਆਂ, 200 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ ਮਨਮੋਹਨ ਸਿੰਘ ਦਾਊਂ : 9815123900**

ਮਨਮੋਹਨ ਸਿੰਘ ਦਾਊਂ ਸਥਾਪਤ ਪ੍ਰਤੀਬੱਧ, ਸੰਵੇਦਨਸ਼ੀਲ ਤੇ ਵਿਸਮਾਦੀ ਸ਼ਾਇਰ ਹੈ, ਜਿਹੜਾ ਲਗਪਗ ਪਿਛਲੇ 55 ਸਾਲਾਂ ਤੋਂ ਆਪਣੀ ਮਾਂ ਬੋਲੀ ਦੀ ਸਾਹਿਤਕ ਮਹਿਕ ਨੂੰ ਆਪਣੀ ਸ਼ਾਇਰੀ ਰਾਹੀਂ ਸਮਾਜਿਕ-ਤਾਣੇ ਬਾਣੇ ਵਿਚ ਫ਼ੈਲਾਉਣ ਦਾ ਯਤਨ ਕਰ ਰਿਹਾ ਹੈ। ਉਸਦੇ ਇਸੇ ਯਤਨ ਦਾ ਨਤੀਜਾ ਹੈ ਕਿ ਉਹ ਹੁਣ ਤੱਕ ਆਪਣੀ ਮਾਂ-ਬੋਲੀ ਨੂੰ ਪ੍ਰਫ਼ੁਲਤ ਕਰਨ ਲਈ 13 ਕਾਵਿ-ਸੰਗ੍ਰਹਿ ਉਸਦੀ ਝੋਲੀ ਵਿਚ ਪਾ ਚੁੱਕਾ ਹੈ। ਚਰਚਾ ਅਧੀਨ ਉਸਦਾ ਕਾਵਿ-ਸੰਗ੍ਰਹਿ 'ਸ਼ਾਇਰੀ ਦਾ ਸਰਵਰ' ਇੱਕ ਵਿਲੱਖਣ ਕਿਸਮ ਦਾ ਕਾਵਿ-ਸੰਗ੍ਰਹਿ ਹੈ। ਇਸ ਕਾਵਿ-ਸੰਗ੍ਰਹਿ ਵਿਚ 29 ਕਵਿਤਾਵਾਂ ਹਨ। ਜ਼ਿੰਦਗੀ ਪ੍ਰਮਾਤਮਾ ਵੱਲੋਂ ਇੱਕ ਵਾਰ ਦਿੱਤਾ ਗਿਆ ਤੋਹਫ਼ਾ ਹੈ। ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਦਾ ਸਾਰੰਸ਼, ਇਸ ਇੱਕ ਵਾਰ ਮਿਲੇ ਤੋਹਫ਼ੇ ਦਾ ਇਨਸਾਨ ਨੂੰ ਸਹੀ ਇਸਤੇਮਾਲ ਕਰਨ ਦੀ ਤਾਕੀਦ ਕਰਦਾ ਹੈ। ਮਨਮੋਹਨ ਸਿੰਘ ਦਾਊਂ ਦੀਆਂ ਕਵਿਤਾਵਾਂ ਸਿੰਬਾਲਿਕ, ਵਿਸਮਾਦੀ ਤੇ ਸੰਕੇਤਕ ਹਨ, ਇਨ੍ਹਾਂ ਦੇ ਭਾਵ ਅਰਥ ਸਮਝਣ ਲਈ ਸੁਚੇਤ ਦਿਮਾਗ਼ ਤੋਂ ਕੰਮ ਲੈਣਾ ਪੈਂਦਾ ਹੈ। ਅਸਿੱਧੇ ਢੰਗ ਨਾਲ ਸ਼ਾਇਰ ਸਮਾਜਿਕ ਸਰੋਕਾਰਾਂ ਦੀ ਵਕਾਲਤ ਕਰਦਾ ਹੈ। ਇਸ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਵੀ ਬਹੁਤ ਹੀ ਸੰਵੇਦਨਸ਼ੀਲ ਅਦਿਖ ਸੰਦੇਸ਼ ਦਿੰਦੀਆਂ ਹਨ, ਜਿਨ੍ਹਾਂ ਬਾਰੇ ਮਨੁੱਖਤਾ ਨੂੰ ਜਾਨਣ ਦੀ ਲੋੜ ਹੈ। ਇੱਕ ਕਿਸਮ ਨਾਲ ਇਸ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਇਨਸਾਨ ਨੂੰ ਜ਼ਿੰਦਗੀ ਜਿਉਣ ਦਾ ਢੰਗ ਦਸਦੀਆਂ ਹਨ। ਇਹ ਕਵਿਤਾਵਾਂ, ਇੱਕ ਦੂਜੀ ਕਵਿਤਾ ਦੀਆਂ ਪੂਰਕ ਹਨ, ਭਾਵ ਇਹ ਕਾਵਿ-ਸੰਗ੍ਰਹਿ ਇੱਕ ਲੰਬੀ ਕਵਿਤਾ ਦੀ ਤਰ੍ਹਾਂ ਹੈ, ਜਿਸ ਵਿਚ ਇਨ੍ਹਾਂ ਕਵਿਤਾਵਾਂ ਦੀ ਇੱਕ ਦੂਜੀ ਕਵਿਤਾ ਨਾਲ ਲੜੀ ਜੁੜਦੀ ਹੈ। ਮੁੱਖ ਤੌਰ 'ਤੇ ਇਨਸਾਨੀ ਜੀਵਨ ਦੀ ਸੁਯੋਗ ਵਰਤੋਂ ਦੇ ਨੁਕਤੇ ਦੱਸੇ ਗਏ ਹਨ। ਇਸ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਗੁਰਮਤਿ ਦੇ ਸਿਧਾਂਤ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' 'ਤੇ ਆਧਾਰਿਤ ਹਨ। ਭਾਵ ਪਵਣੁ ਗੁਰੂ ਹੈ, ਜੋ ਇਨਸਾਨ ਨੂੰ ਜੀਵਨ ਦਿੰਦੀ ਹੈ, ਜੀਵਾਂ ਦੀ ਆਤਮਾ ਹੈ। ਪਾਣੀ ਪਿਤਾ ਹੈ, ਪਿਉ ਹੈ ਅਤੇ ਧਰਤੀ ਮਾਂ ਹੈ, ਜਿਸ ਤੋਂ ਇਨਸਾਨ ਦੀ ਉਤਪਤੀ ਹੁੰਦੀ ਹੈ। ਇਸ ਕਾਵਿ ਸੰਗ੍ਰਹਿ ਦੀਆਂ ਸਾਰੀਆਂ ਕਵਿਤਾਵਾਂ ਗੁਰਮਤਿ ਦੇ ਇਸੇ ਸਿਧਾਂਤ ਦੇ ਆਲੇ-ਦੁਆਲੇ ਘੁੰਮਦੀਆਂ ਹਨ। ਗੁਰਬਾਣੀ ਜੋ ਮਨੁੱਖ ਨੂੰ ਪ੍ਰੇਰਨਾ ਦਿੰਦੀ ਹੈ, ਉਹ ਸਾਰੀ ਇਨ੍ਹਾਂ ਕਵਿਤਾਵਾਂ ਰਾਹੀਂ ਸ਼ਾਇਰ ਨੇ ਕਹਿਣ ਦੀ ਕੋਸ਼ਿਸ਼ ਕੀਤੀ ਹੈ। ਸਮਾਜ ਵਿਚ ਜੋ ਕੁਰੀਤੀਆਂ ਹਨ, ਉਨ੍ਹਾਂ 'ਤੇ ਕਾਬੂ ਪਾਉਣ ਲਈ ਇਨ੍ਹਾਂ ਕਵਿਤਾਵਾਂ ਵਿਚ ਸਿੱਖਿਆ ਦਿੱਤੀ ਗਈ ਹੈ। ਇਹ ਕਵਿਤਾਵਾਂ ਇਨਸਾਨੀਅਤ ਨੂੰ ਕੁਦਰਤ ਵੱਲੋਂ ਦਿੱਤੀਆਂ ਗਈਆਂ ਸੁਗਾਤਾਂ ਦਾ ਮੁੱਲ ਪਾਉਣ ਲਈ ਪ੍ਰੇਰਦੀਆਂ ਹਨ, ਕਿਉਂਕਿ ਵਰਤਮਾਨ ਆਧੁਨਿਕਤਾ ਦੇ ਸਮੇਂ ਦੀ ਲਪੇਟ ਵਿਚ ਆਈ ਲੋਕਾਈ, ਉਨ੍ਹਾਂ ਨਿਆਮਤਾਂ ਤੋਂ ਮੂੰਹ ਮੋੜ ਰਹੀ ਹੈ। ਲੋਕਾਈ ਨੂੰ ਅਹਿਸਾਸ ਕਰਵਾਉਣ ਲਈ ਸ਼ਾਇਰ ਇਨ੍ਹਾਂ ਕਵਿਤਾਵਾਂ ਰਾਹੀਂ ਦਰਸਾ ਰਿਹਾ ਹੈ ਕਿ ਕੁਦਰਤ ਇਹ ਨਿਆਮਤਾਂ ਨੂੰ ਇਨਸਾਨੀਅਤ ਦੇ ਹਵਾਲੇ ਕਰਕੇ ਸੰਤੁਸ਼ਟ ਹੈ, ਪ੍ਰੰਤੂ ਲੋਕਾਈ ਇਨ੍ਹਾਂ ਦੀ ਅਹਿਮੀਅਤ ਨੂੰ ਅਣਡਿੱਠ ਕਰਦੀ ਹੋਈ, ਇਨ੍ਹਾਂ ਨਾਲ ਖਿਲਵਾੜ ਕਰ ਰਹੀ ਹੈ, ਇਨ੍ਹਾਂ ਅਨੁਸਾਰ ਵਿਚਰ ਨਹੀਂ ਰਹੀ। ਕਾਵਿ ਸੰਗ੍ਰਹਿ ਦੀ ਪਹਿਲੀ ਕਵਿਤਾ 'ਮਿੱਟੀ' ਵਿਚ ਸ਼ਾਇਰ ਮਿੱਟੀ ਵੱਲੋਂ ਆਪਣੇ ਆਪਨੂੰ ਲੋਕਾਈ ਅੱਗੇ ਸਮਰਪਣ ਕਰਕੇ ਇਹ ਦਰਸਾਇਆ ਗਿਆ ਹੈ ਕਿ ਮਿੱਟੀ ਹੀ ਇਨਸਾਨ ਨੂੰ ਅਨੇਕ ਰੂਪਾਂ ਵਿਚ ਜੀਵਨ ਦੇ ਰਹੀ ਹੈ। ਅਸਿੱਧੇ ਢੰਗ ਨਾਲ ਸ਼ਾਇਰ ਨੇ ਮਿੱਟੀ ਦੇ ਯੋਗਦਾਨ ਬਾਰੇ ਤਿੱਖੇ ਤੀਰ ਇਨਸਾਨੀਅਤ ਨੂੰ ਜਗਾਉਣ ਲਈ ਮਾਰੇ ਹਨ। ਕਵਿਤਾ ਦਾ ਇੱਕ-ਇੱਕ ਸ਼ਬਦ ਅਰਥ ਭਰਪੂਰ ਹੈ। ਜੇ ਮਿੱਟੀ ਨਾ ਹੋਵੇ, ਤਾਂ ਇਨਸਾਨ ਨੂੰ ਜਿਹੜੀਆਂ ਨਿਆਮਤਾਂ ਮਿਲ ਰਹੀਆਂ ਹਨ, ਉਨ੍ਹਾਂ ਤੋਂ ਵਾਂਝੇ ਹੋ ਕੇ ਜੀਣਾ ਦੁੱਭਰ ਹੋ ਜਾਵੇਗਾ। ਇਸ ਲਈ ਲੋਕਾਈ ਨੂੰ ਮਿੱਟੀ ਦੇ ਮੁੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ ਤੇ ਇਸਦੀ ਦੁਰਵਰਤੋਂ ਨਹੀਂ ਕਰਨੀ ਚਾਹੀਦੀ। 'ਹਵਾ' ਸਿਰਲੇਖ ਵਾਲੀ ਕਵਿਤਾ ਵਿਚ ਕੁਦਰਤ ਵੱਲੋਂ ਦਿੱਤੀ ਗਈ, ਹਵਾ ਦੀ ਨਿਆਮਤ ਅਤਿਅੰਤ ਕੀਮਤੀ ਹੈ, ਇਸਦੀ ਕੀਮਤ 'ਤੇ ਅਹਿਮੀਅਤ ਨੂੰ ਸਮਝਕੇ ਜੀਵਨ ਵਿਚ ਵਿਚਰਨਾ ਚਾਹੀਦਾ ਹੈ। ਹਵਾ ਜ਼ਿੰਦਗੀ ਹੈ, ਇਸਨੂੰ ਪਲੀਤ ਨਾ ਕੀਤਾ ਜਾਵੇ। ਇਹ ਭਾਵੇਂ ਵਿਖਾਈ ਨਹੀਂ ਦਿੰਦੀ, ਪ੍ਰੰਤੂ ਇਹ ਜੀਵਨ ਦੀ ਹੋਂਦ ਦੀ ਪ੍ਰਤੀਕ ਹੈ। ਇਸਤੋਂ ਬਿਨਾ ਕਿਸੇ ਵੀ ਜੀਵ ਅਤੇ ਬਨਸਪਤੀ ਦੀ ਉਤਪਤੀ ਸੰਭਵ ਹੀ ਨਹੀਂ। ਇਹ ਜ਼ਿੰਦਗੀ ਦਾ ਸਾਹ-ਰਗ ਹੈ। 'ਪਾਣੀ' ਸਿਰਲੇਖ ਵਾਲੀ ਕਵਿਤਾ ਇਹ ਦਰਸਾਉਂਦੀ ਹੈ ਕਿ ਭਾਵੇਂ ਇਸਦਾ ਕੋਈ ਰੰਗ, ਰੂਪ ਤੇ ਆਕਾਰ ਨਹੀਂ ਪ੍ਰੰਤੂ ਜ਼ਿੰਦਗੀ ਨੂੰ ਰੰਗੀਨ, ਸੁਹਾਵਣੀ ਅਤੇ ਮਹਿਕ ਵਾਲੀ ਬਣਾਉਣ ਵਿਚ ਇਸਦਾ ਯੋਗਦਾਨ ਅਣਡਿੱਠ ਨਹੀਂ ਕੀਤਾ ਜਾ ਸਕਦਾ। ਇਨਸਾਨ ਨੂੰ ਪਾਣੀ ਦੀ ਤਰ੍ਹਾਂ ਨਿਮਰ, ਸਾਊ ਤੇ ਸਹਿਣਸ਼ੀਲ ਬਣਨਾ ਚਾਹੀਦਾ ਹੈ। ਇਹ ਸਰੀਰਕ ਤੇ ਮਾਨਸਿਕ ਪਿਆਸ ਬੁਝਾਉਂਦਾ ਹੈ। ਇਨਸਾਨ ਨੂੰ ਵੀ ਇਸੇ ਤਰ੍ਹਾਂ ਮਨੁੱਖਤਾ ਦੀ ਭਲਾਈ ਲਈ ਨਿਮਰ ਤੇ ਸਹਿਣਸ਼ੀਲ ਬਣਕੇ ਵਿਚਰਨਾ ਚਾਹੀਦਾ ਹੈ। 'ਮਾਂ' ਸਿਰਜਣਾ ਦਾ ਪ੍ਰਤੀਕ ਹੈ, ਰੱਬ ਵਰਗੀ ਹੁੰਦੀ ਹੈ, ਸਜੀਵ ਜ਼ਿੰਦਗੀ ਦਾ ਸਰੂਪ ਹੁੰਦੀ ਹੈ, ਜਿਹੜੀ ਆਪਣੇ ਖ਼ੂਨ ਨਾਲ ਸਿਰਜਣਾ ਕਰਕੇ ਸਾਧਨਾ ਨਾਲ ਨਿਸ਼ਕਾਮ ਸੇਵਾ ਕਰਦੀ ਹੈ। ਮਨ ਦੀ ਸਾਫ਼-ਪਾਕਿ-ਪਵਿਤਰ, ਸੁੱਚੀ-ਸੁੱਚੀ ਸੁਹਿਰਦ ਤੇ ਸਮਾਜ ਦੇ ਨਕਸ ਸਿਰਜਦੀ ਹੈ। ਘਰ ਮਾਂ ਦੀ ਵਿਦਵਤਾ ਨਾਲ ਹੀ ਬਣਦਾ ਹੈ। ਅਪਣੱਤ ਤੇ ਪੱਤ ਦੀ ਨਿੱਘ ਭਰੀ ਗੋਦ ਦੀ ਨੇਕੀ ਦਾ ਬੱਚਾ ਮੁੱਲ ਨਹੀਂ ਮੋੜ ਸਕਦਾ। ਤਿਆਗ਼ ਦੀ ਮੂਰਤ ਹੁੰਦੀ ਹੈ। ਇਸੇ ਤਰ੍ਹਾਂ 'ਚੀਕ' ਕਵਿਤਾ ਵੀ ਮਾਂ ਦੀ ਮਮਤਾ ਦੀ ਸਿਰਜਣਾਤਮਿਕ ਦੇਣ ਦੀ ਪ੍ਰੀਨਿਧਤਾ ਕਰਦੀ ਹੈ। ਕਵਿਤਾ ਰਾਹੀਂ ਸ਼ਾਇਰ ਨੇ ਇਨਸਾਨ ਨੂੰ ਆਪਣੀ ਜਨਮਦਾਤੀ ਦਾ ਅਹਿਸਾਨਮੰਦ ਰਹਿਣ ਦੀ ਪ੍ਰੇਰਨਾ ਦਿੱਤੀ ਹੈ। 'ਆਲਾ' ਸਿਰਲੇਖ ਵਾਲੀ ਕਵਿਤਾ ਮਾਂ ਨੂੰ ਜੀਵਨ ਦਾ ਦੀਵਾ ਕਹਿੰਦੀ ਹੈ, ਜਿਹੜੀ ਰੌਸ਼ਨੀ ਦੀਆਂ ਕਿਰਨਾਂ ਨਾਲ ਸਮਾਜ ਨੂੰ ਖ਼ੁਸ਼ਹਾਲ ਤੇ ਪ੍ਰਫ਼ੁਲੱਤ ਕਰਦੀ ਹੈ। ਵਿਰਾਸਤ ਨਾਲੋਂ ਟੁੱਟਣਾ ਮਾਂ ਦਾ ਅਹਿਸਾਨ ਭੁੱਲ ਜਾਣ ਦੇ ਬਰਾਬਰ ਹੈ। 'ਖ਼ੁਸ਼ੀ' ਕਵਿਤਾ ਵੀ ਮਾਂ ਤੇ ਪਤਨੀ ਬੱਚੇ ਦੀ ਸਫ਼ਲ ਉਡਾਰੀ ਮਾਰਨ ਵਿਚ ਮੋਹਰੀ ਦੀ ਭੂਮਿਕਾ ਨਿਭਾਉਂਦੀਆਂ ਹਨ। 'ਖਾਮੋਸ਼ੀ' ਕਵਿਤਾ ਜ਼ਿੰਦਗੀ ਦੇ ਅਨੇਕਾਂ ਰੰਗਾਂ ਦੀ ਸਤਰੰਗੀ ਪੀਂਘ ਪੇਸ਼ ਕਰਦੀ ਹੈ। ਇਸ ਕਵਿਤਾ ਵਿਚ ਲੜਕੀਆਂ ਦੀ ਜ਼ਿੰਦਗੀ ਦੀ ਤ੍ਰਾਸਦੀਆਂ ਦੀਆਂ ਪਰਤਾਂ ਖੋਲ੍ਹੀਆਂ ਗਈਆਂ ਹਨ, ਕਿਉਂਕਿ ਇਸਤਰੀਆਂ ਨੂੰ ਅਨੇਕ ਕਿਸਮ ਦੇ ਤਸੀਹਿਆਂ ਤੇ ਜ਼ਿਆਦਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। 'ਪਿਆਰ' ਸਿਰਲੇਖ ਵਾਲੀ ਕਵਿਤਾ ਵਿਚ ਸ਼ਾਇਰ ਪਿਆਰ ਨੂੰ ਸਮੁੱਚੇ ਇਨਸਾਨੀ ਜੀਵਨ ਦੀ ਸਫ਼ਲਤਾ ਦਾ ਆਧਾਰ ਮੰਨਦਾ ਹੈ। ਸੱਚਾ-ਸੁੱਚਾ ਪਿਆਰ ਦੋ ਆਤਮਾਵਾਂ ਦੀਆਂ ਰੂਹਾਂ ਦਾ ਸੁਮੇਲ ਹੁੰਦਾ ਹੈ। ਇਹ ਭਿੰਨ-ਭੇਦ, ਜ਼ਾਤ-ਪਾਤ, ਰੰਗ-ਰੂਪ, ਸ਼ਕਲ-ਸੂਰਤ, ਬ੍ਰਿਹਾ-ਵਸਲ, ਦਿੱਖ-ਅਦਿਖ ਦਾ ਅੰਤਰ ਮਿਟਾ ਦਿੰਦਾ ਹੈ। ਸੰਤੁਸ਼ਟੀ ਦਾ ਸਮਰਪਣ ਹੁੰਦਾ ਹੈ। ਦੋਸਤੀ, ਚੁੱਪ, ਹੋਂਦ, ਇਕੱਲ ਤੇ ਨੀਂਦਰ ਜ਼ਿੰਦਗੀ ਵੱਖ-ਵੱਖ ਰੰਗਾਂ ਦੇ ਅੰਤਰ ਦਾ ਦ੍ਰਿਸ਼ਟਾਂਤਿਕ ਪ੍ਰਮਾਣ ਹਨ। ਦੋਸਤੀ ਖ਼ੁਦਗਰਜੀਆਂ, ਤਲਖ਼ੀਆਂ, ਸੰਕਟ ਨੂੰ ਦੂਰ ਕਰਨ ਦਾ ਸਾਧਨ ਬਣਦੀ ਹੈ। ਇਹ ਕਵਿਤਾਵਾਂ ਧਰਮ, ਜ਼ਾਤ, ਫ਼ਿਰਕਿਆਂ ਆਦਿ ਦੇ ਅੰਤਰ ਖ਼ਤਮ ਕਰਕੇ ਸਦਭਾਵਨਾ ਪੈਦਾ ਕਰਨ ਦਾ ਪ੍ਰਮਾਣ ਬਣਦੀਆਂ ਹਨ। ਸ਼ਾਇਰ ਨੇ 'ਸੰਗੀਤ', 'ਚਿੱਤਰਕਲਾ' ਅਤੇ ਸ਼ਾਇਰੀ ਕਵਿਤਾਵਾਂ ਵਿਚ ਦਰਸਾਇਆ ਹੈ ਕਿ ਇਹ ਮਾਨਸਿਕ ਭਾਵਨਾਵਾਂ ਦੀ ਖ਼ੁਰਾਕ ਹਨ, ਇਹ ਜ਼ਿੰਦਗੀ ਵਿਚ ਰੂਹਾਨੀਅਤ ਅਤੇ ਵਿਸਮਾਦ ਪੈਦਾ ਕਰਕੇ ਉਸਨੂੰ ਬਸਰ ਕਰਨ ਲਈ ਰਸਦਾਇਕ ਬਣਾਉਂਦੀਆਂ ਹਨ। 'ਬਿਰਖ਼' ਅਤੇ 'ਬੋਲ' ਕਵਿਤਾਵਾਂ ਵਿਚ ਦੱਸਿਆ ਗਿਆ ਹੈ ਕਿ ਇਹ ਰੋਜ਼ਾਨਾ ਜੀਵਨ ਵਿਚ ਵਰਤੀਆਂ ਜਾਣ ਵਾਲੀਆਂ ਅਨੇਕਾਂ ਨਿਆਮਤਾਂ ਦਿੰਦੇ ਹਨ, ਅਣਗਿਣਤ ਤਸੀਹੇ ਵੀ ਚੁੱਪ-ਚਾਪ ਬਰਦਾਸ਼ਤ ਕਰਦੇ ਹਨ। ਇਨਸਾਨ ਨੂੰ ਬਿਰਖ਼ਾਂ ਤੋਂ ਕੁਝ ਤਾਂ ਸਿੱਖਿਆ ਲੈਣੀ ਚਾਹੀਦੀ ਹੈ। ਇਨਸਾਨ ਨੂੰ ਬੋਲ ਭੜਾਸ ਨਹੀਂ, ਸਗੋਂ ਨਾਪ ਤੋਲ ਕੇ ਬੋਲਣ ਦੀ ਵੀ ਤਾਕੀਦ ਕਰਦੇ ਹਨ। 'ਮਨੁੱਖ' ਕਵਿਤਾ ਬਹੁਤ ਹੀ ਸੰਵੇਦਨਸ਼ੀਲ ਹੈ, ਮਨੁੱਖ ਨੂੰ ਕੁੱਤੇ, ਬਾਰਸ਼, ਪੰਛੀਆਂ, ਮਿੱਟੀ, ਫੁੱਲਾਂ, ਹਵਾ, ਰੁੱਖਾਂ ਅਤੇ ਪਹਾੜਾਂ ਤੋਂ ਸਬਕ ਲੈਣ ਦੀ ਪ੍ਰੇਰਨਾ ਕਰਦੀ ਹੈ। 'ਸੁਪਨਾ' ਕਵਿਤਾ ਵਿਚ ਜ਼ਿੰਦਗੀ ਵਿਚ ਅਧੂਰੀਆਂ ਇੱਛਾਵਾਂ ਨੂੰ ਪੂਰਤੀ ਲਈ ਸਰੋਤ ਹੁੰਦਾ ਹੈ, ਪ੍ਰੰਤੂ ਇਸ ਕਵਿਤਾ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਲਾਰੇ ਟਾਲ-ਮਟੋਲ ਕਰਨ ਦਾ ਸਾਧਨ ਬਣਦੇ ਹਨ। 'ਰਾਹ' ਜ਼ਿੰਦਗੀ ਦੇ ਦੁੱਖਾਂ ਅਤੇ ਸੁੱਖਾਂ ਦੀ ਦਾਸਤਾਂ ਹੈ, ਨਿਸ਼ਾਨੇ ਦੀ ਪ੍ਰਾਪਤੀ ਦਾ ਸਾਧਨ ਵੀ ਹੈ ਅਤੇ ਮਿਹਨਤਾਂ ਨਾਲ ਰਾਹ ਬਣਾਏ ਜਾ ਸਕਦੇ ਹਨ। 'ਕੁੰਜੀ' ਰਿਸ਼ਤਿਆਂ ਨੂੰ ਬਰਕਰਾਰ ਰੱਖਣ ਦੀ ਤਕਨੀਕ ਹੈ। 'ਰੀਣ' ਬਹੁਤ ਹੀ ਭਾਵਨਾਤਮਕ ਕਵਿਤਾ ਹੈ, ਜਿਸ ਵਿਚ ਦਰਸਾਇਆ ਹੈ ਕਿ ਮਿਹਨਤ ਦੀ ਕੋਠਾਲੀ ਵਿਚ ਲੰਘਿਆ ਇਨਸਾਨ ਖ਼ਰਾ ਸੋਨਾ ਬਣ ਸਕਦਾ ਹੈ। ਮਨਮੋਹਨ ਸਿੰਘ ਦਾਊਂ ਦਾ ਇਹ ਕਾਵਿ ਸੰਗ੍ਰਹਿ ਉਸਦੇ ਵਿਅਕਤੀਤਵ ਦਾ ਸ਼ੀਸ਼ਾ ਹੈ।

> ਇੱਕ ਕਿਸਮ ਨਾਲ ਇਸ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਇਨਸਾਨ ਨੂੰ ਜ਼ਿੰਦਗੀ ਜਿਉਣ ਦਾ ਢੰਗ ਦਸਦੀਆਂ ਹਨ। ਇਹ ਕਵਿਤਾਵਾਂ, ਇੱਕ ਦੂਜੀ ਕਵਿਤਾ ਦੀਆਂ ਪੂਰਕ ਹਨ, ਭਾਵ ਇਹ ਕਾਵਿ-ਸੰਗ੍ਰਹਿ ਇੱਕ ਲੰਬੀ ਕਵਿਤਾ ਦੀ ਤਰ੍ਹਾਂ ਹੈ, ਜਿਸ ਵਿਚ ਇਨ੍ਹਾਂ ਕਵਿਤਾਵਾਂ ਦੀ ਇੱਕ ਦੂਜੀ ਕਵਿਤਾ ਨਾਲ ਲੜੀ ਜੁੜਦੀ ਹੈ। ਮੁੱਖ ਤੌਰ 'ਤੇ ਇਨਸਾਨੀ ਜੀਵਨ ਦੀ ਸੁਯੋਗ ਵਰਤੋਂ ਦੇ ਨੁਕਤੇ ਦੱਸੇ ਗਏ ਹਨ। ਇਸ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਗੁਰਮਤਿ ਦੇ ਸਿਧਾਂਤ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' 'ਤੇ ਆਧਾਰਿਤ ਹਨ।

# "ਇਨਸਾਨੀਅਤ ਦੀ ਮੌਤ"


ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA




ਬਾਜ਼ਾਰ ਵਿਚ ਬੋਰਡ ਲੱਗਾ ਹੋਇਆ ਸੀ, ਇਥੇ ਦੇਸੀ ਘਿਉ ਦੀਆਂ ਮਠਿਆਈਆਂ ਮਿਲਦੀਆਂ ਹਨ। ਕੁਦਰਤੀ ਉਥੋਂ ਇੱਕ ਨੇਤਾ ਜੀ ਦਾ ਕਾਫ਼ਲਾ ਲੰਘਿਆ। ਨੇਤਾ ਜੀ ਨੇ ਬੋਰਡ ਪੜ੍ਹਿਆ, ਜੀਭ ਲਲਚਾਈ ਅਤੇ ਰੁੱਕ ਕੇ ਤਿੰਨ-ਚਾਰ ਕਿੱਲੋ ਮਠਿਆਈ ਪੈਕ ਕਰਨ ਦਾ ਫੁਰਮਾਨ ਜਾਰੀ ਕੀਤਾ। ਹਲਵਾਈ ਨੇ ਮਠਿਆਈਆਂ ਪੈਕ ਕਰਕੇ ਕਾਰ ਵਿਚ ਰਖਵਾ ਦਿੱਤੀਆਂ। ਨੇਤਾ ਜੀ ਨੇ ਕਿਹਾ ਚਲੋ ਜੀ। ਹਲਵਾਈ ਕਹਿੰਦਾ, ਜਨਾਬ ਪੈਸੇ ? ਨੇਤਾ ਜੀ ਨੇ ਘੂਰੀ ਵੱਟ ਕੇ ਕਿਹਾ, ਮੁੰਡਿਉ ਹਿਸਾਬ ਕਰ ਦਿਉ ਇਹਦਾ। ਏਨਾ ਕਹਿ ਕੇ ਨੇਤਾ ਜੀ ਦਾ ਕਾਫ਼ਲਾ ਹੂਟਰ ਮਾਰਦਾ ਹੋਇਆ ਰਵਾਨਾ ਹੋ ਗਿਆ ਤੇ ਲੰਡੂਆਂ ਨੇ ਹਲਵਾਈ ਢਾਹ ਲਿਆ, ਤੂੰ ਜ਼ੁਅਰਤ ਕਿਵੇਂ ਕੀਤੀ ਉਹੇ ਪੈਸੇ ਮੰਗਣ ਦੀ। ਕੋਲ ਖੜ੍ਹੇ ਲੋਕਾਂ ਨੇ ਕਿਹਾ, ਨਾ ਮਾਰੋ ਗਰੀਬ ਮਰ ਜਾਵੇਗਾ! ਕੋਲ ਖੜ੍ਹਾ ਬਖਤੌਰ ਸਿੰਘ ਕਹਿੰਦਾ, ਹਲਵਾਈ ਮਰੇ ਨਾ ਮਰੇ 'ਇਨਸਾਨੀਅਤ ਦੀ ਮੌਤ' ਤਾਂ ਹੋ ਹੀ ਗਈ ਹੈ। ਆਮ ਲੋਕਾਂ ਦੇ ਚਿਹਰੇ ਮੁਰਝਾਏ ਹੋਏ ਅਤੇ ਭੈਭੀਤ ਸਨ।

# ਸਿਆਸੀ ਅਸਥਿਰਤਾ ਦੀ ਅੱਗ ਵਿਚ ਝੁਲਸਦਾ ਦੇਸ਼ - ਨੇਪਾਲ



ਸੰਦੀਪ ਕੁਮਾਰ
ਰੂਪਨਗਰ
70098-07121
liberalthinker1621@gmail.com
ਪੰਜਾਬ ਮੇਲ USA



**ਇਸ ਸੰਕਟ ਦੇ ਅਰਥਿਕ ਪ੍ਰਭਾਵ ਬਹੁਤ ਗੰਭੀਰ ਹਨ। ਨੇਪਾਲ, ਜੋ ਵਿਦੇਸ਼ੀ ਰੈਮਿਟੈਂਸ (ਅਰਥਵਿਵਸਥਾ ਦਾ 29.1%) ਅਤੇ ਸੈਰ-ਸਪਾਟੇ 'ਤੇ ਨਿਰਭਰ ਹੈ, ਨੂੰ ਭਾਰੀ ਨੁਕਸਾਨ ਹੋਇਆ। ਅੰਤਰਰਾਸ਼ਟਰੀ ਹਵਾਈ ਅੱਡੇ ਦਾ ਬੰਦ ਹੋਣਾ ਅਤੇ ਬੈਂਕਾਂ ਦੀ ਲੁੱਟ ਨੇ ਵਿੱਤੀ ਪ੍ਰਣਾਲੀ ਨੂੰ ਹਿੱਲਾ ਦਿੱਤਾ। ਖੇਤੀਬਾੜੀ, ਜੋ ਅਰਥਵਿਵਸਥਾ ਦਾ 31.7% ਪ੍ਰਦਾਨ ਕਰਦੀ ਹੈ, ਬਜ਼ਾਰਾਂ ਦੇ ਬੰਦ ਹੋਣ ਨਾਲ ਪ੍ਰਭਾਵਿਤ ਹੋਈ।**

ਨੇਪਾਲ, ਜੋ ਹਿਮਾਲਿਆਈ ਸੁੰਦਰਤਾ ਅਤੇ ਜੈਵ-ਵਿਭਿੰਨਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਅੱਜ ਸਿਆਸੀ ਅਸਥਿਰਤਾ ਦੀ ਅੱਗ ਵਿਚ ਝੁਲਸ ਰਿਹਾ ਹੈ। ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ ਵੱਲੋਂ 9 ਸਤੰਬਰ 2025 ਨੂੰ ਦਿੱਤੇ ਅਸਤੀਫੇ ਨੇ ਦੇਸ਼ ਨੂੰ ਇੱਕ ਅਜਿਹੇ ਸੰਕਟ ਵਿਚ ਧੱਕ ਦਿੱਤਾ, ਜਿਸ ਨੇ ਨਾ ਸਿਰਫ਼ ਸਰਕਾਰੀ ਢਾਂਚੇ ਨੂੰ ਹਿਲਾ ਦਿੱਤਾ, ਬਲਕਿ ਅਰਥਵਿਵਸਥਾ ਅਤੇ ਸਮਾਜਿਕ ਤਾਣਾ-ਬਾਣਾ ਵੀ ਡੋਲ ਰਿਹਾ ਹੈ। ਇਹ ਅਸਤੀਫਾ ਕੇਵਲ ਇੱਕ ਵਿਅਕਤੀਗਤ ਫੈਸਲਾ ਨਹੀਂ ਸੀ, ਸਗੋਂ ਜੂਨ 2025 ਤੋਂ ਸ਼ੁਰੂ ਹੋਏ ਜਨਰੇਸ਼ਨ ਜ਼ੈਡ (ਯੂਥ) ਦੀ ਅਗਵਾਈ ਵਾਲੇ ਹਿੰਸਕ ਪ੍ਰਦਰਸ਼ਨਾਂ ਦਾ ਨਤੀਜਾ ਸੀ, ਜਿਨ੍ਹਾਂ ਨੇ ਕਾਠਮੰਡੂ ਅਤੇ ਹੋਰ ਸ਼ਹਿਰਾਂ ਨੂੰ ਅਰਾਜਕਤਾ ਦੀ ਭੇਂਟ ਚੜ੍ਹਾ ਦਿੱਤਾ। ਇਨ੍ਹਾਂ ਪ੍ਰਦਰਸ਼ਨਾਂ ਵਿਚ 51 ਤੋਂ ਵੱਧ ਲੋਕਾਂ ਦੀ ਜਾਨ ਗਈ, ਸੈਂਕੜੇ ਜ਼ਖਮੀ ਹੋਏ ਅਤੇ ਸਰਕਾਰੀ ਇਮਾਰਤਾਂ ਜਿਵੇਂ ਪਾਰਲੀਮੈਂਟ ਭਵਨ ਅਤੇ ਸੁਪਰੀਮ ਕੋਰਟ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਗਿਆ। ਪਰ, 12 ਸਤੰਬਰ 2025 ਨੂੰ ਇੱਕ ਇਤਿਹਾਸਕ ਮੋੜ ਆਇਆ ਜਦੋਂ ਸੁਸ਼ੀਲਾ ਕਾਰਕੀ, ਨੇਪਾਲ ਦੀ ਪਹਿਲੀ ਮਹਿਲਾ ਮੁੱਖ ਨਿਆਂਇਕ ਨੂੰ ਅੰਤਰਿਮ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾਈ ਗਈ। ਸਿਆਸੀ ਸਹਿਮਤੀ ਨਾਲ ਕਾਰਕੀ (73) ਦੀ ਨਿਯੁਕਤੀ ਨੇ ਨੇਪਾਲ ਦੀ ਸਿਆਸਤ ਵਿਚ ਇੱਕ ਨਵੀਂ ਉਮੀਦ ਜਗਾਈ, ਪਰ ਸਥਿਤੀ ਅਜੇ ਵੀ ਅਨਿਸ਼ਚਿਤ ਹੈ।

ਨੇਪਾਲ ਦੀ ਸਿਆਸੀ ਜ਼ਮੀਨ ਦਾ ਇਤਿਹਾਸ ਅਸਥਿਰਤਾ ਨਾਲ ਭਰਿਆ ਹੈ। ਸਾਲ 2008 ਵਿਚ ਰਾਜਸ਼ਾਹੀ ਦੇ ਖਾਤਮੇ ਅਤੇ ਗਣਰਾਜ ਦੀ ਸਥਾਪਨਾ ਨੇ ਦੇਸ਼ ਨੂੰ ਲੋਕਤੰਤਰਿਕ ਮਾਰਗ 'ਤੇ ਲਿਆਂਦਾ, ਪਰ 1996-2006 ਦੇ ਮਾਓਵਾਦੀ ਸੰਘਰਸ਼ ਨੇ ਪਹਿਲਾਂ ਹੀ ਹਜ਼ਾਰਾਂ ਜਾਨਾਂ ਅਤੇ ਅਰਥਵਿਵਸਥਾ ਨੂੰ ਤਬਾਹ ਕਰ ਦਿੱਤਾ ਸੀ। ਸਾਲ 2015 ਦੇ ਸੰਵਿਧਾਨ ਨੇ ਸੱਤ ਸੰਘੀ ਪ੍ਰਾਂਤਾਂ ਅਤੇ ਧਰਮਨਿਰਪੱਖਤਾ ਦੀ ਨੀਂਹ ਰੱਖੀ, ਪਰ ਮਧੇਸੀ ਅਤੇ ਪਹਾੜੀ ਖੇਤਰਾਂ ਵਿਚ ਅਧਿਕਾਰਾਂ ਨੂੰ ਲੈ ਕੇ ਵਿਵਾਦ ਨੇ ਸਥਿਰਤਾ ਨੂੰ ਚੁਣੌਤੀ ਦਿੱਤੀ। ਕੇ.ਪੀ. ਸ਼ਰਮਾ ਓਲੀ, ਜਿਨ੍ਹਾਂ ਨੇ 15 ਜੁਲਾਈ 2024 ਨੂੰ ਤੀਸਰੀ ਵਾਰ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ, ਨੇਪਾਲੀ ਕਾਂਗਰਸ ਅਤੇ ਹੋਰ ਛੋਟੀਆਂ ਪਾਰਟੀਆਂ ਨਾਲ ਗਠਜੋੜ ਸਰਕਾਰ ਬਣਾਈ। ਸਾਲ 2022 ਦੀਆਂ ਚੋਣਾਂ ਵਿੱਚ ਕਿਸੇ ਵੀ ਪਾਰਟੀ ਨੂੰ ਸਪੱਸ਼ਟ ਬਹੁਮਤ ਨਹੀਂ ਮਿਲਿਆ, ਜਿਸ ਨੇ ਗਠਜੋੜ ਦੀ ਜ਼ਰੂਰਤ ਨੂੰ ਵਧਾਇਆ। ਓਲੀ ਦੀ ਸਰਕਾਰ ਨੇ ਆਰਥਿਕ ਸੁਧਾਰ ਅਤੇ ਵਿਦੇਸ਼ੀ ਨਿਵੇਸ਼, ਖਾਸ ਕਰਕੇ ਚੀਨ ਦੀ ਬੈਲਟ ਐਂਡ ਰੋਡ ਇਨੀਸ਼ੀਏਟਿਵ ਨਾਲ ਜੁੜੇ ਪ੍ਰੋਜੈਕਟਾਂ 'ਤੇ ਜ਼ੋਰ ਦਿੱਤਾ। ਪਰ, ਇਹ ਨੀਤੀਆਂ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਅਤੇ ਨੌਜਵਾਨਾਂ ਵਿਚ ਅਸੰਤੋਸ਼ ਦਾ ਕਾਰਨ ਬਣੀਆਂ। ਨੇਪਾਲ ਦੀ ਆਬਾਦੀ ਦਾ ਵੱਡਾ ਹਿੱਸਾ ਨੌਜਵਾਨ ਹੈ, ਜੋ ਵਿਦੇਸ਼ਾਂ ਵਿਚ ਰੈਮਿਟੈਂਸ (ਅਰਥਵਿਵਸਥਾ ਦਾ 29.1%) ਭੇਜਦੇ ਹਨ, ਪਰ ਦੇਸ਼ ਅੰਦਰ ਰੁਜ਼ਗਾਰ ਦੀ ਘਾਟ ਅਤੇ ਸਰਕਾਰੀ ਨੀਤੀਆਂ ਨੇ ਉਨ੍ਹਾਂ ਨੂੰ ਨਿਰਾਸ਼ ਕੀਤਾ।

ਇਸ ਸੰਕਟ ਦੀ ਸ਼ੁਰੂਆਤ ਜੂਨ 2025 ਵਿਚ ਸੋਸ਼ਲ ਮੀਡੀਆ ਪਾਬੰਦੀ ਨਾਲ ਹੋਈ, ਜਿਸ ਨੂੰ ਸਰਕਾਰ ਦੀ ਭ੍ਰਿਸ਼ਟਾਚਾਰ ਛੁਪਾਉਣ ਦੀ ਕੋਸ਼ਿਸ਼ ਮੰਨਿਆ ਗਿਆ। ਨੌਜਵਾਨਾਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਅਤੇ ਪ੍ਰਦਰਸ਼ਨ ਤੇਜ਼ੀ ਨਾਲ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਵਿਦੇਸ਼ੀ ਪ੍ਰਭਾਵ ਵਿਰੁੱਧ ਮੁਹਿੰਮ ਵਿਚ ਬਦਲ ਗਏ। ਕਾਠਮੰਡੂ ਦੀਆਂ ਸੜਕਾਂ 'ਤੇ ਹਜ਼ਾਰਾਂ ਨੌਜਵਾਨਾਂ ਨੇ ਨਾਅਰੇਬਾਜ਼ੀ ਕੀਤੀ ਅਤੇ ਪੁਲਿਸ ਨਾਲ ਝੜਪਾਂ ਵਿਚ ਹਿੰਸਾ ਵਧੀ। ਇਸ ਦੇ ਨਾਲ ਹੀ ਰਾਸ਼ਟਰੀਆ ਪ੍ਰਜਾਤੰਤਰ ਪਾਰਟੀ ਸਮਰਥਕਾਂ ਨਾਲ ਹੋਈਆਂ ਝੜਪਾਂ, ਜਿਨ੍ਹਾਂ ਵਿਚ ਇੱਕ ਪੱਤਰਕਾਰ ਸਮੇਤ ਦੋ ਮੌਤਾਂ ਹੋਈਆਂ, ਨੇ ਪ੍ਰਦਰਸ਼ਨਾਂ ਨੂੰ ਨਵੀਂ ਗਤੀ ਦਿੱਤੀ। ਅਗਸਤ 2025 ਤੱਕ, ਪ੍ਰਦਰਸ਼ਨ ਦੇਸ਼ ਵਿਆਪੀ ਹੋ ਗਏ, ਜਿਸ ਨਾਲ ਬੈਂਕ ਲੁੱਟੇ ਗਏ, ਅੰਤਰਰਾਸ਼ਟਰੀ ਹਵਾਈ ਅੱਡੇ ਬੰਦ ਹੋਏ ਅਤੇ ਸਰਕਾਰੀ ਕੰਮਕਾਜ ਠੱਪ ਹੋ ਗਿਆ। ਪ੍ਰਦਰਸ਼ਕਾਰੀਆਂ ਨੇ ਪਾਰਲੀਮੈਂਟ ਅਤੇ ਸੁਪਰੀਮ ਕੋਰਟ 'ਤੇ ਹਮਲੇ ਕੀਤੇ, ਜਿਸ ਨਾਲ ਸਰਕਾਰ ਦੀ ਸਾਖ ਨੂੰ ਭਾਰੀ ਨੁਕਸਾਨ ਹੋਇਆ। ਓਲੀ ਨੇ ਸ਼ੁਰੂ ਵਿਚ ਪੁਲਿਸ ਬਲ ਨਾਲ ਪ੍ਰਦਰਸ਼ਨਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਗਠਜੋੜ ਭਾਗੀਦਾਰ ਨੇਪਾਲੀ ਕਾਂਗਰਸ ਨੇ ਸਮਰਥਨ ਵਾਪਸ ਲੈ ਲਿਆ, ਤਾਂ ਅਸਤੀਫਾ ਅਟੱਲ ਹੋ ਗਿਆ।

ਓਲੀ ਦੇ ਅਸਤੀਫੇ ਤੋਂ ਬਾਅਦ, ਸੁਸ਼ੀਲਾ ਕਾਰਕੀ ਦੀ ਨਿਯੁਕਤੀ ਨੇ ਨੇਪਾਲ ਦੀ ਸਿਆਸਤ ਵਿਚ ਇੱਕ ਨਵਾਂ ਅਧਿਆਇ ਸ਼ੁਰੂ ਕੀਤਾ ਅਤੇ 12 ਸਤੰਬਰ 2025 ਨੂੰ, ਰਾਸ਼ਟਰਪਤੀ ਰਾਮਚੰਦਰ ਪੌਡੇਲ ਨੇ 73 ਸਾਲੀ ਕਾਰਕੀ ਨੂੰ ਅੰਤਰਿਮ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾਈ। ਕਾਰਕੀ, ਜੋ 2016-2017 ਵਿਚ ਨੇਪਾਲ ਦੀ ਪਹਿਲੀ ਮਹਿਲਾ ਮੁੱਖ ਨਿਆਇਕਾ ਰਹੀ, ਨੂੰ ਉਨ੍ਹਾਂ ਦੀ ਭ੍ਰਿਸ਼ਟਾਚਾਰ ਵਿਰੋਧੀ ਇਮੇਜ਼ ਕਾਰਨ ਚੁਣਿਆ ਗਿਆ। ਇਹ ਨਿਯੁਕਤੀ ਪ੍ਰਦਰਸ਼ਨਕਾਰੀਆਂ, ਫੌਜ ਅਤੇ ਰਾਸ਼ਟਰਪਤੀ ਵਿਚਕਾਰ ਗੱਲਬਾਤ ਦਾ ਨਤੀਜਾ ਸੀ। ਕਾਰਕੀ ਨੂੰ ਨੌਜਵਾਨ ਨੇਤਾਵਾਂ ਅਤੇ ਸਮਾਜਿਕ ਸੰਗਠਨਾਂ ਨੇ ਸਮਰਥਨ ਦਿੱਤਾ, ਜਿਨ੍ਹਾਂ ਨੇ ਡਿਸਕਾਰਡ ਅਤੇ ਵੀ.ਪੀ.ਐੱਨ. ਵਰਗੇ ਪਲੇਟਫਾਰਮਾਂ 'ਤੇ ਆਪਣੀ ਮੁਹਿੰਮ ਨੂੰ ਸੰਗਠਿਤ ਕੀਤਾ। ਸੰਸਦ ਨੂੰ ਭੰਗ ਕਰਕੇ ਮਾਰਚ 2026 ਤੱਕ ਨਵੀਆਂ ਚੋਣਾਂ ਦੀ ਘੋਸ਼ਣਾ ਕੀਤੀ ਗਈ ਹੈ ਅਤੇ ਕਾਰਕੀ ਨੂੰ ਨਵੇਂ ਮੰਤਰੀਆਂ ਦੀ ਨਿਯੁਕਤੀ ਅਤੇ ਸਥਿਰਤਾ ਲਿਆਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਪਰ, ਸਿਆਸੀ ਪਾਰਟੀਆਂ ਵਿਚਕਾਰ ਬੇਭਰੋਸਗੀ ਅਤੇ ਰਾਸ਼ਟਰੀਆ ਪ੍ਰਜਾਤੰਤਰ ਪਾਰਟੀ ਦੀਆਂ ਰਾਜਸ਼ਾਹੀ ਅਤੇ ਹਿੰਦੂ ਰਾਸ਼ਟਰ ਦੀਆਂ ਮੰਗਾਂ ਨੇ ਸਥਿਤੀ ਨੂੰ ਪੇਚੀਦਾ ਬਣਾਇਆ ਹੋਇਆ ਹੈ। ਨੇਪਾਲੀ ਕਾਂਗਰਸ ਦੇ ਸ਼ੇਰ ਬਹਾਦੁਰ ਦੇਉਬਾ ਅਤੇ ਕਮਿਊਨਿਸਟ ਪਾਰਟੀ (ਯੂਨੀਫਾਈਡ ਮਾਰਕਸਿਸਟ-ਲੈਨਿਨਿਸਟ) ਦੇ ਅੰਦਰੂਨੀ ਝਗੜੇ ਵੀ ਸਰਕਾਰ ਗਠਨ ਨੂੰ ਮੁਸ਼ਕਿਲ ਬਣਾ ਰਹੇ ਹਨ।

ਇਸ ਸੰਕਟ ਦੇ ਅਰਥਿਕ ਪ੍ਰਭਾਵ ਬਹੁਤ ਗੰਭੀਰ ਹਨ। ਨੇਪਾਲ, ਜੋ ਵਿਦੇਸ਼ੀ ਰੈਮਿਟੈਂਸ (ਅਰਥਵਿਵਸਥਾ ਦਾ 29.1%) ਅਤੇ ਸੈਰ-ਸਪਾਟੇ 'ਤੇ ਨਿਰਭਰ ਹੈ, ਨੂੰ ਭਾਰੀ ਨੁਕਸਾਨ ਹੋਇਆ। ਅੰਤਰਰਾਸ਼ਟਰੀ ਹਵਾਈ ਅੱਡੇ ਦਾ ਬੰਦ ਹੋਣਾ ਅਤੇ ਬੈਂਕਾਂ ਦੀ ਲੁੱਟ ਨੇ ਵਿੱਤੀ ਪ੍ਰਣਾਲੀ ਨੂੰ ਹਿੱਲਾ ਦਿੱਤਾ। ਖੇਤੀਬਾੜੀ, ਜੋ ਅਰਥਵਿਵਸਥਾ ਦਾ 31.7% ਪ੍ਰਦਾਨ ਕਰਦੀ ਹੈ, ਬਜ਼ਾਰਾਂ ਦੇ ਬੰਦ ਹੋਣ ਨਾਲ ਪ੍ਰਭਾਵਿਤ ਹੋਈ। ਸੈਰ-ਸਪਾਟਾ, ਜੋ ਮਾਊਂਟ ਐਵਰੈਸਟ ਅਤੇ ਨੈਸ਼ਨਲ ਪਾਰਕਾਂ 'ਤੇ ਨਿਰਭਰ ਹੈ, ਠੱਪ ਹੋ ਗਿਆ। ਦੇਸ਼ ਦੀ 23.8% ਵਸੋਂ, ਜੋ ਗਰੀਬੀ ਰੇਖਾ ਤੋਂ ਹੇਠਾਂ ਹੈ, ਹੁਣ ਹੋਰ ਸੰਕਟ ਵਿਚ ਹੈ। ਸੁਪਰੀਮ ਕੋਰਟ ਦੇ 15 ਜਨਵਰੀ 2025 ਦੇ ਵਾਤਾਵਰਣ ਸੰਭਾਲ ਸੰਬੰਧੀ ਫੈਸਲੇ, ਜਿਨ੍ਹਾਂ ਨੇ ਜਲਵਿਦਿਅਤ ਅਤੇ ਹੋਟਲ ਪ੍ਰੋਜੈਕਟਾਂ ਨੂੰ ਰੱਦ ਕੀਤਾ, ਸੰਕਟ ਦੇ ਸਮੇਂ ਅਸਰਹੀਣ ਜਾਪਦੇ ਹਨ। ਵਿਦੇਸ਼ੀ ਪ੍ਰਭਾਵ ਨੇ ਵੀ ਸੰਕਟ ਨੂੰ ਗੰਭੀਰ ਕੀਤਾ ਹੈ। ਭਾਰਤ, ਜਿਸ ਨਾਲ ਨੇਪਾਲ ਦੇ ਇਤਿਹਾਸਕ ਅਤੇ ਸੱਭਿਆਚਾਰਕ ਸਬੰਧ ਹਨ, ਰਾਜਸ਼ਾਹੀ ਦੀ ਵਾਪਸੀ ਦਾ ਸਮਰਥਨ ਨਹੀਂ ਕਰਦਾ, ਪਰ ਚੀਨ ਦੇ ਬੈਲਟ ਐਂਡ ਰੋਡ ਇਨੀਸ਼ੀਏਟਿਵ ਪ੍ਰੋਜੈਕਟ ਨੇ ਨੇਪਾਲ ਨੂੰ ਆਰਥਿਕ ਨਿਰਭਰਤਾ ਦੇ ਜਾਲ ਵਿਚ ਫਸਾਇਆ। ਓਲੀ ਦਾ ਅਸਤੀਫਾ ਕੁਝ ਹੱਦ ਤੱਕ ਚੀਨ-ਵਿਰੋਧੀ ਸੰਕੇਤ ਵਜੋਂ ਵੇਖਿਆ ਜਾ ਰਿਹਾ ਹੈ। ਅਮਰੀਕੀ ਦਖਲ ਦੀਆਂ ਅਫਵਾਹਾਂ, ਜਿਵੇਂ ਯੂਨਾਈਟੇਡ ਸਟੇਟਸ ਏਜੰਸੀ ਫੋਰ ਇੰਟਰਨੈਸ਼ਨਲ ਡਿਵੈਲਪਮੈਂਟ ਵਰਗੀਆਂ ਸੰਸਥਾਵਾਂ ਦੁਆਰਾ ਨੌਜਵਾਨ ਅੰਦੋਲਨਾਂ ਨੂੰ ਸਮਰਥਨ ਨੇ ਸਿਆਸੀ ਚਰਚਾ ਨੂੰ ਹੋਰ ਪੇਚੀਦਾ ਕਰ ਦਿੱਤਾ। ਕੁਝ ਵਿਸ਼ਲੇਸ਼ਕ ਇਸ ਨੂੰ ਅਮਰੀਕੀ ਸਮਰਥਿਤ ਰੀਜੀਮ ਚੇਂਜ ਵਜੋਂ ਵੇਖਦੇ ਹਨ, ਜਦਕਿ ਹੋਰ ਮੰਨਦੇ ਹਨ ਕਿ ਇਹ ਨੌਜਵਾਨਾਂ ਦੀ ਸਵੈਇੱਛਤ ਬਗ਼ਾਵਤ ਹੈ।

ਸੁਸ਼ੀਲਾ ਕਾਰਕੀ ਦੀ ਨਿਯੁਕਤੀ ਨੇਪਾਲੀ ਲੋਕਤੰਤਰ ਲਈ ਇੱਕ ਇਤਿਹਾਸਕ ਮੌਕਾ ਹੈ। ਉਨ੍ਹਾਂ ਦੀ ਭ੍ਰਿਸ਼ਟਾਚਾਰ ਵਿਰੋਧੀ ਇਮੇਜ਼ ਅਤੇ ਨਿਆਂਇਕ ਅਨੁਭਵ ਨੇ ਨੌਜਵਾਨਾਂ ਵਿਚ ਉਮੀਦ ਜਗਾਈ ਹੈ। ਪਰ, ਚੁਣੌਤੀਆਂ ਵੀ ਬਹੁਤ ਹਨ। ਰਾਸ਼ਟਰੀਆ ਪ੍ਰਜਾਤੰਤਰ ਪਾਰਟੀ ਦੀਆਂ ਮੰਗਾਂ, ਸੰਘੀਅਤਾ ਦੇ ਵਿਵਾਦ ਅਤੇ ਸਿਆਸੀ ਪਾਰਟੀਆਂ ਵਿਚਕਾਰ ਬੇਭਰੋਸਗੀ ਨੇ ਸਰਕਾਰ ਗਠਨ ਨੂੰ ਮੁਸ਼ਕਿਲ ਬਣਾਇਆ ਹੈ। ਨੇਪਾਲ ਨੂੰ ਸਥਿਰਤਾ ਲਈ ਨਿਰਪੱਖ ਨਿਆਂ ਪ੍ਰਣਾਲੀ, ਭ੍ਰਿਸ਼ਟਾਚਾਰ ਵਿਰੁੱਧ ਸਖ਼ਤ ਕਾਨੂੰਨ ਅਤੇ ਨੌਜਵਾਨਾਂ ਲਈ ਰੁਜ਼ਗਾਰ ਸਕੀਮਾਂ ਦੀ ਜ਼ਰੂਰਤ ਹੈ। ਸੰਘੀਅਤਾ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਪ੍ਰਾਂਤੀ ਸਰਕਾਰਾਂ ਨੂੰ ਵਧੇਰੇ ਸੱਤਾ ਦੇਣੀ ਪਵੇਗੀ। ਵਿਦੇਸ਼ੀ ਪ੍ਰਭਾਵ, ਖਾਸ ਕਰਕੇ ਭਾਰਤ ਅਤੇ ਚੀਨ ਨੂੰ ਸੰਤੁਲਿਤ ਕਰਨ ਲਈ ਨਿਰਪੱਖ ਵਿਦੇਸ਼ ਨੀਤੀ ਅਪਣਾਉਣੀ ਪਵੇਗੀ। ਸੁਸ਼ੀਲਾ ਕਾਰਕੀ ਦੀ ਅਗਵਾਈ ਵਿਚ ਨਵੀਂ ਸਰਕਾਰ ਦੇਸ਼ ਨੂੰ ਸਥਿਰਤਾ ਵੱਲ ਲੈ ਜਾ ਸਕਦੀ ਹੈ, ਜੇਕਰ ਉਹ ਨੌਜਵਾਨਾਂ ਦੀ ਊਰਜਾ ਅਤੇ ਸਮਾਜਿਕ ਮੰਗਾਂ ਨੂੰ ਸੰਬੋਧਿਤ ਕਰਦੀ ਹੈ। ਨਹੀਂ ਤਾਂ, ਰਾਸ਼ਟਰੀਆ ਪ੍ਰਜਾਤੰਤਰ ਪਾਰਟੀ ਦੀਆਂ ਮੰਗਾਂ ਅਤੇ ਸਿਆਸੀ ਅਸਥਿਰਤਾ ਦੇਸ਼ ਨੂੰ ਹੋਰ ਅਰਾਜਕਤਾ ਵੱਲ ਧੱਕ ਸਕਦੀਆਂ ਹਨ। ਇਹ ਸੰਕਟ ਨੇਪਾਲ ਦੇ ਇਤਿਹਾਸ ਵਿਚ ਇੱਕ ਨਵਾਂ ਅਧਿਆਇ ਲਿਖ ਰਿਹਾ ਹੈ, ਜਿੱਥੇ ਬਦਲਾਅ ਦੀ ਉਮੀਦ ਅਤੇ ਵਿਨਾਸ਼ ਦਾ ਡਰ ਸਮਾਨ ਰੂਪ ਵਿਚ ਮੌਜੂਦ ਹਨ।

# ਕਿਸ਼ਤ

## ਮਿੰਨੀ ਕਹਾਣੀ


ਮਾਸਟਰ ਬਚਿੱਤਰ ਸਿੰਘ
ਬੁਢਲਾਡਾ
(Punjab Mail USA



ਸਵੇਰੇ ਅੰਮ੍ਰਿਤ ਵੇਲੇ ਗੁਰਦੁਆਰਾ ਸਾਹਿਬ ਦੇ ਭਾਈ ਜੀ ਨੇ ਆਵਾਜ਼ ਦਿੱਤੀ, ਉੱਠੋ ਪਿਆਰਿਓ ਇਸ਼ਨਾਨ ਕਰੋ ਗੁਰੂ ਘਰ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰੋ, ਤਾਂ ਬੰਤਾ ਸਿਓਂ ਜੋ ਹੁਣੇ ਆਪਣੇ ਮਾਲਕਾਂ ਦੇ ਨਾਲ ਰਾਤ ਦਾ ਮੋਟਰ ਦੀ ਵਾਰੀ 'ਤੇ ਗਿਆ ਹੋਇਆ ਸੀ, ਘਰ ਪਰਤਿਆ। ਉਸ ਨੇ ਆਪਣੇ ਘਰਵਾਲੀ ਨੂੰ ਜਗਾਉਂਦੇ ਹੋਏ ਕਿਹਾ, ਉੱਠ ਭਾਗਵਾਨੇ ਚਾਹ ਧਰ ਲੈ, ਮੈਂ ਫਿਰ ਸਰਦਾਰਾਂ ਦੀਆਂ ਸੰਨੀਆ ਰਲਾਉਣੀਆਂ ਨੇ, ਨਾਲੇ ਤੂੰ ਵੀ ਆਪਣੇ ਡੰਗਰਾਂ ਨੂੰ ਕੱਖ ਪਾ ਦੇ'। ਦੀਪੋ ਉੱਠ ਖੜ੍ਹੀ ਹੋਈ ਅਤੇ ਚਾਹ ਧਰਦੀ ਹੋਈ ਬੋਲੀ, 'ਤੈਨੂੰ ਪਤਾ, ਅੱਜ 2 ਕਿਸਤਾਂ ਨੇ ਭਰਨ ਵਾਲੀਆਂ, ਮੇਰੇ ਕੋਲ ਇੱਕ ਦਾ ਵੀ ਪ੍ਰਬੰਧ ਨਹੀਂ, ਤੂੰ ਲੈ ਆ ਕਿਧਰੋਂ ਕੁਝ ਨਾ ਕੁਝ', ਮੈਂ ਚਾਚੇ ਨੂੰ ਕਿਹਾ ਸੀ, ਪਰ ਚਾਚਾ ਵੀ ਜਵਾਬ ਦੇ ਗਿਆ ਕਹਿੰਦਾ, ਆੜ੍ਹਤੀਏ ਨੇ ਪੈਸੇ ਨਹੀਂ ਦਿੱਤੇ, ਫੇਰ ਹੁਣ ਮੈਂ ਦੱਸ ਕੀ ਕਰੂ, ਇਥੇ ਕਮੇਟੀ ਵਾਲੀਆਂ ਬੁੜ੍ਹੀਆਂ ਇਕੱਠੀਆਂ ਹੋ ਕੇ, ਮੇਰਾ ਦਿਮਾਗ ਖਾਣਗੀਆਂ, ਉਹ ਤਾਂ ਕਿਸੇ ਦੀ ਸੁਣਦੀਆਂ ਵੀ ਨਹੀਂ। ਇਨ੍ਹਾਂ ਆਖ ਫਿਰ ਦੀਪੋ, ਡੰਗਰਾਂ ਨੂੰ ਪੱਠੇ ਪਾਉਣ ਲੱਗ ਪਈ। ਕਿਸ਼ਤ ਦੀ ਚਿੰਤਾ ਵਿਚ ਉਹ ਚੁੱਲ੍ਹੇ 'ਤੇ ਧਰੀ ਚਾਹ ਵੀ ਭੁੱਲ ਗਈ। ਚਾਹ ਮੱਚ ਗਈ, ਬੰਤੇ ਨੇ ਕਿਹਾ, ਚੱਲ ਕੋਈ ਨਾ, ਮੈਂ ਤਾਂ ਸਰਦਾਰਾਂ ਦੇ ਜਾ ਕੇ ਚਾਹ ਪੀ ਲਊ। ਫੇਰ ਦੀਪੋ ਘਰੋਂ ਨਿਕਲ ਜਾਂਦੀ ਹੈ।

ਉਸ ਨੇ ਕਿਸ਼ਤ ਦਾ ਕੋਈ ਜੁਗਾੜ ਕਰਨੈ, ਭਾਈ ਸਾਹਿਬ ਨੇ ਨਿਤਨੇਮ ਦਾ ਭੋਗ ਪਾ ਦਿੱਤਾ। ਦੀਪੋ ਇਸੇ ਚਿੰਤਾ ਵਿਚ ਆਪਣੇ ਅਗਵਾੜ ਤੋਂ ਦੂਜੇ ਅਗਵਾੜ ਵਿਚ ਜਾਂ ਪਹੁੰਚਦੀ ਹੈ। ਕਈ ਘਰਾਂ ਦੇ ਜਾਣ ਤੋਂ ਬਾਅਦ ਆਖਰ ਉਹ ਵਾਪਸ ਆਪਣੇ ਅਗਵਾੜ ਵੱਲ ਆ ਜਾਂਦੀ ਹੈ। ਇਸ ਗੱਲ ਨੂੰ ਲੈ ਕੇ ਉਸ ਦੀ ਚਿੰਤਾ ਇੰਨੀ ਵਧੀ ਪਈ ਸੀ ਕਿ ਜੇਕਰ ਸਾਰੀਆਂ ਬੁੜੀਆਂ ਇਕੱਠੀਆਂ ਹੋ ਕੇ ਉਸ ਦੇ ਘਰੇ ਆ ਗਈਆਂ, ਤਾਂ ਉਸ ਨੂੰ ਉਨ੍ਹਾਂ ਦਾ ਸਾਹਮਣਾ ਕਰਨਾ ਔਖਾ ਹੋ ਜਾਵੇਗਾ। ਉਹ ਬੇਬੱਸ ਹੋਈ ਘਰੋ-ਘਰੀਂ ਪੈਸੇ ਮੰਗਦੀ ਫਿਰਦੀ ਸੀ, ਪਰ ਕੋਈ 100 ਦੇਵੇ ਤੇ ਕੋਈ 200, ਮਸਾਂ ਉਸ ਤੋਂ ਇੱਕ ਕਿਸ਼ਤ ਦਾ ਹੀ ਹੱਲ ਹੋਇਆ। ਇਸੇ ਫਿਕਰ ਵਿਚ ਉਹ ਆਪਣੇ ਘਰ ਦੇ ਅੱਗੇ ਦੀ ਲੰਘੀ ਜਾ ਰਹੀ ਸੀ, ਤਾਂ ਪਿੱਛੋਂ ਇੱਕ ਜਵਾਕ ਨੇ ਬੇਬੇ ਦੀਪੋ ਨੂੰ ਹਾਕ ਮਾਰਦਿਆਂ ਕਿਹਾ 'ਮਾਤਾ ਤੇਰਾ ਘਰ ਤਾਂ ਇਹੀ ਹੈ, ਦੇਖੀ ਕਿਤੇ ਕਿਸ਼ਤਾਂ ਦੇ ਚੱਕਰ ਵਿਚ ਆਪ 'ਕਿਸ਼ਤ' ਨਾ ਹੋ ਜਾਵੀ। ਬੱਚੇ ਦੇ ਸਹਿਜ ਸੁਭਾਅ ਆਖੇ ਸ਼ਬਦਾਂ ਨੇ ਮਾਤਾ ਨੂੰ ਧੁਰ ਅੰਦਰੋਂ ਹਲੂਣ ਦਿੱਤਾ ਸੀ, ਫਿਰ ਲੰਬਾ ਜਿਹਾ ਹੌਂਕਾ ਭਰ ਕੇ ਕਿੰਨਾ ਚਿਰ ਉਹ ਕਿਸ਼ਤ ਸ਼ਬਦ ਨੂੰ ਲੈ ਕੇ ਬੁੜਬੜਾਉਂਦੀ ਰਹੀ।

# ਸਮੇਂ ਦੇ ਬਦਲਦੇ ਰੰਗ ਵੇਖੋ ...



ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ
559-285-0841
ਪੰਜਾਬ ਮੇਲ USA



ਸਿਆਣਿਆਂ ਨੇ ਸੱਚ ਆਖਿਆ ਕਿ ਸਮੇਂ ਨੂੰ ਬਦਲਦਿਆਂ ਦੇਰ ਨਹੀਂ ਲੱਗਦੀ, ਅੱਜ ਹੋਰ ਤੇ ਕੱਲ੍ਹ ਨੂੰ ਹੋਰ, ਇਸ ਨੇ ਬਦਲਣਾ ਹੀ ਹੁੰਦਾ ਹੈ। ਜੇਕਰ ਗੱਲ ਕਰੀਏ ਥੋੜ੍ਹਾ ਜਾਂ ਪਿਛਲੇ ਲੰਘੇ ਸਮੇਂ ਨਾਲੋਂ ਅੱਜ ਹਾਲਾਤ ਅਤੇ ਸਮਾਂ ਬਹੁਤ ਜ਼ਿਆਦਾ ਬਦਲ ਚੁੱਕਿਆ ਹੈ। ਕਿਸੇ ਸਮੇਂ ਪਾਕਿਸਤਾਨ ਤੋਂ ਆਏ ਸਾਡੇ ਬਜ਼ੁਰਗਾਂ ਦਾ ਸਮਾਂ ਸੀ, ਜਿਸ ਨੂੰ ਵੀ ਅਸੀਂ ਅੱਜ ਇੱਕ ਚੰਗਾ ਸਮਾਂ ਆਖ ਕੇ ਵਡਿਆਉਂਦੇ ਹਾਂ ਕਿ ਉਹ ਅੱਜ ਨਾਲੋਂ ਜ਼ਰੂਰ ਚੰਗਾ ਸਮਾਂ ਸੀ, ਭਾਵੇਂ ਕਿਹੋ ਜਿਹਾ ਵੀ। ਇਹ ਗੱਲ ਠੀਕ ਹੈ ਕਿ ਵਿਛੋੜੇ ਅਤੇ ਉਜੜਨ ਦਾ ਦੁੱਖ ਹਰ ਇੱਕ ਨੂੰ ਹੁੰਦਾ ਹੈ ਪਰ ਜੇਕਰ ਅਗਾਂਹ ਜਾ ਕੇ ਹੋਰ ਵੀ ਜ਼ਿਆਦਾ ਮਾੜਾ ਸਮਾਂ ਆ ਜਾਵੇ, ਤਾਂ ਪਿਛਲੇ ਨੂੰ ਯਾਦ ਜ਼ਰੂਰ ਕਰਦੇ ਹਾਂ। ਸਮੇਂ ਨੇ ਆਪਣੀ ਮਾਰੀ ਪਲਟੀ ਸਦਕਾ ਸਭ ਕੁਝ ਤਹਿਸ-ਨਹਿਸ ਕਰਕੇ ਰੱਖ ਦਿੱਤਾ। ਨਾ ਓਹ ਗੱਲਾਂ ਰਹੀਆਂ, ਨਾ ਬਾਤਾਂ, ਨਾ ਉਹ ਪਿਆਰ, ਨਾ ਮੁਹੱਬਤ, ਜਦ ਇਕੱਠੇ ਬੈਠ ਕੇ ਚਾਂਬੜਾਂ ਪਾਉਂਦੇ ਸੀ ਅਤੇ ਰਿਸ਼ਤੇਦਾਰਾਂ ਵਿਚ ਮੇਲ ਮਿਲਾਪ ਹੁੰਦਾ ਸੀ, ਕਿੱਥੇ ਗਈਆਂ ਉਹ ਗੱਲਾਂ ਕੁਝ ਵੀ ਯਾਦ ਨਹੀਂ ਹੈ। ਅੱਜ ਬਦਲ ਚੁੱਕੇ ਸਮੇਂ ਨੌਜਵਾਨੀ ਨੂੰ ਸਭ ਤੋਂ ਵੱਧ ਫੇਟ ਮਾਰੀ ਹੈ ਕਿਉਂਕਿ ਨੌਜਵਾਨੀ ਇਸਦੀ ਲਪੇਟ ਵਿਚ ਆ ਕੇ ਸਾਰਾ ਕੁਝ ਭੁੱਲ ਚੁੱਕੀ ਹੈ।

ਕਿਸੇ ਸਮੇਂ ਸਾਡੀਆਂ ਬਜ਼ੁਰਗ ਮਾਂਵਾਂ ਤੰਦੂਰ ਵਿਚ ਰੋਟੀ ਲਾਹੁੰਦੀਆਂ ਸਨ ਅਤੇ ਘਰਾਂ ਵਿਚ ਬੈਠ ਕੇ ਸੇਵੀਆਂ ਵੱਟਦੀਆਂ ਸੀ। ਕਿੱਡਾ ਪਿਆਰ ਤੇ ਮੁਹੱਬਤ ਦੀਆਂ ਗੱਲਾਂ ਹੁੰਦੀਆਂ ਸਨ ਸਾਰੀਆਂ। ਉਸ ਤੋਂ ਵੀ ਜ਼ਿਆਦਾ ਭੱਠੀ 'ਤੇ ਦਾਣੇ ਭੁੰਨਾਉਣ ਤੋਂ ਲੈ ਕੇ ਪਿੰਡ ਦੀਆਂ ਸੱਥਾਂ ਵਿਚ ਜੁੜਦੀ ਮਹਿਫ਼ਲ ਸਦਾ ਚਰਚਾ ਦਾ ਵਿਸ਼ਾ ਹੁੰਦੀ ਸੀ। ਵਿਆਹਾਂ ਵਿਚ ਕੜਾਹੀ 'ਤੇ ਇਕੱਠ ਅਤੇ ਫੇਰ ਉਸ ਤੋਂ ਬਾਅਦ ਪਿੰਡ ਦੇ ਮੁੰਡਿਆਂ ਵੱਲੋਂ ਇਕੱਠੇ ਹੋ ਕੇ ਮੰਜੇ ਬਿਸਤਰੇ ਇਕੱਠੇ ਕਰਨ ਨੂੰ ਇਕ ਵੱਡੀ ਗੱਲ ਮੰਨਿਆ ਜਾਂਦਾ ਸੀ, ਜਿਸ ਦੇ ਬਿਨਾਂ ਵਿਆਹ ਸੰਪੂਰਨ ਨਹੀਂ ਸੀ ਹੁੰਦਾ। ਨੌਜਵਾਨਾਂ ਵੱਲੋਂ ਆਪਣੇ ਦੋਸਤਾਂ-ਮਿੱਤਰਾਂ ਸੰਗ ਰਲ ਕੇ ਖੇਡੀ ਜਾਂਦੀ ਗੁੱਲੀ ਡੰਡੇ ਦੀ ਖੇਡ ਵੀ ਅੱਜ ਅਲੋਪ ਹੋ ਚੁੱਕੀ ਹੈ। ਹਾਂ ਪਿੰਡਾਂ ਵਿਚ ਬਜ਼ੁਰਗ ਲੋਕ ਤਾਸ਼ ਜ਼ਰੂਰ ਖੇਡਦੇ ਵਿਖਾਈ ਦਿੰਦੇ ਹਨ। ਭੱਠੀ 'ਤੇ ਦਾਣੇ ਭੁੰਨਣ ਵਾਲੀ ਤਾਈ ਦੀ ਚਰਚਾ ਨੂੰ ਅੱਜ ਦਾ ਕਿਹੜਾ ਨੌਜਵਾਨ ਹੈ, ਜੋ ਚੇਤੇ ਕਰਦਾ ਹੋਵੇਗਾ। ਕਿਸੇ ਟਾਈਮ ਓਨਾ ਭੱਠੀਆਂ ਉੱਤੇ ਲਾਈਨਾਂ ਲੱਗਦੀਆਂ ਸਨ। ਬੀਤੇ ਸਮੇਂ ਦੀਆਂ ਚੀਸਾਂ ਬਣ ਕੇ ਰਹਿ ਗਈਆਂ ਨੇ ਇਹ ਗੱਲਾਂ। ਅੱਜ ਦੇ ਨੌਜਵਾਨਾਂ ਨੂੰ ਇੰਟਰਨੈੱਟ ਜਾਂ ਸੋਸ਼ਲ ਮੀਡੀਆ ਤੋਂ ਹੀ ਵਿਹਲ ਨਹੀਂ, ਉਸ ਨੇ ਸਾਰਾ ਕੁਝ ਜੋ ਸਾਡੀ ਵਿਰਾਸਤ ਸੀ, ਭੁਲਾ ਕੇ ਰੱਖ ਦਿੱਤਾ ਹੈ ਅੱਜ ਦੀ ਪੀੜ੍ਹੀ ਨੂੰ।

ਜੇਕਰ ਲੰਘੇ ਬਜ਼ੁਰਗਾਂ ਦੀ ਗ੍ਰਹਿਸਥੀ ਜ਼ਿੰਦਗੀ 'ਤੇ ਝਾਤ ਮਾਰੀਏ ਤਾਂ ਉੱਥੇ ਵੀ ਕਾਫ਼ੀ ਕੁਝ ਬਦਲਿਆ ਨਜ਼ਰੀਂ ਪੈਂਦਾ ਹੈ। ਉਨ੍ਹਾਂ ਸਮਿਆਂ ਅੰਦਰ ਹਰ ਪਰਿਵਾਰ ਵਿਚ ਅੱਧੀ ਦਰਜਨ ਦੇ ਕਰੀਬ ਨਿਆਣੇ ਪੈਦਾ ਹੁੰਦੇ ਸਨ, ਜੋ ਅੱਜ ਘੱਟ ਕੇ ਮਹਿਜ਼ ਇੱਕ ਜਾਂ ਦੋ ਤੱਕ ਸਿਮਟ ਚੁੱਕੇ ਹਨ। ਅਸੀਂ ਉਥੇ ਵੀ ਮਾਰ ਖਾ ਚੁੱਕੇ ਹਾਂ। ਲੰਘੇ ਸਮੇਂ ਸਾਡੇ ਪਿੰਡਾਂ ਕੰਨੀ ਇੱਕ ਬਜ਼ੁਰਗ ਦੇ ਘਰ ਪੈਦਾ ਹੋਏ ਇੱਕ ਦਰਜਨ ਤੋਂ ਜ਼ਿਆਦਾ ਬੱਚਿਆਂ ਨੇ ਅਕਸਰ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਦੀ ਵੱਡੀ ਕੋਸ਼ਿਸ਼ ਕੀਤੀ ਸੀ ਪਰ ਹੁਣ ਉਹ ਸਮੇਂ ਕਿੱਥੇ। ਸਭ ਕੁਝ ਗੁਆਚ ਚੁੱਕਿਆ ਹੈ, ਸ਼ੋਹਰਤ ਅਤੇ ਪੈਸੇ ਦੀ ਲਾਲਸਾ ਦੇ ਧੱਕੇ ਚੜ੍ਹ ਕੇ ਇਨਸਾਨ ਗੁਰਬਤ ਦੀ ਹਨ੍ਹੇਰੀ ਵਿਚ ਗੁਆਚਦਾ ਜਾ ਰਿਹਾ ਹੈ। ਬਹੁਤ ਸਾਰੇ ਲੋਕ ਪ੍ਰਮਾਤਮਾ ਦੀ ਰਜ਼ਾ ਤੋਂ ਬਾਹਰ ਹੋ ਕੇ ਅਜਿਹੇ ਗ਼ਲਤ ਕੰਮ ਕਰ ਬੈਠਦੇ ਹਨ, ਜੋ ਕਿਸੇ ਨੂੰ ਵੀ ਮਨਜ਼ੂਰ ਨਹੀਂ ਹੁੰਦੇ। ਅੱਜਕੱਲ੍ਹ ਲੋਕਾਂ ਵੱਲੋਂ ਆਮ ਹਰ ਤਰ੍ਹਾਂ ਦੀਆਂ ਗੱਲਾਂ ਵਿਚ ਪ੍ਰਮਾਤਮਾ ਦਾ ਡਰ ਭੁਲਾ ਕੇ ਚੋਰੀ, ਝੂਠ ਅਤੇ ਬੇਈਮਾਨੀ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਇਹ ਆਮ ਤਰ੍ਹਾਂ ਦਾ ਵਰਤਾਰਾ ਹੋ ਚੁੱਕੈ, ਜੋ ਅਸੀਂ ਰੋਜ ਵੇਖਦੇ ਹਾਂ।

ਇੱਥੇ ਇੱਕ ਗੱਲ ਹੋਰ ਖਾਸ ਤੌਰ 'ਤੇ ਵਰਨਣਯੋਗ ਹੈ ਕਿ ਅੱਜਕੱਲ੍ਹ ਦੀ ਨੌਜਵਾਨ ਪੀੜ੍ਹੀ ਆਪਣੇ ਵਿਆਹ ਕਰਵਾਉਣ ਨੂੰ ਵੀ ਤਰਜੀਹ ਨਹੀਂ ਦੇ ਰਹੀ। ਉਨ੍ਹਾਂ ਦਾ ਆਖਣਾ ਹੈ ਕਿ ਪਹਿਲਾਂ ਪੜ੍ਹਾਈ ਕਰਨ ਤੋਂ ਬਾਅਦ ਹੀ ਉਨ੍ਹਾਂ ਵੱਲੋਂ ਵਿਆਹ ਦੀ ਗੱਲ ਕੀਤੀ ਜਾਵੇਗੀ। ਪਹਿਲਾਂ ਪੜ੍ਹਾਈ ਵਾਲੀ ਗੱਲ ਠੀਕ ਹੈ ਕਿ ਉਨ੍ਹਾਂ ਵੱਲੋਂ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਤੋਂ ਬਾਅਦ ਹੀ ਅਪਣੀ ਘਰ ਗ੍ਰਹਿਸਥੀ ਨੂੰ ਚਲਾਉਣ ਲਈ ਜੀਵਨ ਸਾਥੀ ਦੀ ਚੋਣ ਕਰਨ ਨੂੰ ਇੱਕ ਚੰਗੀ ਗੱਲ ਮੰਨਿਆ ਜਾਂਦਾ ਹੈ। ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਇਸ ਵੱਡੀ ਗੱਲ ਨੂੰ ਲੈ ਕੇ ਕਿੰਨੇ ਸਾਰੇ ਨੌਜੁਆਨ ਸੁਹਿਰਦ ਹੋ ਕੇ ਇਸ ਪਾਸੇ ਵੱਲ ਸੋਚਦੇ ਹਨ, ਨਹੀਂ ਤਾਂ ਬਹੁਤ ਸਾਰੇ ਗ਼ਲਤ ਰਸਤਿਆਂ ਵਿਚ ਪੈ ਕੇ ਆਪਣੇ ਸਹੀ ਜੀਵਨ ਸਾਥੀ ਦੀ ਚੋਣ ਹੀ ਨਹੀਂ ਕਰ ਪਾਉਂਦੇ, ਇਹ ਵੀ ਮਸਲਾ ਇਕ ਵੱਡੇ ਤੌਰ 'ਤੇ ਵਿਚਾਰਿਆ ਜਾ ਰਿਹਾ ਹੈ। ਪੰਜਾਬ ਅੰਦਰ ਹਰ ਰੋਜ਼ ਵੱਡੀ ਪੱਧਰ 'ਤੇ ਹੋ ਰਹੇ ਤਲਾਕ ਦੇ ਮਾਮਲਿਆਂ ਨੇ ਵੀ ਚਿੰਤਾ ਦਾ ਮਾਹੌਲ ਸਿਰਜ ਦਿੱਤਾ ਹੈ। ਹਰ ਰੋਜ਼ ਨੌਜਵਾਨ ਪੀੜ੍ਹੀ ਆਪਣੇ ਜੀਵਨ ਸਾਥੀਆਂ ਤੋਂ ਦੂਰ ਜਾ ਕੇ ਆਪਣੀ ਵੱਖਰੀ ਹੀ ਦੁਨੀਆਂ ਵਿਚ ਮਸਤ ਹੋਣ ਦਾ ਭਰਮ ਪਾਲਦੀ ਵਿਖਾਈ ਦਿੰਦੀ ਹੈ। ਇਹ ਕਿੰਨੀ ਕੁ ਸਹੀ ਹੈ, ਇਹ ਤਾਂ ਰੱਬ ਹੀ ਜਾਣੇ।


ਬਹੁਤ ਸਾਰੀਆਂ ਗੱਲਾਂ ਅਜਿਹੀਆਂ ਹਨ, ਜਿਨ੍ਹਾਂ ਦਾ ਫ਼ਰਕ ਪਿਛਲੇ ਸਮੇਂ ਨਾਲੋਂ ਜ਼ਿਆਦਾ ਪੈ ਚੁੱਕਿਆ ਹੈ। ਖ਼ਾਸਕਰ ਨੌਜਵਾਨ ਪੀੜ੍ਹੀ ਅਤੇ ਅੱਜ ਦੇ ਬੱਚੇ ਵੀ ਲੰਘੇ ਸਮਿਆਂ ਨਾਲੋਂ ਵੱਖਰੇ ਪ੍ਰਤੀਕਰਮ ਸਿਰਜਦੇ ਵਿਖਾਈ ਦਿੰਦੇ ਹਨ। ਠੀਕ ਐ ਸਾਇੰਸ ਦਾ ਯੁੱਗ ਹੈ, ਅਸੀਂ ਤਰੱਕੀ ਵੀ ਬਹੁਤ ਕਰ ਲਈ ਹੈ ਪਰ ਕੁਝ ਗੱਲਾਂ ਅਜਿਹੀਆਂ ਹਨ, ਜੋ ਸਾਨੂੰ ਵਿਨਾਸ਼ ਦੀ ਮੰਜ਼ਿਲ ਤੱਕ ਲੈ ਜਾਂਦੀਆਂ ਹਨ। ਉਨ੍ਹਾਂ ਤੋਂ ਗੁਰੇਜ਼ ਹੀ ਕਰਨ ਦੀ ਲੋੜ ਹੁੰਦੀ ਹੈ। ਸਮੇਂ ਦੇ ਬਦਲਦੇ ਰੰਗ ਵੇਖੋ। ਜੇਕਰ ਪਿਛਲੇ ਸਮੇਂ ਨਾਲੋਂ ਕੁੱਲ ਵਰਤਾਰੇ 'ਤੇ ਝਾਤੀ ਮਾਰੀਏ, ਤਾਂ ਬਹੁਤ ਕੁਝ ਬਦਲਿਆ ਨਜ਼ਰੀਂ ਪੈਂਦਾ ਹੈ। ਫਿਲਮਾਂ ਤੋਂ ਲੈ ਕੇ ਕਲਾਕਾਰੀ ਦੇ ਖੇਤਰ ਤੱਕ ਸਭ ਕੁਝ ਬਦਲ ਚੁੱਕਿਆ ਹੈ। ਮਸ਼ੀਨਰੀ ਨੇ ਵੀ ਆਪੋ-ਆਪ ਦੀ ਜਗ੍ਹਾ ਬਦਲਣ ਨੂੰ ਦੇਰ ਨਹੀਂ ਲਾਈ। ਜਹਾਜ਼ਾਂ ਨੇ ਦੁਨੀਆਂ ਨੂੰ ਇੱਕ ਪਿੰਡ ਦਾ ਰੂਪ ਦੇ ਦਿੱਤਾ ਹੈ। ਕਹਿਣ ਤੋਂ ਭਾਵ ਕੁੱਲ ਕਾਇਨਾਤੀ ਤੇ ਭਾਵੇਂ ਸਾਇੰਸ ਨੇ ਲੱਖ ਤਰੱਕੀ ਕੀਤੀ ਹੋਵੇ ਪਰ ਸੱਚ ਕਰਕੇ ਜਾਣਿਓ ਮਨਾਂ ਨੂੰ ਸ਼ਾਂਤੀ ਕਿੱਥੇ ਨਸੀਬ ਹੁੰਦੀ ਹੈ, ਜੋ ਪਿਛਲੇ ਸਮਿਆਂ ਅੰਦਰ ਮਿਲਦੀ ਸੀ, ਖੂਹਾਂ ਉੱਤੇ ਜੁੜਦੇ ਇਕੱਠ ਸਕੂਨ ਮਨ ਦੀ ਦਾਸਤਾਨ ਬਿਆਨ ਕਰਦੇ ਸਨ, ਜੋ ਅੱਜ ਸਾਨੂੰ ਕਿਤੇ ਵੀ ਵਿਖਾਈ ਨਹੀਂ ਦਿੰਦਾ। ਇਸ ਤੋਂ ਇਲਾਵਾ ਸੱਚਮੁਚ ਇਨਸਾਨ ਕਿੰਨਾ ਬਦਲ ਚੁੱਕਿਆ ਹੈ, ਇਸ ਦੀ ਅਸਲ ਪਰਿਭਾਸ਼ਾ ਤੁਹਾਨੂੰ ਉਦੋਂ ਵਿਖਾਈ ਦਿੰਦੀ ਹੈ, ਜਦੋਂ ਅਸੀਂ ਮੁੜਕੇ ਝਾਤ ਮਾਰਦੇ ਹਾਂ ਕਿ ਅਸੀਂ ਕਿੱਥੇ ਕੁ ਖੜ੍ਹੇ ਹਾਂ। ਬਿਲਕੁਲ ਸੱਚ ਹੈ ਕਿ ਅਸੀਂ ਸਮੇਂ ਦੇ ਅਨੁਸਾਰ ਬਦਲ ਚੁੱਕੇ ਹਾਂ।

# ਹੁਣ ਉਹ ਦਿਨ ਦੂਰ ਨਹੀਂ, ਜਦੋਂ ਰੋਬੋਟ ਵੀ ਮਨੁੱਖਾਂ ਵਾਂਗ ਬੱਚਿਆਂ ਨੂੰ ਜਨਮ ਦੇ ਸਕਣਗੇ

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ
ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA



ਚੀਨ ਇੱਕ ਅਨੋਖੀ ਤਕਨੀਕ ਵਿਕਸਤ ਕਰ ਰਿਹਾ ਹੈ। ਉਹ ਦਿਨ ਦੂਰ ਨਹੀਂ, ਜਦੋਂ ਰੋਬੋਟ ਮਨੁੱਖਾਂ ਵਾਂਗ ਬੱਚਿਆਂ ਨੂੰ ਜਨਮ ਦੇ ਸਕਣਗੇ। ਜੀ ਹਾਂ, ਇੱਕ ਚੀਨੀ ਤਕਨਾਲੋਜੀ ਕੰਪਨੀ ਨੇ ਇੱਕ ਅਜਿਹਾ ਰੋਬੋਟ ਵਿਕਸਿਤ ਕਰਨ ਦਾ ਦਾਅਵਾ ਕੀਤਾ ਹੈ, ਜੋ ਇੱਕ ਔਰਤ ਵਾਂਗ ਗਰਭਵਤੀ ਹੋਵੇਗਾ ਅਤੇ ਬੱਚੇ ਨੂੰ ਜਨਮ ਦੇਵੇਗਾ। ਚੀਨ ਦੀ ਕਾਵਾ ਤਕਨਾਲੋਜੀ ਦੇ ਸੰਸਥਾਪਕ ਅਤੇ ਸੀ.ਈ.ਓ. ਝਾਂਗ ਚਿਫੇਂਗ ਦੇ ਅਨੁਸਾਰ, ਇਹ ਮਨੁੱਖੀ ਰੋਬੋਟ ਇੱਕ ਨਕਲੀ ਬੱਚੇਦਾਨੀ ਨਾਲ ਲੈਸ ਹੋਵੇਗਾ, ਜਿਸ ਵਿਚ ਭਰੂਣ ਗਰਭ ਅਵਸਥਾ ਤੋਂ ਲੈ ਕੇ ਜਨਮ ਤੱਕ ਵਿਕਸਿਤ ਹੋ ਸਕੇਗਾ। ਇਸਦੀ ਕੀਮਤ 1 ਲੱਖ ਯੂਆਨ (ਲਗਭਗ 14 ਹਜ਼ਾਰ ਅਮਰੀਕੀ ਡਾਲਰ) ਤੋਂ ਘੱਟ ਰੱਖੀ ਜਾਵੇਗੀ ਅਤੇ ਇਹ ਅਗਲੇ ਇੱਕ ਸਾਲ ਵਿਚ ਬਾਜ਼ਾਰ ਵਿਚ ਉਪਲਬਧ ਹੋ ਸਕਦਾ ਹੈ। ਝਾਂਗ ਨੇ ਕਿਹਾ ਕਿ ਨਕਲੀ ਬੱਚੇਦਾਨੀ ਤਕਨਾਲੋਜੀ ਹੁਣ ਪੂਰੀ ਤਰ੍ਹਾਂ ਪਰਿਪੱਕ ਹੋ ਚੁੱਕੀ ਹੈ, ਅਤੇ ਇਸਨੂੰ ਰੋਬੋਟ ਦੇ ਪੇਟ ਵਿਚ ਫਿੱਟ ਕਰਨ ਨਾਲ, ਮਨੁੱਖਾਂ ਅਤੇ ਰੋਬੋਟਾਂ ਵਿਚਕਾਰ ਅਜਿਹਾ ਆਪਸੀ ਤਾਲਮੇਲ ਸੰਭਵ ਹੋਵੇਗਾ, ਜੋ ਭਰੂਣ ਦੇ ਵਿਕਾਸ ਵੱਲ ਲੈ ਜਾਵੇਗਾ। ਇਹ ਪ੍ਰਣਾਲੀ




ਇਨਕਿਊਬੇਟਰ ਤੋਂ ਵੱਖਰੀ ਹੋਵੇਗੀ, ਜਿੱਥੇ ਬੱਚੇਦਾਨੀ ਵਿਚ ਨਕਲੀ ਐਮਨੀਓਟਿਕ ਤਰਲ ਪਦਾਰਥ ਹੋਵੇਗਾ ਅਤੇ ਭਰੂਣ ਨੂੰ ਇੱਕ ਟਿਊਬ ਰਾਹੀਂ ਪੋਸ਼ਣ ਦਿੱਤਾ ਜਾਵੇਗਾ।

**ਇਨ੍ਹਾਂ ਲੋਕਾਂ ਨੂੰ ਹੋਵੇਗਾ ਫਾਇਦਾ:** ਇਹ ਤਕਨਾਲੋਜੀ ਖਾਸ ਤੌਰ 'ਤੇ ਉਨ੍ਹਾਂ ਨੌਜਵਾਨਾਂ ਲਈ ਵਿਕਸਿਤ ਕੀਤੀ ਜਾ ਰਹੀ ਹੈ, ਜੋ ਵਿਆਹ ਨਹੀਂ ਕਰਨਾ ਚਾਹੁੰਦੇ ਜਾਂ ਗਰਭ ਅਵਸਥਾ ਦੀ ਜੈਵਿਕ ਪ੍ਰਕਿਰਿਆ ਤੋਂ ਬਚਣਾ ਚਾਹੁੰਦੇ ਹਨ। ਝਾਂਗ ਦੇ ਅਨੁਸਾਰ, ਇਹ ਪ੍ਰੋਜੈਕਟ ਆਬਾਦੀ ਵਿਚ ਗਿਰਾਵਟ ਦੀ ਸਮੱਸਿਆ ਨੂੰ ਹੱਲ ਕਰਨ ਲਈ ਸ਼ੁਰੂ ਕੀਤਾ ਗਿਆ ਹੈ। ਕੰਪਨੀ ਨੇ ਇਸ 'ਤੇ ਗੁਆਂਗਡੋਂਗ ਸੂਬੇ ਦੇ ਅਧਿਕਾਰੀਆਂ ਨਾਲ ਫੋਰਮ ਆਯੋਜਿਤ ਕੀਤੇ ਹਨ ਅਤੇ ਨੈਤਿਕ ਅਤੇ ਕਾਨੂੰਨੀ ਪਹਿਲੂਆਂ 'ਤੇ ਨੀਤੀਗਤ ਪ੍ਰਸਤਾਵ ਵੀ ਪੇਸ਼ ਕੀਤੇ ਹਨ। 2015 ਵਿਚ ਸਥਾਪਿਤ ਕਾਇਵਾ ਤਕਨਾਲੋਜੀ ਪਹਿਲਾਂ ਹੀ ਬਹੁਤ ਸਾਰੇ ਸੇਵਾ ਅਤੇ ਰਿਸੈਪਸ਼ਨ ਰੋਬੋਟ ਬਣਾ ਚੁੱਕੀ ਹੈ। ਸਮਰਥਨ ਅਤੇ ਵਿਰੋਧ ਬਹੁਤ ਸਾਰੇ ਲੋਕ ਝਾਂਗ ਦੇ ਇਸ ਪ੍ਰੋਜੈਕਟ ਦਾ ਸਮਰਥਨ ਕਰ ਰਹੇ ਹਨ। ਕੁਝ ਲੋਕਾਂ ਨੇ ਇਸਨੂੰ ਔਰਤਾਂ ਲਈ ਗਰਭ ਅਵਸਥਾ ਦੇ ਸਰੀਰਕ ਬੋਝ ਨੂੰ ਖਤਮ ਕਰਨ ਲਈ ਇੱਕ ਕਦਮ ਦੱਸਿਆ ਅਤੇ ਕਿਹਾ ਕਿ ਜੇਕਰ ਕੀਮਤ ਕਿਫਾਇਤੀ ਹੈ, ਤਾਂ ਉਹ ਇਸਨੂੰ ਤੁਰੰਤ ਖਰੀਦਣਗੇ। ਇਸ ਦੇ ਨਾਲ ਹੀ, ਆਲੋਚਕਾਂ ਦਾ ਕਹਿਣਾ ਹੈ ਕਿ ਇਹ ਮਨੁੱਖੀ ਨੈਤਿਕਤਾ ਦੇ ਵਿਰੁੱਧ ਹੈ ਅਤੇ ਮਾਂ ਨਾਲ ਜੁੜੇ ਬਿਨਾਂ ਭਰੂਣ ਦਾ ਜਨਮ 'ਜ਼ਾਲਮ' ਹੋਵੇਗਾ। ਜੇਕਰ ਇਹ ਪ੍ਰੋਜੈਕਟ ਸਫਲ ਹੁੰਦਾ ਹੈ, ਤਾਂ ਬਾਂਝਪਨ ਤੋਂ ਪੀੜਤ ਲੋਕ ਵੀ ਬੱਚੇ ਪੈਦਾ ਕਰ ਸਕਣਗੇ।

**ਚੀਨ ਵਿਚ ਬਾਂਝਪਨ ਵਧ ਰਿਹਾ ਹੈ :** ਚੋਸੁਨ ਬਿਜ਼ ਦੀ ਇੱਕ ਰਿਪੋਰਟ ਦੇ ਅਨੁਸਾਰ, ਚੀਨ ਵਿਚ ਬਾਂਝਪਨ ਦਰ 2007 ਵਿਚ 11.9% ਤੋਂ ਵੱਧ ਕੇ 2020 ਵਿਚ 18% ਹੋ ਗਈ ਹੈ। ਬੀਜਿੰਗ ਅਤੇ ਸ਼ੰਘਾਈ ਵਰਗੇ ਸ਼ਹਿਰ ਹੁਣ ਮੈਡੀਕਲ ਬੀਮੇ ਦੇ ਤਹਿਤ ਨਕਲੀ ਗਰਭਧਾਰਨ ਅਤੇ ਆਈ.ਵੀ.ਐੱਫ. ਨੂੰ ਕਵਰ ਕਰ ਰਹੇ ਹਨ। 2022 ਵਿਚ, ਜਿਆਂਗਸੂ ਪ੍ਰਾਂਤ ਦੇ ਸੁਜ਼ੌ ਇੰਸਟੀਚਿਊਟ ਆਫ਼ ਬਾਇਓਮੈਡੀਕਲ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਨੇ ਇੱਕ ਏ.ਆਈ.-ਆਧਾਰਿਤ 'ਨੈਨੀ ਰੋਬੋਟ' ਵਿਕਸਿਤ ਕੀਤਾ, ਜੋ ਇੱਕ ਨਕਲੀ ਬੱਚੇਦਾਨੀ ਵਿਚ ਭਰੂਣ ਦੀ ਨਿਗਰਾਨੀ ਅਤੇ ਦੇਖਭਾਲ ਕਰਦਾ ਸੀ। ਹਾਲਾਂਕਿ, ਚੀਨੀ ਕਾਨੂੰਨ ਦੋ ਹਫ਼ਤਿਆਂ ਤੋਂ ਵੱਧ ਸਮੇਂ ਲਈ ਨਕਲੀ ਬੱਚੇਦਾਨੀ ਵਿਚ ਮਨੁੱਖੀ ਭਰੂਣਾਂ ਨੂੰ ਵਧਾਉਣ 'ਤੇ ਪਾਬੰਦੀ ਲਗਾਉਂਦਾ ਹੈ।

# ਲੰਡਨ ਦੇ ਅਦਬੀ ਮੇਲੇ ਵਿਚ ਡਾ. ਆਤਮਜੀਤ


ਨਿਰਮਲ ਜੌੜਾ
98140-78799
ਪੰਜਾਬ ਮੇਲ USA













ਪਿਛਲੇ ਦਿਨੀਂ ਲੰਡਨ ਵਿਚ ਹੋਏ ਕੌਮਾਂਤਰੀ ਅਦਬੀ ਮੇਲੇ ਦਾ ਸੱਦਾ ਪੱਤਰ ਮਿਲਿਆ, ਤਾਂ ਮੈਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੋਈ ਕਿ ਇਸ ਵਿਸ਼ਵ ਪੱਧਰੀ ਸਾਹਿਤਕ ਮੇਲੇ ਦਾ ਉਦਘਾਟਨ ਸ਼੍ਰੋਮਣੀ ਨਾਟਕਕਾਰ ਡਾ. ਆਤਮਜੀਤ ਸਿੰਘ ਕਰ ਰਹੇ ਹਨ। ਖੁਸ਼ ਹੋਣ ਦੇ ਦੋ ਕਾਰਨ ਸਨ, ਪਹਿਲਾ ਇਹ ਕਿ ਮੁੱਖ ਮਹਿਮਾਨ ਦੇ ਤੌਰ 'ਤੇ ਡਾ. ਆਤਮਜੀਤ ਦੀ ਚੋਣ ਨਾਲ ਪ੍ਰਬੰਧਕਾਂ ਦੀ ਪੰਜਾਬੀ ਸਾਹਿਤ ਅਤੇ ਭਾਸ਼ਾ ਨਾਲ ਪ੍ਰਤੀਬੱਧਤਾ ਦਾ ਉੱਚਾ-ਸੁੱਚਾ ਮਿਆਰ ਦਿਸਿਆ, ਸਮਾਗਮ ਪ੍ਰਤੀ ਉਨ੍ਹਾਂ ਦੀ ਸੰਜ਼ੀਦਗੀ ਨਜ਼ਰ ਆਈ। ਦੂਸਰਾ ਖੁਸ਼ ਹੋਣ ਦਾ ਕਾਰਨ ਇਹ ਸੀ ਕਿ ਜੇ ਡਾ. ਆਤਮਜੀਤ ਨੇ ਇਸ ਮੇਲੇ 'ਤੇ ਆਉਣ ਦੀ ਹਾਮੀ ਭਰੀ ਹੈ, ਤਾਂ ਇਸ ਮੇਲੇ ਨੇ ਅਦਬ ਦੀ ਦੁਨੀਆਂ ਵਿਚ ਆਪਣੀ ਥਾਂ ਬਣਾ ਲਈ ਹੈ। ਪੂਰੇ ਮੇਲੇ ਵਿਚ ਡਾ. ਆਤਮਜੀਤ ਦਾ ਬਣਿਆਂ ਸਾਹਿਤਕ ਔਰਾ ਮੇਰੀ ਇਸ ਖੁਸ਼ੀ ਦਾ ਪ੍ਰਮਾਣ ਸੀ।

ਉਦਘਾਟਨ ਮੌਕੇ ਡਾ. ਆਤਮਜੀਤ ਨੇ 'ਮਾਨਵ, ਮਸ਼ੀਨ, ਕੁਦਰਤ ਅਤੇ ਅਦਬ' ਵਿਸ਼ੇ 'ਤੇ ਗੱਲ ਕਰਦਿਆਂ ਕਈ ਨੁਕਤੇ ਉਠਾਏ, 'ਇੱਕ ਕੁਦਰਤ ਬੰਦੇ ਦੇ ਅੰਦਰ ਹੈ ਅਤੇ ਇੱਕ ਕੁਦਰਤ ਬੰਦੇ ਦੇ ਬਾਹਰ ਹੈ। ਬਾਹਰੀ ਕੁਦਰਤ ਨੂੰ ਲੋੜੋਂ ਵੱਧ ਕਾਬੂ ਕਰਨ ਅਤੇ ਅੰਦਰ ਵਾਲੀ ਕੁਦਰਤ ਨੂੰ ਲੋੜੋਂ ਵੱਧ ਖੁੱਲ੍ਹੀ ਛੱਡਣ ਦੇ ਨਤੀਜੇ ਖਤਰਨਾਕ ਹੋ ਰਹੇ ਨੇ। ਆਰਟੀਫੀਸ਼ਲ ਇੰਟੈਲੀਜੈਂਸ ਤੋਂ ਫਾਇਦਾ ਉਠਾਉਣ ਦੀ ਲੋੜ ਹੈ, ਨਾ ਕਿ ਡਰਨ ਦੀ, ਇਹ ਮਾਨਵੀ ਵਿਕਾਸ ਲਈ ਵਧੀਆ ਵੀ ਹੋ ਸਕਦੀ ਹੈ, ਇਸ ਤੋਂ ਸੰਵੇਦਨਸ਼ੀਲਤਾ ਅਤੇ ਰਚਨਾਤਮਕਤਾ ਨੂੰ ਕੋਈ ਖਤਰਾ ਨਹੀਂ। ਘਰਾਂ ਵਿਚ ਅੰਬੀ ਦੇ ਬੂਟੇ ਦੀ ਜਗ੍ਹਾ ਏਅਰ ਕੰਡੀਸ਼ਨਰ ਦਾ ਆਉਣਾ ਸਾਡੇ ਬਦਲ ਰਹੇ ਜੀਵਨ ਢੰਗ ਦਾ ਪ੍ਰਤੀਕ ਹੈ ਪਰ ਮਸ਼ੀਨ ਦਾ ਅੰਨਾ ਵਿਰੋਧ ਨਹੀਂ ਕੀਤਾ ਜਾ ਸਕਦਾ। ਅਦਬ ਆਕਸੀਜ਼ਨ ਪੈਦਾ ਕਰਦਾ ਹੈ, ਸਾਹਿਤ ਮਨੁੱਖ ਨੂੰ ਜਗਾਉਂਦਾ ਹੈ, ਸੁਚੇਤ ਕਰਦਾ ਹੈ, ਚਾਨਣ ਦਿੰਦਾ ਹੈ'।

ਡਾ. ਆਤਮਜੀਤ ਦੀ ਗੱਲਬਾਤ ਮਾਨਵੀ ਸਰੋਕਾਰਾਂ ਅਤੇ ਨਵੀਆਂ ਕੰਪਿਊਟਰੀ ਜੁਗਤਾਂ ਬਾਰੇ ਸੀ ਪਰ ਉਨ੍ਹਾਂ ਦਾ ਅੰਦਾਜ਼ ਰੰਗਮੰਚੀ ਹੋਣ ਕਰਕੇ ਦਿਲਚਸਪ ਸੀ, ਸੰਚਾਰ ਸਮਰੱਥਾ ਤਕੜੀ ਹੋਣ ਕਰਕੇ ਹਰ ਗੱਲ ਫੱਟੀ ਦੇ ਕਿੱਲ ਵਾਂਗੂੰ ਦਿਮਾਗਾਂ ਵਿਚ ਠੁੱਕ ਰਹੀ ਸੀ। ਖੂਬਸੂਰਤੀ ਵਾਲੀ ਗੱਲ ਇਹ ਸੀ ਕਿ ਡਾ. ਆਤਮਜੀਤ ਨੇ ਵੱਖ-ਵੱਖ ਮੁਲਕਾਂ ਤੋਂ ਆਏ ਸਾਹਮਣੇ ਬੈਠੇ ਪੰਜਾਬੀ ਸ਼ਾਇਰਾਂ ਦੀਆਂ ਕਾਵਿ ਟੁਕੜੀਆਂ ਨੂੰ ਆਪਣੇ ਪੇਪਰ ਦਾ ਹਿੱਸਾ ਬਣਾਇਆ, ਨਵੀਆਂ ਕਵਿਤਾਵਾਂ ਨੂੰ ਤਕਨਾਲੋਜੀ ਨਾਲ ਜੋੜਕੇ ਆਪਣੀ ਗੱਲ ਰੱਖੀ।

ਏਸ਼ੀਅਨ ਲਿਟਰੇਰੀ ਐਂਡ ਕਲਚਰਲ ਫੋਰਮ ਯੂ.ਕੇ. ਵੱਲੋਂ ਕਰਵਾਏ ਇਸ ਅਦਬੀ ਮੇਲੇ ਦੀ ਮੱਹਤਵਪੂਰਨ ਅਤੇ ਕਮਾਲ ਦੀ ਗੱਲ ਇਹ ਰਹੀ ਕਿ ਡਾ. ਆਤਮਜੀਤ ਹਰ ਪਲ-ਹਰ ਘੜੀ ਇਸ ਮੇਲੇ ਵਿਚ ਹਾਜ਼ਰ ਰਹੇ। ਸਿਰਫ ਹਾਜ਼ਰ ਨਹੀਂ, ਸਗੋਂ ਪਰਿਵਾਰ ਦੇ ਵਡੇਰਿਆਂ ਵਾਂਗ ਹਰ ਇੱਕ ਦੇ ਸਿਰ 'ਤੇ ਹੱਥ ਰੱਖਿਆ ਉਨ੍ਹਾਂ ਨੇ। ਮੰਚ ਤੋਂ ਕੋਈ ਵੀ ਕੁਝ ਪੇਸ਼ ਕਰਦਾ, ਕਵਿਤਾ, ਗੀਤ, ਵਿਚਾਰ, ਸ਼ੇਅਰ ਜਾਂ ਕੋਈ ਗੱਲਬਾਤ ਤਾਂ ਡਾਕਟਰ ਸਾਹਿਬ ਉਸਨੂੰ ਉਸਰ-ਉਸਰ ਕੇ ਦਾਦ ਦਿੰਦੇ, ਕਈਆਂ ਤੋਂ ਦੁਬਾਰਾ ਸ਼ੇਅਰ ਸੁਣੇ, ਕਈਆਂ ਨੂੰ ਹੱਲਾ-ਸ਼ੇਰੀ ਦਿੱਤੀ, ਕਈਆਂ ਨੂੰ ਭੱਜਕੇ ਸਟੇਜ 'ਤੇ ਜਾਕੇ ਕਲਾਵੇ 'ਚ ਲਿਆ, ਕਿਸੇ ਨਾਲ ਸਟੇਜ ਤੋਂ ਉਤਰਦਿਆਂ ਹੱਥ ਮਿਲਾਏ, ਮੁਹੱਬਤ ਨਾਲ ਜੱਫੀ ਪਾਈ, ਮੱਥਾ ਚੁੰਮਿਆਂ। ਯਾਨੀ ਅਦਬੀ ਮੇਲੇ ਵਿਚ ਡਾ. ਆਤਮਜੀਤ ਐਸੇ ਪ੍ਰੇਰਨਾਦਾਇਕ ਤਰਲ ਵਾਂਗ ਫੈਲ ਗਏ ਕਿ ਮੇਲੇ ਦੇ ਹਰ ਸਾਹ ਵਿਚੋਂ ਉਨ੍ਹਾਂ ਦੀ ਮੌਜੂਦਗੀ ਝਲਕ ਰਹੀ ਸੀ। ਮੇਲੇ ਦੇ ਪ੍ਰਬੰਧਕਾਂ ਅਤੇ ਭਾਗੀਦਾਰਾਂ ਲਈ ਉਹ ਵੱਡੀ ਧਿਰ ਬਣੇ ਰਹੇ। ਜਿਵੇਂ ਬਜ਼ੁਰਗ ਹੌਂਸਲੇ ਬੁਲੰਦ ਕਰਦਾ ਹੋਇਆ ਔਕੜਾਂ ਵਿਚ ਵੀ ਟੱਬਰ ਨੂੰ ਡੋਲਣ ਨੀ ਦਿੰਦਾ, 'ਕੱਲੇ 'ਕੱਲੇ ਜੀਅ ਨੂੰ ਪ੍ਰੇਰਦਾ, ਇਸ ਤਰ੍ਹਾਂ ਦੀ ਹਾਜ਼ਰੀ ਸੀ ਉਨ੍ਹਾਂ ਦੀ। ਸਿਰਫ ਪ੍ਰੋਗਰਾਮ ਵਾਲੇ ਹਾਲ ਵਿਚ ਹੀ ਨਹੀਂ, ਬਲਕਿ ਚਾਹ ਪਾਣੀ ਪੀਂਦਿਆਂ, ਰੋਟੀ ਖਾਂਦਿਆਂ, ਡਾ. ਆਤਮਜੀਤ ਦੇ ਦੁਆਲੇ ਮਹਿਫਲ ਜੁੜ ਜਾਂਦੀ, ਹੋਈਆਂ ਪੇਸ਼ਕਾਰੀਆਂ 'ਤੇ ਡਾ. ਸਾਹਿਬ ਤਬਸਰਾ ਕਰਦੇ। ਨਾਟਕ, ਰੰਗਮੰਚ, ਕਵਿਤਾ, ਗੀਤ-ਸੰਗੀਤ, ਕਹਾਣੀ, ਨਾਵਲ, ਲੋਕ ਧਾਰਾ, ਫਿਲਮਾਂ ਤੋਂ ਇਲਾਵਾ ਇਤਿਹਾਸ ਮਥਿਹਾਸ ਤੋਂ ਲੈ ਕੇ ਆਰਟੀਫੀਸ਼ੀਅਲ ਇੰਟੈਲੀਜੈਂਸ ਤੱਕ ਦਾ ਗਿਆਨ ਭੰਡਾਰ ਹੈ ਉਨ੍ਹਾਂ ਕੋਲ। ਚਾਹ ਕੌਫੀ ਦੀਆਂ ਚੁਸਕੀਆਂ ਲੈਂਦਿਆਂ ਉਹ ਕਿਸੇ ਕੋਲ ਵੀ ਜਾ ਬੈਠਦੇ, ਭਵਿੱਖ ਵਿਚ ਲਿਖਣ-ਪੜ੍ਹਨ ਬਾਰੇ ਪੁੱਛਦੇ, ਹੋਰ ਵਧੇਰੇ ਕਰਮਸ਼ੀਲ ਹੋਣ ਲਈ ਤਾਕਤ ਦਿੰਦੇ। ਡਾ. ਆਤਮਜੀਤ ਨੇ ਇਸ ਮੇਲੇ ਦੀ ਧੜਕਣ ਨੂੰ ਮੱਠੀ ਨਹੀਂ ਪੈਣ ਦਿੱਤਾ।

ਮੇਲੇ ਦੇ ਤੀਸਰੇ ਦਿਨ ਸ਼ਾਮ ਨੂੰ ਨਾਵਲਕਾਰ ਮਹਿੰਦਰਪਾਲ ਧਾਲੀਵਾਲ ਦੇ ਘਰ ਡਾ. ਆਤਮਜੀਤ ਨੇ ਆਪਣੇ ਨਾਟਕ 'ਕਿਸ਼ਤੀਆਂ ਵਿਚ ਜਹਾਜ਼' ਦਾ ਪਾਠ ਕੀਤਾ। ਘਰ ਦੇ ਜਿਸ ਹਾਲ ਵਿਚ ਇਹ ਪਾਠ ਹੋਇਆ ਡਾ. ਆਤਮਜੀਤ ਨੇ ਖੁਦ ਉਸ ਹਾਲ ਨੂੰ ਰੰਗਮੰਚੀ ਮਹੌਲ ਦਿੱਤਾ। ਕੁਰਸੀਆਂ, ਟੇਬਲ, ਸੋਫੇ, ਲਾਈਟਾਂ ਦੀ ਸੈਟਿੰਗ ਇਸ ਢੰਗ ਨਾਲ ਆਪ ਕੀਤੀ ਕਿ ਉਸ ਹਾਲ ਵਿਚ ਵੜ੍ਹਦਿਆਂ ਕਿਸੇ ਸਹਿਜ ਕਾਰਜ ਹੋਣ ਦਾ ਅਹਿਸਾਸ ਹੁੰਦਾ ਸੀ। ਡਾ. ਦੀਵਾਨ ਸਿੰਘ ਦੀ ਜ਼ਿੰਦਗੀ ਨਾਲ ਜੁੜੇ ਪਾਤਰ ਆਤਮਜੀਤ ਰਾਹੀਂ ਮੁਖਾਤਬ ਹੋਣੇ ਸ਼ੁਰੂ ਹੋਏ, ਤਾਂ ਇਹ ਉਸਦੀ ਪਾਠ-ਅਦਾਕਾਰੀ ਦਾ ਕਮਾਲ ਸੀ ਕਿ ਇੰਦਰ ਕੌਰ ਦੇ ਬੋਲਾਂ ਨੇ ਆਪਣੇ ਪਤੀ ਦੀਵਾਨ ਸਿੰਘ ਨੂੰ ਜੰਜ਼ੀਰਿਆਂ ਦੇ ਸਿਰਤਾਜ, ਅੰਬਰ ਦੀ ਪਰਵਾਜ਼, ਇਨਸਾਨੀਅਤ ਦੀ ਅਵਾਜ਼ ਤੇ ਕਿਸ਼ਤੀਆਂ ਵਿਚਲੇ ਜਹਾਜ਼ ਵਜੋਂ ਮੂਹਰੇ ਲਿਆ ਖੜ੍ਹਾ ਕੀਤਾ। ਡਾ. ਦੀਵਾਨ ਸਿੰਘ ਦੀ ਜ਼ਿੰਦਗੀ ਦੇ ਕਈ ਰਹੱਸ ਅੱਗੇ ਆ ਰਹੇ ਸਨ, ਉਸਦੀ ਮਹਾਨ ਕੁਰਬਾਨੀ ਨਾਲ-ਨਾਲ ਤੁਰ ਰਹੀ ਸੀ। ਉਸ ਨਾਲ ਉਲਝ ਰਹੇ ਕਿਰਦਾਰਾਂ ਵਿਚੋਂ ਉਸਦਾ ਸੰਘਰਸ਼, ਲੋਕ ਪਿਆਰ ਡਾ. ਆਤਮਜੀਤ ਨੇ ਕਮਾਲ ਦੀ ਸ਼ਬਦਾਬਲੀ ਅਤੇ ਅਦਾਕਾਰੀ ਨਾਲ ਉਭਾਰਿਆ, ਪਾਲੀ ਖਾਦਿਮ ਦਾ ਸੰਗੀਤ ਸਹਾਈ ਹੋ ਰਿਹਾ ਸੀ। ਡਾ. ਦੀਵਾਨ ਸਿੰਘ ਦੇ ਅੰਦਰ ਜਗਦੀ ਮੁਹੱਬਤ ਦੀ ਜੋਤ ਰੌਸ਼ਨ ਹੋਈ, 'ਕੋਸ਼ਿਸ਼ ਤਾਂ ਕਰਨੀ ਚਾਹੀਦੀ ਹੈ। ਤਬਦੀਲੀ ਵਾਸਤੇ ਰਤਾ ਪਿਆਰ ਮੰਗਦੇ ਨੇ। ਕਿੰਨੇ ਲੋਕ ਕਾਤਲ ਬਣਕੇ ਆਏ ਸਨ, ਸੇਵਕ ਬਣਕੇ ਪੰਜਾਬ ਗਏ ਨੇ। ਆਪਾਂ ਪਿਆਰ ਈ ਦਿੱਤਾ ਉਨ੍ਹਾਂ ਨੂੰ। ਪਿਆਰ ਕਦੇ ਵੀ ਜਾਇਆ ਨਹੀਂ ਜਾਂਦਾ; ਵੰਡਿਆਂ ਵਧਦਾ ਏ ਪਿਆਰ!'



ਇੰਦਰ ਕੌਰ ਦੇ ਬੋਲਾਂ ਵਿਚ ਵੈਰਾਗ ਅਤੇ ਦਰਦ ਹੈ, 'ਡਾਕਟਰ ਜੀ ਦਾ ਜਿਸਮ ਛਲਣੀ ਹੋ ਗਿਐ। ਪਰ ਉਨ੍ਹਾਂ ਦੇ ਅੰਦਰੋਂ ਅਵਾਜ਼ ਵਾਹਿਗੁਰੂ ਦੀ ਆ ਰਹੀ ਸੀ। ........ ਪਰ ਨੇਤਾ ਜੀ! ਮੈਨੂੰ ਸਮਝਾਉ, ਤੁਸੀਂ ਕਿਉਂ ਨਹੀਂ ਗਏ? ਵਾਰਡ ਨੰਬਰ ਛੇ ਵਿਚ ਤੁਸੀਂ ਕਿਉਂ ਨਹੀਂ ਗਏ? ਕੀ ਮਜਬੂਰੀ ਸੀ ਤੁਹਾਡੀ? ਨੇਤਾ ਜੀ ਮੇਰਾ ਸਵਾਲ ਏ ਤੁਹਾਨੂੰ, ਤੁਸੀਂ ਚੁੱਪ ਕਿਉਂ ਓ?'

ਜ਼ਰਵਾਣਵੀ ਜ਼ੁਲਮ ਤੇ ਹੰਕਾਰ ਦੇ ਪ੍ਰਤੀਕਰਮ ਵਜੋਂ ਡਾ. ਦੀਵਾਨ ਸਿੰਘ ਦੀ ਕਵਿਤਾ ਹਾਲ ਵਿਚ ਗੂੰਜੀ, 'ਮੈਂ ਸੌਂ ਗਿਆ ਤੇ ਸੁਫਨਾ ਅਇਆ/ ਕਿ ਜ਼ਿੰਦਗੀ ਆਜ਼ਾਦ ਸੀ/ ਕਿ ਜ਼ਿੰਦਗੀ ਆਬਾਦ ਸੀ/ ਕਿ ਜ਼ਿੰਦਗੀ ਸਵਾਦ ਸੀ। ਮੈਂ ਜਾਗਿਆ ਤੇ ਵੇਖਿਆ/ ਕਿ ਜ਼ਿੰਦਗੀ ਇੱਕ ਫਰਜ਼ ਸੀ/ ਕਿ ਜ਼ਿੰਦਗੀ ਇੱਕ ਕਰਜ਼ ਸੀ/ ਕਿ ਜ਼ਿੰਦਗੀ ਇੱਕ ਮਰਜ਼ ਸੀ'।

ਆਖੀਰ ਇੰਦਰ ਕੌਰ ਦੇ ਬੋਲ ਸਰਕਾਰਾਂ ਦੇ ਮਨਾਂ ਦੀ ਮੈਲ ਨੂੰ ਧਰਤੀ 'ਤੇ ਖਿਲਾਰ ਦਿੰਦੇ ਹਨ 'ਮੇਰੇ ਬਹੁਤ ਪਿਆਰੇ ਦੀਵਾਨ ਸਿੰਘ! ਮੈਂ ਜਦੋਂ ਟਾਪੂਆਂ ਵੱਲ ਨਜ਼ਰ ਮਾਰਦੀ ਆਂ ਤਾਂ ਖੁਸ਼ ਹੁੰਦੀ ਆਂ ਪਈ ਓਥੇ ਹੁਣ ਅਜ਼ਾਦੀ ਏ। ਨਹਿਰੂ ਤੇ ਗਾਂਧੀ ਓਥੇ ਕਦੇ ਨਹੀਂ ਗਏ ਪਰ ਉਨ੍ਹਾਂ ਦੇ ਬੁੱਤ ਲਾ ਕੇ ਇੱਕ ਸਰਕਾਰ ਨੇ ਉਨ੍ਹਾਂ ਦਾ ਸਨਮਾਨ ਕੀਤੈ। ਵੀਰ ਸਾਵਰਕਰ ਓਥੇ ਗਿਆ ਸੀ ਪਰ ਭੱਜ ਆਇਆ ਸੀ; ਉਹਦੇ ਨਾਂ 'ਤੇ ਹਵਾਈ ਅੱਡਾ ਬਣਾ ਕੇ ਦੂਜੀ ਸਰਕਾਰ ਨੇ ਉਹਨੂੰ ਯਾਦ ਕੀਤਾ। .......ਪਰ ਮੈਂ ਲੋਕਾਂ ਦੀ ਕਰਜ਼ਦਾਰ ਆਂ, ਉਨ੍ਹਾਂ ਤੇਰੇ ਬਣਾਏ ਗੁਰਦਵਾਰੇ ਨੂੰ ਤੇਰਾ ਨਾਂ ਦੇ ਦਿੱਤੈ। ਤੂੰ ਇਸ ਗੁਰਦਵਾਰੇ ਨਾਲ ਦੁਨੀਆਂ ਦੇ ਚੇਤਿਆਂ ਵਿਚ ਵੱਸੇਂਗਾ। ਦੀਵਾਨ ਸਿੰਘ! ਤੂੰ ਨਾਟਕਾਂ ਵਿਚ ਜੀਵੇਂਗਾ! ਤੇਰੇ 'ਤੇ ਕਿੱਸੇ ਜ਼ਰੂਰ ਲਿਖੇ ਜਾਣਗੇ! ਤੇਰੇ ਨਾਲ ਮੈਂ ਵੀ ਜ਼ਿੰਦਾ ਰਹਾਂਗੀ!'

ਨਾਟਕ ਪਾਠ ਸਿਖਰ 'ਤੇ ਪਹੁੰਚਦਿਆਂ ਜਦੋਂ ਇੰਦਰ ਕੌਰ ਨੇ ਕਿਹਾ ਕਿ 'ਮੈਨੂੰ ਮਾਣ ਏ ਮੇਰਾ ਬੰਦਾ ਕਿਸ਼ਤੀ ਨਹੀਂ ਸੀ, ਕਿਸ਼ਤੀਆਂ ਵਿਚ ਜਹਾਜ਼ ਸੀ।' ਤਾਂ ਸਾਰਾ ਹਾਲ ਗੂੰਜ਼ ਰਿਹਾ ਸੀ... 'ਕਿਸ਼ਤੀਆਂ ਵਿਚ ਜਹਾਜ਼ ਸੀ - ਦੀਵਾਨ ਸਿੰਘ'। ਸਮਾਪਤੀ 'ਤੇ ਆਤਮਜੀਤ ਡਾਇਸ ਤੇ ਖੜ੍ਹੇ ਸਨ, ਚੁੱਪ ਏਨੀ ਕਿ ਜਿਵੇਂ ਹਾਲ ਵਿਚ ਕੋਈ ਵੀ ਨਾ ਹੋਵੇ। ਪੱਤਾ ਡਿੱਗਣ 'ਤੇ ਵੀ ਖੜਾਕ ਹੋਣ ਵਾਲੀ ਸ਼ਾਂਤੀ ਸੀ। ਇਸ ਚੁੱਪ ਨੂੰ ਡਾ. ਕੁਲਦੀਪ ਸਿੰਘ ਦੀਪ ਨੇ ਇਹ ਐਲਾਨ ਕਰਕੇ ਤੋੜਿਆ ਕਿ ਅੱਜ ਇਸ ਕੌਮਾਂਤਰੀ ਅਦਬੀ ਮੇਲੇ ਵਿਚ ਅਸੀਂ ਇਹ ਮਤਾ ਪਾਸ ਕਰਦੇ ਹਾਂ ਕਿ ਅੰਡੇਮਾਨ ਨਿੱਕੋਬਾਰ ਦੇ ਟਾਪੂਆਂ ਦਾ ਨਾਮ ਡਾ. ਦੀਵਾਨ ਸਿੰਘ ਦੇ ਨਾਮ 'ਤੇ ਹੋਵੇ। ਭਰਵੀਂ ਪ੍ਰਵਾਨਗੀ ਮਿਲੀ।

ਰਾਤ ਦਾ ਖਾਣਾ ਖਾਂਦਿਆਂ ਡਾ. ਆਤਮਜੀਤ ਸਭ ਨਾਲ ਹੱਸ ਖੇਡ ਰਹੇ ਸਨ, ਉੱਚੀ-ਉੱਚੀ ਠਹਾਕੇ ਮਾਰ-ਮਾਰ ਕੇ। ਉਨ੍ਹਾਂ ਦੇ ਮੂੰਹੋਂ ਹੱਲਾਸ਼ੇਰੀ ਦੇ ਬੋਲ ਆਪ ਮੁਹਾਰੇ ਕਿਰ ਰਹੇ ਸਨ। 'ਕੱਲੇ 'ਕੱਲੇ ਕੋਲ ਜਾ ਰਹੇ ਸਨ 'ਤੇਰੀ ਕਵਿਤਾ ਕਮਾਲ ਦੀ ਸੀ / ਗਜ਼ਬ ਦੇ ਸ਼ੇਅਰ ਕਹੇ ਤੂੰ / ਇਸ ਬਾਰ ਅਦਬੀ ਮੇਲਾ ਤੇਰੇ ਨਾਮ ਰਿਹਾ ਪੁੱਤਰ / ਮੈਂ ਤੈਨੂੰ ਪਹਿਲੀ ਬਾਰ ਸੁਣਿਆਂ ਤੇਰੇ ਕੋਲ ਤਾਂ ਖਜ਼ਾਨਾ ਬੇਟਾ ਖਜ਼ਾਨਾ / ਲਿਖਣਾ ਜਾਰੀ ਰੱਖੀਂ ਤੇ ਪੜ੍ਹਿਆ ਵੀ ਕਰ / ਤੂੰ ਆਪਣੇ ਨਾਟਕ ਵਿਚ ਵੱਡਾ ਸੱਚ ਕਿਹਾ ਸੰਮਪਾਲ / ਤੂੰ ਬੋਲਦੀ ਬਹੁਤ ਵਧੀਆ, ਨਾਟਕਾਂ ਵਿਚ ਤਾਂ ਤੂੰ ਕਮਾਲ ਕਰ ਸਕਦੀ ਆਂ / ਹਾਂ, ਤੂੰ ਆਪਣਾ ਓਹ ਸ਼ੇਅਰ ਲਿਖ ਕੇ ਦੇ ਮੈਨੂੰ ਯਾਰ ਉਹ ਕਿਸੇ ਨਾਟਕ ਵਿਚ ਕੰਮ ਆਊਗਾ / ਔਰਤ ਦੀ ਸੰਵੇਦਨਸ਼ੀਲਤਾ ਬਾਰੇ ਬਹੁਤ ਅਧਿਐਨ ਆ ਚਰਨਜੀਤ ਤੁਹਾਡਾ, ਕੰਠ ਤੇ ਸੁਰ ਵੀ ਆ ਤੁਹਾਡੇ ਕੋਲ / ਤੁਸੀਂ ਐਂਕਰਿੰਗ ਬਹੁਤ ਵਧੀਆ ਕੀਤੀ ਬੱਲਿਓ / ਤੁਹਾਡਾ ਪੇਪਰ ਅੱਖਾਂ ਖੋਲ੍ਹਦਾ ਸੀ ਜਨਾਬ ਕਾਫੀ ਅਧਿਐਨ ਕੀਤਾ ਤੁਸੀਂ / ਵਿਦੇਸ਼ਾਂ ਵਿਚ ਰਹਿਕੇ ਵੀ ਪੰਜਾਬੀ ਜ਼ੁਬਾਨ ਸੰਭਾਲੀ ਆ ਤੁਸੀਂ।' ਇਨ੍ਹਾਂ ਨਿੱਕੇ-ਨਿੱਕੇ ਪਰ ਵੱਡੇ ਅਰਥਾਂ ਵਾਲੇ ਫਿਕਰਿਆਂ ਨਾਲ ਉਹ ਸਭ ਨੂੰ ਸਾਬਾਸ਼ ਦਿੰਦੇ-ਦਿੰਦੇ ਪ੍ਰਬੰਧਕਾਂ ਨੂੰ ਅਵਾਜ਼ ਮਾਰਦੇ ਨੇ, 'ਅਜ਼ੀਮ, ਰਜਿੰਦਰਜੀਤ, ਅਬੀਰ... ਸੁਣੋ, ਕਾਕਾ ਜੋ ਪ੍ਰਬੰਧ ਤੁਸੀਂ ਕਰਤੇ ਵੱਡੇ-ਵੱਡੇ ਨਾਢੂ ਖਾਂ ਨੀ ਕਰ ਸਕਦੇ, ਜ਼ਿੰਦਾਬਾਦ! ਪਿੱਛੇ ਮੁੜਕੇ ਨਾ ਦੇਖਿਓ ਮੈਂ ਤੁਹਾਡੇ ਨਾਲ ਆਂ'। ਫਿਰ ਉਹ ਰਸੋਈ ਵਿਚ ਖਾਣਾ ਪਰੋਸਦੀ ਸਰਦਾਰਨੀ ਭਜਨ ਕੌਰ, ਰਾਜੂ ਸ਼ੇਖਰ, ਕੁਲਵੰਤ ਢਿੱਲੋਂ, ਪਰਮਿੰਦਰ ਹੋਰਾਂ ਕੋਲ ਜਾ ਕੇ ਧੰਨਵਾਦ ਦੀ ਸੁਰ ਵਿਚ ਕਹਿੰਦੇ ਨੇ, 'ਬੀਬੀਓ ਤੁਹਾਡੀ ਸੇਵਾ ਦੇ ਅਰਥ ਵੀ ਡੂੰਘੇ ਆ, ਢਿੱਡ ਭਰੇ ਬਿਨਾਂ ਤਾਂ ਪੜ੍ਹਨ-ਸੁਨਣ ਨੂੰ ਵੀ ਮਨ ਨੀ ਕਰਦਾ'।

ਨਾਟਕ 'ਕਿਸ਼ਤੀਆਂ ਵਿਚ ਜਹਾਜ਼' ਦੇ ਸੰਵਾਦ ਅਜੇ ਵੀ ਮੇਰੇ ਖਿਆਲਾਂ ਵਿਚ ਘੁੰਮ ਰਹੇ ਸੀ। ਸੁਲਤਾਨ ਵੱਲੋਂ ਮਿਸਤੂਬਾਸੀ ਕੋਲ ਡਾ. ਦੀਵਾਨ ਸਿੰਘ ਬਾਰੇ ਕੀਤੀ ਚੁਗਲੀ ਯਾਦ ਆਉਂਦੀ ਹੈ, '...ਰਾਤ ਨੂੰ ਬਾਗੀਆਂ ਦੇ ਛੋਟੇ-ਛੋਟੇ ਜਹਾਜ਼ ਆਉਂਦੇ ਨੇ ਤੇ ਇੱਕ ਪਗੜੀਧਾਰੀ ਉਨ੍ਹਾਂ ਨੂੰ ਟਾਰਚ ਨਾਲ ਟਿਕਾਣਾ ਦਿਖਾਉਂਦੈ'। ਸਾਹਮਣੇ ਡਾ. ਆਤਮਜੀਤ ਅਦੀਬਾਂ ਨੂੰ ਹੱਲਾਸ਼ੇਰੀ ਦੇ ਰਹੇ ਨੇ, ਆਪਣੇ ਅੰਦਾਜ਼ ਅਤੇ ਸ਼ਬਦਾਂ ਦੀ ਟਾਰਚ ਨਾਲ ਸਭ ਦੇ ਜ਼ਿਹਨ ਵਿਚ ਚਾਨਣ ਭਰ ਰਹੇ ਨੇ। ਅਦਬ ਦੀ ਫੌਜ ਤਿਆਰ ਕਰ ਰਹੇ ਨੇ ਤਾਂ ਕਿ ਦੁਨੀਆਂ ਨੂੰ ਆਕਸੀਜ਼ਨ ਮਿਲਦੀ ਰਹੇ, ਚਾਨਣ ਹੁੰਦਾ ਰਹੇ, ਮੋਮਬੱਤੀਆਂ ਜਗਾਉਣ ਵਾਲੇ ਜਿਉਂਦੇ ਰਹਿਣ।

# ਸਮਾਜ ਦੇ ਸੁਨਹਿਰੀ ਭਵਿੱਖ ਦੇ ਨਿਰਮਾਤਾ ਇੰਜੀਨੀਅਰ

## ਇੰਜੀਨੀਅਰ ਦਿਵਸ 'ਤੇ ਵਿਸ਼ੇਸ਼

ਮਨਮੋਹਨ ਸਿੰਘ
ਲੋਕ ਸੰਪਰਕ ਸਲਾਹਕਾਰ
ਉਪ ਸਕੱਤਰ ਲੋਕ ਸੰਪਰਕ,
(ਸੇਵਾਮੁਕਤ) ਪਾਵਰਕਾਮ, ਪਟਿਆਲਾ
ਫੋਨ : 84377-25172
ਪੰਜਾਬ ਮੇਲ USA







ਭਾਰਤ ਭਰ ਵਿਚ ਹਰ ਸਾਲ 15 ਸਤੰਬਰ ਨੂੰ ਇੰਜੀਨੀਅਰ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਵਿਸ਼ੇਸ਼ ਦਿਨ ਭਾਰਤ ਭਰ ਵਿਚ ਇੰਜੀਨੀਅਰਿੰਗ ਖੇਤਰ ਵਿਚ ਇੰਜੀਨੀਅਰਾਂ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਅਤੇ ਹੋਰ ਵਧੀਆ ਕੰਮ ਕਰਨ ਲਈ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਮਨਾਇਆ ਜਾਂਦਾ ਹੈ।

ਇਥੇ ਇਹ ਦੱਸਿਆ ਜਾਂਦਾ ਹੈ ਕਿ ਇਹ ਦਿਨ ਸਾਡੇ ਭਾਰਤ ਦੇਸ਼ ਦੇ ਮਹਾਨ ਇੰਜੀਨੀਅਰ ਅਤੇ ਭਾਰਤ ਰਤਨ ਪੁਰਸਕਾਰ ਜੇਤੂ ਮੋਕਸ਼ਗੁੰਡਮ ਵਿਸ਼ਵੇਸ਼ਵਰਿਆ ਦੀ ਯਾਦ ਵਿਚ ਮਨਾਇਆ ਜਾਂਦਾ ਹੈ। ਮੋਕਸ਼ਗੁੰਡਮ ਵਿਸ਼ਵੇਸ਼ਵਰਿਆ ਨੇ ਭਾਰਤ ਦੇ ਵਿਕਾਸ ਸਦਕਾ ਖੁਸ਼ਹਾਲੀ ਵਿਚ ਬਹੁਤ ਵੱਡਮੁੱਲਾ ਯੋਗਦਾਨ ਪਾਇਆ। ਡਾਕਟਰ ਐੱਮ ਵਿਸ਼ਵੇਸ਼ਵਰਿਆ ਨੇ ਭਾਰਤ ਵਿਚ ਕਈ ਡੈਮ ਬਣਾਏ ਸਨ। ਇਨ੍ਹਾਂ ਵਿਚ ਕ੍ਰਿਸ਼ਨਰਾਜ ਸਾਗਰ ਡੈਮ, ਪੁਣੇ ਦੇ ਖੜਕਵਾਸਲਾ ਰਿਜ਼ਰਵਾਇਰ ਵਿਚ ਡੈਮ ਅਤੇ ਗਵਾਲੀਅਰ ਵਿਚ ਟਿਗਰਾ ਡੈਮ ਸ਼ਾਮਲ ਹਨ। ਇਸਦੀ ਯੋਜਨਾ ਸਾਲ 1909 ਵਿਚ ਬਣੀ ਸੀ ਅਤੇ ਇਹ ਸਾਲ 1932 ਵਿਚ ਪੂਰੀ ਹੋਈ ਸੀ। ਉਨ੍ਹਾਂ ਨੇ ਮੈਸੂਰ ਸਰਕਾਰ ਦੇ ਸਹਿਯੋਗ ਨਾਲ ਕਈ ਕਾਰਖਾਨੇ ਅਤੇ ਵਿਦਿਅਕ ਅਦਾਰੇ ਸਥਾਪਿਤ ਕੀਤੇ ਸਨ। ਡਾਕਟਰ ਵਿਸ਼ਵੇਸ਼ਵਰਯਾ ਦੇ ਇਨ੍ਹਾਂ ਯੋਗਦਾਨਾਂ ਤੋਂ ਬਾਅਦ, ਉਨ੍ਹਾਂ ਨੂੰ ਦੇਸ਼ ਭਰ ਵਿਚ ਮਾਨਤਾ ਮਿਲੀ।

ਭਾਰਤ ਵਿਚ ਸਿਵਲ ਇੰਜੀਨੀਅਰ ਦੇ ਮਹਾਂ ਨਾਇਕ ਮੋਕਸ਼ਗੁੰਡਮ ਵਿਸ਼ਵੇਸ਼ਵਰਿਆ ਨੂੰ ਸ਼ਰਧਾਂਜਲੀ ਦੇਣ ਲਈ ਹਰ ਸਾਲ 15 ਸਤੰਬਰ ਨੂੰ ਕੌਮੀ ਇੰਜੀਨੀਅਰ ਦਿਵਸ ਮਨਾਇਆ ਜਾਂਦਾ ਹੈ। ਮੋਕਸ਼ਗੁੰਡਮ ਵਿਸ਼ਵੇਸ਼ਵਰਿਆ ਭਾਰਤ ਦੇ ਪਹਿਲੇ ਸਿਵਲ ਇੰਜੀਨੀਅਰਾਂ ਵਿਚੋਂ ਇੱਕ ਹਨ, ਜਿਨ੍ਹਾਂ ਨੂੰ 1955 ਵਿਚ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ ਸੀ।

ਕੌਮੀ ਇੰਜੀਨੀਅਰ ਦਿਵਸ, ਮੋਕਸ਼ਗੁੰਡਮ ਵਿਸ਼ਵੇਸ਼ਵਰਿਆ ਦੇ ਕੰਮ ਦੇ ਸਨਮਾਨ ਕਰਨ ਦੇ ਨਾਲ-ਨਾਲ ਵੱਖ-ਵੱਖ ਖੇਤਰਾਂ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਹੋਰ ਇੰਜੀਨੀਅਰਾਂ ਨੂੰ ਵੀ ਯਾਦ ਕਰਨ ਦਾ ਦਿਨ ਹੈ, ਜਿਨ੍ਹਾਂ ਦੀ ਸਖ਼ਤ ਮਿਹਨਤ ਨੇ ਭਾਰਤ ਦੇ ਵੱਖ-ਵੱਖ ਖੇਤਰਾਂ ਦੇ ਵਿਕਾਸ ਲਈ ਵੱਡਮੁੱਲਾ ਯੋਗਦਾਨ ਪਾਇਆ ਹੈ।

ਸੰਸਾਰ ਭਰ ਵਿਚ ਵੱਖ-ਵੱਖ ਇੰਜੀਨੀਅਰਿੰਗ ਖੇਤਰਾਂ ਜਿਨ੍ਹਾਂ ਵਿਚ ਵਿਸ਼ੇਸ਼ ਕਰਕੇ ਮਕੈਨੀਕਲ, ਟੈਲੀਕਮਿਊਨੀਕੇਸ਼ਨਜ਼, ਸਿਵਲ, ਇਲੈਕਟ੍ਰੀਕਲ, ਮੈਡੀਕਲ ਅਤੇ ਕੈਮੀਕਲ ਇੰਜੀਨੀਅਰਿੰਗ ਆਦਿ ਦੇ ਪ੍ਰਸਾਰ ਤੇ ਵਿਕਾਸ ਨਾਲ ਮਨੁੱਖੀ ਜੀਵਨ ਨੂੰ ਸੁਖਮਈ ਬਣਾਉਣ ਦੇ ਨਾਲ-ਨਾਲ ਇੰਜੀਨੀਅਰਾਂ ਨੇ ਉਦਯੋਗਿਕ ਤੇ ਖੇਤੀਬਾੜੀ ਖੇਤਰਾਂ ਵਿਚ ਇਨਕਲਾਬੀ ਸੁਧਾਰ ਲਿਆ ਕੇ ਵੱਧਦੀ ਅਬਾਦੀ ਦੇ ਚੈਲੰਜ ਨੂੰ ਕਬੂਲ ਕਰਦਿਆਂ ਸਮਾਜ ਦੇ ਹਰ ਖੇਤਰ ਦੇ ਪ੍ਰਸਾਰ ਅਗਾਂਹਵਧੂ /ਵਿਕਾਸ ਵਿਚ ਵੱਡਮੁੱਲਾ ਅਤੇ ਅਹਿਮ ਯੋਗਦਾਨ ਪਾਇਆ ਹੈ।

ਜਿਥੇ ਸਾਇੰਸ ਨੇ ਵੱਖ-ਵੱਖ ਖੇਤਰਾਂ ਵਿਚ ਜੋ ਵੀ ਨਵੀਆਂ ਤਕਨੀਕਾਂ ਵਿਕਸਤ ਕੀਤੀਆਂ ਹਨ, ਇਨ੍ਹਾਂ ਸਾਰੀਆਂ ਤਕਨੀਕਾਂ ਨੂੰ ਲੱਭਣ ਤੇ ਵਿਕਸਿਤ ਕਰਨ ਵਿਚ ਇੰਜੀਨੀਅਰਾਂ ਦੀ ਸੋਚ ਅਤੇ ਅਣਥੱਕ ਮਿਹਨਤ ਹੀ ਇਸ ਦਾ ਮੁੱਖ ਅਧਾਰ ਹੈ, ਜਿਸ ਤੋਂ ਬਿਨਾਂ ਅਜੋਕੇ ਯੁੱਗ ਵਿਚ ਸੁਖਮਈ ਮਨੁੱਖੀ ਜ਼ਿੰਦਗੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਕਿਸੇ ਨੇ ਇਕ ਇੰਜੀਨੀਅਰ ਨੂੰ ਪੁੱਛਿਆ ਕਿ ਤੁਸੀਂ ਇੰਜੀਨੀਅਰ ਹੋਣ 'ਤੇ ਆਪਣੇ ਆਪ 'ਤੇ ਮਾਣ ਕਿਉਂ ਮਹਿਸੂਸ ਕਰਦੇ ਹੋ? ਉਸ ਇੰਜੀਨੀਅਰ ਨੇ ਬਹੁਤ ਭਾਵੁਕ ਲਹਿਜ਼ੇ ਵਿਚ ਕਿਹਾ ਕਿ ਜਿਵੇਂ ਡਾਕਟਰ ਸਿਹਤ ਸੇਵਾਵਾਂ ਵਰਗੇ ਵਿਸ਼ਾਲ ਖੇਤਰ ਨਾਲ ਜੁੜੇ ਲੋਕਾਂ ਦਾ ਭਵਿੱਖ ਬਿਮਾਰੀਆਂ ਨੂੰ ਰੋਕਣ ਲਈ ਅਤੇ ਕਾਨੂੰਨੀ ਖੇਤਰ ਨਾਲ ਜੁੜੇ ਵੱਖ-ਵੱਖ ਵਿੰਗਾਂ ਦੇ ਲੋਕਾਂ ਨੂੰ ਕਾਨੂੰਨੀ ਪ੍ਰਣਾਲੀ ਰਾਹੀਂ ਇੰਨਸਾਫ ਦਿਵਾਉਣ 'ਤੇ ਨਿਰਭਰ ਕਰਦੀ ਹੈ, ਪਰ ਇੱਕ ਇੰਜੀਨੀਅਰ ਹੀ ਹੈ, ਜਿਸ ਦੀ ਖੁਸ਼ਹਾਲੀ, ਦੇਸ਼ ਅਤੇ ਸਮਾਜ ਦੀ ਖੁਸ਼ਹਾਲੀ ਦੇ ਵਾਧੇ 'ਤੇ ਹੀ ਨਿਰਭਰ ਕਰਦੀ ਹੈ। ਇਸੇ ਕਰਕੇ ਮੈਨੂੰ ਮਾਣ ਹੈ ਕਿ ਮੈਂ ਵੀ ਉਨ੍ਹਾਂ ਵਿਚੋਂ ਇੱਕੋ ਇੰਜੀਨੀਅਰ ਹਾਂ।

ਇੰਜੀਨੀਅਰ ਵਰਗ ਨੂੰ ਸਮਾਜ ਦੇ ਸੁਨਹਿਰੀ ਭਵਿੱਖ ਦਾ ਨਿਰਮਾਤਾ ਇਸ ਲਈ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਇੰਜੀਨੀਅਰ ਸਿਰਫ਼ ਤਕਨੀਕੀ ਮਾਹਿਰ ਨਹੀਂ, ਸਗੋਂ ਉਹ ਰਚਨਾਤਮਕ ਦ੍ਰਿਸ਼ਟੀ ਵਾਲੇ ਉਹ ਮਹਾਨ ਸ਼ਿਲਪਕਾਰ ਹਨ, ਜਿਨ੍ਹਾਂ ਦੀ ਸੋਚ, ਵਿਗਿਆਨਕ ਦ੍ਰਿਸ਼ਟੀਕੋਣ ਅਤੇ ਨਵੀਨਤਾ ਦੇਸ਼ ਨੂੰ ਤਰੱਕੀ ਦੇ ਰਾਹ 'ਤੇ ਲੈ ਜਾਂਦੀ ਹੈ। ਇੰਜੀਨੀਅਰ ਖਾਮੋਸ਼ੀ ਨਾਲ ਉਨ੍ਹਾਂ ਬੁਨਿਆਦਾਂ ਨੂੰ ਮਜ਼ਬੂਤ ਕਰਦੇ ਹਨ, ਜਿਨ੍ਹਾਂ 'ਤੇ ਕੌਮ ਦਾ ਵਰਤਮਾਨ ਟਿਕਿਆ ਹੈ ਅਤੇ ਭਵਿੱਖ ਦੀਆਂ ਉੱਚੀਆਂ ਇਮਾਰਤਾਂ ਖੜ੍ਹਦੀਆਂ ਹਨ। ਇੰਜੀਨੀਅਰਾਂ ਦੀ ਸੋਚ ਨਾਲ ਬਣੇ ਬੁਨਿਆਦੀ ਢਾਂਚੇ ਨਾ ਸਿਰਫ਼ ਦੇਸ਼ ਦੇ ਨਾਗਰਿਕਾਂ ਦੀ ਜ਼ਿੰਦਗੀ ਆਸਾਨ ਬਣਾਉਂਦੇ ਹਨ, ਸਗੋਂ ਆਰਥਿਕਤਾ ਨੂੰ ਮਜ਼ਬੂਤ ਕਰਦੇ ਹਨ ਅਤੇ ਨਵੇਂ ਰੋਜ਼ਗਾਰ ਦੇ ਸਾਧਨ ਵੀ ਪੈਦਾ ਕਰਦੇ ਹਨ। ਖੁਸ਼ਹਾਲੀ, ਜੋ ਕਿਸੇ ਵੀ ਸਮਾਜ ਦਾ ਸੁਪਨਾ ਹੁੰਦਾ ਹੈ, ਉਹ ਇੰਜੀਨੀਅਰਾਂ ਦੀ ਸਿਰਜਣਾਤਮਕ ਯਤਨਾਂ ਤੋਂ ਹੀ ਸੰਭਵ ਹੁੰਦਾ ਹੈ।

ਲੇਖਕ ਨਾਲ ਗੱਲਬਾਤ ਕਰਦਿਆਂ ਪਾਵਰਕਾਮ ਦੇ ਮੁੱਖ ਇੰਜੀਨੀਅਰ ਸੰਚਾਲਣ ਦੱਖਣ ਜੋਨ ਇੰਜ: ਰਤਨ ਮਿੱਤਲ ਨੇ ਇਕ ਸੰਦੇਸ਼ ਵਿਚ ਪੰਜਾਬ ਦੀ ਆਰਥਿਕ ਤਰੱਕੀ ਦੇ ਮੁੱਖ ਭਾਈਵਾਲ ਪਾਵਰਕਾਮ ਦੇ ਖਪਤਕਾਰਾਂ ਨੂੰ ਬਿਜਲੀ ਸੇਵਾਵਾਂ ਦੇ ਰਹੇ ਇੰਜੀਨੀਅਰਾਂ ਨੂੰ ਹੋਰ ਮਿਹਨਤ ਅਤੇ ਲਗਨ ਨਾਲ ਪ੍ਰੇਰਿਆ।

ਜੇਕਰ ਪੰਜਾਬ ਦੇ ਸਰਬਪੱਖੀ ਵਿਕਾਸ ਅਤੇ ਆਰਥਿਕਤਾ ਨੂੰ ਮਜ਼ਬੂਤ ਕਰਨ ਵਿਚ ਸਭ ਤੋਂ ਵੱਧ ਕਿਸੇ ਵਿਭਾਗ ਨੇ ਕਿਸੇ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਤਾਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦਾ ਨਾਮ ਸਭ ਤੋਂ ਪਹਿਲੀ ਕਤਾਰ ਵਿਚ ਆਉਂਦਾ ਹੈ, ਜੋ ਪੰਜਾਬ ਸੂਬੇ ਵਿਚ ਇਕ ਕਰੋੜ ਤੋਂ ਵੀ ਵੱਧ ਵੱਖ-ਵੱਖ ਵਰਗਾਂ ਦੇ ਖਪਤਕਾਰਾਂ ਦੇ ਅਹਾਤਿਆਂ ਨੂੰ ਰੋਸ਼ਨਾ ਰਿਹਾ ਹੈ।

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ, ਪਹਿਲਾਂ ਪੰਜਾਬ ਰਾਜ ਬਿਜਲੀ ਬੋਰਡ ਦੀ ਵੱਖ-ਵੱਖ ਸਮਿਆਂ ਵਿਚ ਬਹੁਤ ਅਗਾਂਹ ਵਧੂ ਤੇ ਕਾਬਲ ਇੰਜੀਨੀਅਰਾਂ ਵੱਲੋਂ ਯੋਗ ਅਗਵਾਈ ਕੀਤੀ ਗਈ, ਜਿਨ੍ਹਾਂ ਵਿਚ ਇੰਜ: ਐੱਚ.ਆਰ. ਭਾਟੀਆ, ਨਵਾਬ ਸਿੰਘ (ਆਈ.ਸੀ.ਐੱਸ.), ਇੰਜ:ਆਰ.ਐੱਸ. ਗਿੱਲ, ਇੰਜ: ਹਰਬੰਸ ਸਿੰਘ, ਇੰਜ: ਵੀ.ਡੀ. ਸੂਦ, ਇੰਜ: ਐੱਨ.ਐੱਸ. ਵਸੰਤ, ਇੰਜ; ਕੇ.ਡੀ. ਚੌਧਰੀ ਅਤੇ ਇੰਜ: ਬਲਦੇਵ ਸਿੰਘ ਸਰਾਂ ਨੇ ਵੀ ਬਤੌਰ ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ ਅਗਵਾਈ ਕਰਦਿਆਂ ਦਿਨ-ਰਾਤ ਇਕ ਕਰਦੇ ਹੋਏ ਪੰਜਾਬ ਦੀ ਸਰਵਪੱਖੀ ਵਿਕਾਸ ਅਤੇ ਖੁਸ਼ਹਾਲੀ ਲਈ ਲਗਾਤਾਰ ਯਤਨਸ਼ੀਲ ਰਿਹਾ, ਜਿਸ ਸਦਕਾ ਬਿਜਲੀ ਖੇਤਰ ਵਿਚ ਕਈ ਨਵੇਂ ਮੀਲ ਪੱਥਰ ਸਥਾਪਤ ਕੀਤੇ ਹਨ। ਇਨ੍ਹਾਂ ਤੋਂ ਇਲਾਵਾ ਇੰਜੀ: ਪਦਮਜੀਤ ਸਿੰਘ, ਇੰਜ: ਪੀ.ਐੱਸ. ਸਤਨਾਮ, ਇੰਜ: ਰਵਿੰਦਰ ਸਿੰਘ ਸੈਣੀ ਆਦਿ ਦੇ ਨਾਮ ਵੀ ਵਿਸ਼ੇਸ਼ ਹਨ, ਜਿਨ੍ਹਾਂ ਨੇ ਪੰਜਾਬ ਦੇ ਬਿਜਲੀ ਖੇਤਰ ਦੇ ਵਿਕਾਸ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ।

# ਅਜੋਕੇ ਸਮੇਂ ਵਿਚ ਥਾਇਰਾਇਡ ਅਤੇ ਡਾਇਬੀਟੀਜ਼ ਦੇ ਵੱਧਦੇ ਪ੍ਰਸਾਰ ਦੇ ਕਾਰਨ

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।
ਪੰਜਾਬ ਮੇਲ USA





ਅਜੋਕੇ ਸਮੇਂ ਵਿੱਚ ਥਾਇਰਾਇਡ ਅਤੇ ਡਾਇਬਟੀਜ਼ਰੋਗਾਂ ਨੇ ਸੰਸਾਰ ਭਰ ਦੇ ਲੋਕਾਂ ਨੂੰ ਆਪਣੀ ਜਕੜ ਵਿਚ ਲਪੇਟ ਲਿਆ ਹੈ। ਉਪਰੋਕਤ ਰੋਗਾਂ ਦੀ ਵੱਧ ਰਹੀ ਮੌਜੂਦਗੀ ਕਈ ਕਾਰਕਾਂ ਨਾਲ ਜੁੜੀ ਹੋਈ ਹੈ, ਜਿਵੇਂ ਕਿ ਜੈਨੇਟਿਕ (ਵਿਰਾਸਤੀ), ਜੀਵਨਸ਼ੈਲੀ ਅਤੇ ਵਾਤਾਵਰਣਕ ਕਾਰਨ। ਹੇਠਾਂ ਕੁਝ ਮੁੱਖ ਕਾਰਨ ਦਿੱਤੇ ਗਏ ਹਨ:

**1. ਜੈਨੇਟਿਕ ਰੁਝਾਨ (Genetic Predisposition)**

**ਪਰਿਵਾਰਕ ਇਤਿਹਾਸ:** ਜਿਨ੍ਹਾਂ ਲੋਕਾਂ ਦੇ ਪਰਿਵਾਰਾਂ ਦੇ ਜੀਆਂ ਦਾ ਥਾਇਰਾਇਡ ਜਾਂ ਸ਼ੂਗਰ ਦੇ ਰੋਗ ਨਾਲ ਸੰਬੰਧ ਰਿਹਾ ਹੈ, ਉਨ੍ਹਾਂ ਪਰਿਵਾਰਾਂ ਵਿਚ ਇਹ ਬਿਮਾਰੀਆਂ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ। ਵਿਰਾਸਤੀ ਕਾਰਕ ਇਨ੍ਹਾਂ ਬਿਮਾਰੀਆਂ ਦਾ ਰੁਝਾਨ ਵਧਾਉਂਦੇ ਹਨ।

**2. ਜੀਵਨਸ਼ੈਲੀ ਕਾਰਕ (Lifestyle Factors)**

**ਖੁਰਾਕ:** ਰਵਾਇਤੀ ਖੁਰਾਕਾਂ ਵਿਚ ਅਕਸਰ ਉਹ ਪੌਸ਼ਕ ਤੱਤ ਘੱਟ ਹੁੰਦੇ ਹਨ, ਜੋ ਥਾਇਰਾਇਡ ਦੀ ਸਿਹਤ ਲਈ ਲਾਜ਼ਮੀ ਹਨ, ਜਿਵੇਂ ਕਿ ਆਈਓਡੀਨ ਅਤੇ ਸੇਲੇਨੀਅਮ। ਇਸ ਤੋਂ ਇਲਾਵਾ ਸ਼ਹਿਰਾਂ ਵਿਚ ਫਾਸਟ ਫੂਡ ਅਤੇ ਪ੍ਰੋਸੈਸਡ ਭੋਜਨ ਦੀ ਵਧੇਰੇ ਵਰਤੋਂ ਜਿਸ ਵਿਚ ਚਰਬੀ ਅਤੇ ਚੀਨੀ ਦੀ ਮਾਤਰਾ ਵੱਧ ਹੁੰਦੀ ਹੈ, ਮੋਟਾਪੇ ਅਤੇ ਮੈਟਾਬਾਲਿਕ ਰੋਗਾਂ ਨੂੰ ਵਧਾਉਂਦੀ ਹੈ।

**ਸਰੀਰਕ ਨਿਰਜੀਵਤਾ:** ਖ਼ਾਸਕਰ ਸ਼ਹਿਰੀ ਇਲਾਕਿਆਂ ਵਿਚ ਕਸਰਤ ਦੀ ਕਮੀ ਮੋਟਾਪੇ ਨੂੰ ਵਧਾਉਂਦੀ ਹੈ, ਜੋ ਡਾਇਬਟੀਜ਼ ਅਤੇ ਥਾਇਰਾਇਡ ਦੋਵਾਂ ਲਈ ਵੱਡੇ ਜ਼ੋਖ਼ਮ ਦਾ ਕਾਰਕ ਹੈ।

**3. ਮੋਟਾਪਾ (Obesity)** : ਮੋਟਾਪਾ ਇੰਸੂਲਿਨ ਰੋਧੀ ਰੋਗ (**insulin resistance**) ਦਾ ਮੁੱਖ ਕਾਰਨ ਹੈ, ਜੋ ਅੱਗੇ ਚੱਲ ਕੇ ਟਾਈਪ 2 ਡਾਇਬਟੀਜ਼ ਪੈਦਾ ਕਰਦਾ ਹੈ। ਮੋਟਾਪੇ ਦਾ ਸਬੰਧ ਹਾਈਪੋਥਾਇਰਾਇਡਿਜ਼ਮ ਨਾਲ ਵੀ ਹੁੰਦਾ ਹੈ। ਸੰਸਾਰ ਵਿਚ ਮੋਟਾਪੇ ਦੀ ਵੱਧਦੀ ਦਰ, ਇਨ੍ਹਾਂ ਬਿਮਾਰੀਆਂ ਨੂੰ ਹੋਰ ਫੈਲਾ ਰਹੀ ਹੈ।

**4. ਸਮਾਜਿਕ-ਆਰਥਿਕ ਕਾਰਕ (Socioeconomic Factors)**

ਸਿਹਤ ਸੇਵਾਵਾਂ ਦੀ ਪਹੁੰਚ ਅਤੇ ਥਾਇਰਾਇਡ ਤੇ ਡਾਇਬਟੀਜ਼ ਬਾਰੇ ਜਾਗਰੂਕਤਾ, ਵੱਖ-ਵੱਖ ਇਲਾਕਿਆਂ ਅਤੇ ਸਮਾਜਾਂ ਵਿਚ ਅਸਮਾਨ ਹਨ। ਇਸ ਕਾਰਨ ਬਿਮਾਰੀਆਂ ਦੀ ਦੇਰ ਨਾਲ ਪਛਾਣ ਤੇ ਇਲਾਜ ਹੁੰਦਾ ਹੈ।

**5. ਵਾਤਾਵਰਣਕ ਕਾਰਕ (Environmental Factors)**

ਕੁਝ ਵਾਤਾਵਰਣਕ ਜ਼ਹਿਰਾਂ ਅਤੇ ਐਂਡੋਕ੍ਰਾਈਨ ਡਿਸਰਪਟਰਜ਼ ਨਾਲ ਸੰਪਰਕ ਥਾਇਰਾਇਡ ਪੈਦਾ ਕਰਨ ਵਾਲੀ ਗ੍ਰੰਥੀ ਦੇ ਕੰਮ 'ਤੇ ਅਸਰ ਪਾਂਦਾ ਹੈ। ਇਸ ਤੋਂ ਇਲਾਵਾ ਸ਼ਹਿਰੀਕਰਨ ਤੇ ਜੀਵਨ ਸ਼ੈਲੀ ਵਿਚ ਬਦਲਾਅ ਕਾਰਨ ਤਣਾਅ ਤੇ ਖ਼ੁਰਾਕੀ ਅਸਮਾਨਤਾਵਾਂ ਵੱਧ ਰਹੀਆਂ ਹਨ।

**6. ਆਟੋਇਮਿਊਨ ਬਿਮਾਰੀਆਂ (Autoimmune Disorders)**

ਹੈਸ਼ੀਮੋਟੋਜ਼ ਥਾਇਰਾਇਡਾਈਟਿਸ ਵਰਗੀਆਂ ਆਟੋਇਮਿਊਨ ਬਿਮਾਰੀਆਂ ਕੁਝ ਆਬਾਦੀਆਂ ਵਿਚ ਜ਼ਿਆਦਾ ਮਿਲਦੀਆਂ ਹਨ। ਆਟੋਇਮਿਊਨ ਬਿਮਾਰੀਆਂ ਅਕਸਰ ਇਕ-ਦੂਜੇ ਨਾਲ ਜੁੜੀਆਂ ਹੁੰਦੀਆਂ ਹਨ, ਜਿਵੇਂ ਕਿ ਜਿਨ੍ਹਾਂ ਨੂੰ ਆਟੋਇਮਿਊਨ ਥਾਇਰਾਇਡ ਰੋਗ ਹੁੰਦਾ ਹੈ, ਉਨ੍ਹਾਂ ਨੂੰ ਟਾਈਪ 1 ਡਾਇਬਟੀਜ਼ ਦਾ ਵੀ ਵੱਧ ਜ਼ੋਖਮ ਹੁੰਦਾ ਹੈ।

**7. ਸੱਭਿਆਚਾਰਕ ਕਾਰਕ (Cultural Factors)**

ਸੱਭਿਆਚਾਰਕ ਧਾਰਣਾਵਾਂ ਅਤੇ ਖਾਣ-ਪੀਣ ਨਾਲ ਜੁੜੀਆਂ ਰਵਾਇਤਾਂ ਵੀ ਕਈ ਵਾਰ ਆਧੁਨਿਕ ਪੋਸ਼ਣਕ ਵਿਗਿਆਨ ਨਾਲ ਮੇਲ ਨਹੀਂ ਖਾਂਦੀਆਂ। ਇਸ ਨਾਲ ਥਾਇਰਾਇਡ ਤੇ ਸ਼ੂਗਰ ਦੇ ਜ਼ੋਖਮ ਵੱਧਦੇ ਹਨ।

ਜੈਨੇਟਿਕ ਰੁਝਾਨ, ਜੀਵਨਸ਼ੈਲੀ ਚੋਣਾਂ, ਵਾਤਾਵਰਣਕ ਪ੍ਰਭਾਵ ਅਤੇ ਸਮਾਜਿਕ-ਆਰਥਿਕ ਹਾਲਾਤ ਸਾਰੇ ਮਿਲ-ਜੁਲ ਕੇ ਲੋਕਾਂ ਵਿਚ ਥਾਇਰਾਇਡ ਅਤੇ ਸ਼ੂਗਰ ਦੀਆਂ ਬਿਮਾਰੀਆਂ ਦੇ ਵਾਧੇ ਦਾ ਕਾਰਨ ਬਣ ਰਹੇ ਹਨ। ਇਨ੍ਹਾਂ ਬਿਮਾਰੀਆਂ ਨੂੰ ਕਾਬੂ ਕਰਨ ਲਈ ਜਾਗਰੂਕਤਾ, ਸਿੱਖਿਆ ਅਤੇ ਰੋਕਥਾਮੀ ਸਿਹਤ ਸੇਵਾਵਾਂ ਬਹੁਤ ਜ਼ਰੂਰੀ ਹਨ। ਨਿਯਮਿਤ ਟੈਸਟਿੰਗ ਅਤੇ ਸਿਹਤਮੰਦ ਜੀਵਨ ਸ਼ੈਲੀ ਚੋਣਾਂ ਰਾਹੀਂ ਜ਼ੋਖ਼ਮ ਨੂੰ ਘਟਾਇਆ ਜਾ ਸਕਦਾ ਹੈ।

# "ਚੋਣ ਮੁਹਿੰਮ ਸੋਸ਼ਲ ਮੀਡੀਆ 'ਤੇ ਹੈ, ਫਿਰ ਵਿਧਾਨ ਸਭਾ ਵਿਚ ਕਿਉਂ ਨਹੀਂ?"

## ਸਦਨ ਦੀ ਇੱਜ਼ਤ ਜਾਂ ਜਨਤਾ ਦੇ ਅਧਿਕਾਰ - ਇੱਜ਼ਤ ਦੀ ਰੱਖਿਆ ਜਾਂ ਜਨਤਾ ਤੋਂ ਦੂਰੀ?

*ਇਹ ਬਦਲਾਅ ਵੀ ਸਕਾਰਾਤਮਕ ਸੀ। ਆਮ ਨਾਗਰਿਕ, ਖਾਸ ਕਰਕੇ ਨੌਜਵਾਨ, ਲੋਕਤੰਤਰੀ ਚਰਚਾ ਵਿਚ ਸ਼ਾਮਲ ਹੋਣ ਲੱਗੇ। ਉਨ੍ਹਾਂ ਨੂੰ ਇਹ ਸਮਝਣ ਦਾ ਮੌਕਾ ਮਿਲਿਆ ਕਿ ਉਨ੍ਹਾਂ ਦੇ ਚੁਣੇ ਹੋਏ ਪ੍ਰਤੀਨਿਧੀ ਸਦਨ ਵਿਚ ਆਪਣੇ ਮੁੱਦਿਆਂ 'ਤੇ ਕਿਵੇਂ ਬਹਿਸ ਕਰ ਰਹੇ ਸਨ। ਪਰ ਇਸ ਦੇ ਨਾਲ ਹੀ, ਇਸਦੇ ਨਕਾਰਾਤਮਕ ਪਹਿਲੂ ਵੀ ਸਾਹਮਣੇ ਆਏ। ਕਈ ਵਾਰ, ਸਦਨ ਵਿਚ ਗੰਭੀਰ ਬਹਿਸਾਂ ਦੇ ਛੋਟੇ-ਛੋਟੇ ਅੰਸ਼ ਕੱਢ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕੀਤੇ ਜਾਂਦੇ ਸਨ, ਜਿਨ੍ਹਾਂ ਦੀ ਵਰਤੋਂ ਰਾਜਨੀਤਿਕ ਪ੍ਰਚਾਰ, ਵਿਅੰਗ ਜਾਂ ਗਲਤਫਹਿਮੀ ਫੈਲਾਉਣ ਲਈ ਕੀਤੀ ਜਾਂਦੀ ਸੀ। ਨਤੀਜੇ ਵਜੋਂ, ਕਾਰਵਾਈ ਦਾ ਅਸਲ ਉਦੇਸ਼ ਪਿੱਛੇ ਰਹਿ ਗਿਆ ਅਤੇ ਵਿਵਾਦਾਂ ਨੇ ਵਧੇਰੇ ਸੁਰਖੀਆਂ ਹਾਸਲ ਕੀਤੀਆਂ।*

ਪ੍ਰਿਯੰਕਾ ਸੌਰਭ
ਹਰਿਆਣਾ
ਮੋਬਾਇਲ : 70153-75570
(ਗੱਲਬਾਤ + ਵਟਸਐਪ)
ਪੰਜਾਬ ਮੇਲ USA





ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਇਸਦੀ ਪਾਰਦਰਸ਼ਤਾ ਅਤੇ ਜਨਤਕ ਭਾਗੀਦਾਰੀ ਵਿਚ ਹੈ। ਸੰਸਦ ਅਤੇ ਵਿਧਾਨ ਸਭਾਵਾਂ ਲੋਕਾਂ ਦੀ ਆਵਾਜ਼ ਦੀ ਨੁਮਾਇੰਦਗੀ ਕਰਦੀਆਂ ਹਨ ਅਤੇ ਉਹ ਥਾਵਾਂ ਹਨ, ਜਿੱਥੇ ਨੀਤੀਆਂ, ਕਾਨੂੰਨਾਂ ਅਤੇ ਜਨਤਕ ਹਿੱਤਾਂ ਨਾਲ ਸਬੰਧਤ ਮਹੱਤਵਪੂਰਨ ਮੁੱਦਿਆਂ ਦਾ ਫੈਸਲਾ ਕੀਤਾ ਜਾਂਦਾ ਹੈ। ਅਜਿਹੀ ਸਥਿਤੀ ਵਿਚ, ਸਦਨ ਦੀ ਕਾਰਵਾਈ ਤੱਕ ਜਨਤਕ ਪਹੁੰਚ ਨੂੰ ਕਿਸੇ ਵੀ ਸਿਹਤਮੰਦ ਲੋਕਤੰਤਰ ਦੀ ਮੁੱਢਲੀ ਲੋੜ ਕਿਹਾ ਜਾ ਸਕਦਾ ਹੈ। ਹਰਿਆਣਾ ਰਾਜ ਵਿਧਾਨ ਸਭਾ ਦੇ ਸਪੀਕਰ ਦੁਆਰਾ ਲਿਆ ਗਿਆ ਹਾਲ ਹੀ ਦਾ ਫੈਸਲਾ ਕਿ ਵਿਧਾਨ ਸਭਾ ਦੀ ਕਾਰਵਾਈ ਹੁਣ ਫੇਸਬੁੱਕ, ਇੰਸਟਾਗ੍ਰਾਮ, ਯੂਟਿਊਬ, ਟਵਿੱਟਰ ਅਤੇ ਵੈੱਬ ਚੈਨਲਾਂ 'ਤੇ ਪ੍ਰਸਾਰਿਤ ਨਹੀਂ ਕੀਤੀ ਜਾਵੇਗੀ, ਕਈ ਮਹੱਤਵਪੂਰਨ ਸਵਾਲ ਖੜ੍ਹੇ ਕਰਦਾ ਹੈ। ਕੀ ਇਹ ਫੈਸਲਾ ਪਾਰਦਰਸ਼ਤਾ ਨੂੰ ਸੀਮਤ ਕਰਨ ਜਾ ਰਿਹਾ ਹੈ ਜਾਂ ਸਦਨ ਦੀ ਸ਼ਾਨ ਨੂੰ ਬਚਾਉਣ ਵਾਲਾ ਹੈ, ਇਹ ਇਸ ਸੰਪਾਦਕੀ ਦਾ ਮੂਲ ਸਵਾਲ ਹੈ।

ਪਿਛਲੇ ਦਹਾਕੇ ਵਿਚ, ਸੋਸ਼ਲ ਮੀਡੀਆ ਨੇ ਭਾਰਤੀ ਲੋਕਤੰਤਰ ਵਿਚ ਇੱਕ ਨਵੀਂ ਕ੍ਰਾਂਤੀ ਲਿਆਂਦੀ ਹੈ। ਪਹਿਲਾਂ, ਜਿੱਥੇ ਲੋਕ ਟੀ.ਵੀ. ਨਿਊਜ਼ ਚੈਨਲਾਂ ਜਾਂ ਅਖ਼ਬਾਰਾਂ 'ਤੇ ਨਿਰਭਰ ਕਰਦੇ ਸਨ, ਹੁਣ ਉਨ੍ਹਾਂ ਨੂੰ ਫੇਸਬੁੱਕ ਲਾਈਵ, ਯੂਟਿਊਬ ਸਟ੍ਰੀਮਿੰਗ ਅਤੇ ਟਵਿੱਟਰ ਅਪਡੇਟਸ ਤੋਂ ਤੁਰੰਤ ਜਾਣਕਾਰੀ ਮਿਲਦੀ ਹੈ। ਵਿਧਾਨ ਸਭਾ ਜਾਂ ਸੰਸਦ ਵਰਗੇ ਅਦਾਰਿਆਂ ਦੀ ਕਾਰਵਾਈ ਹੁਣ ਕੰਧਾਂ ਦੇ ਅੰਦਰ ਸੀਮਤ ਨਹੀਂ ਰਹੀ, ਸਗੋਂ ਜਨਤਾ ਦੇ ਮੋਬਾਈਲ ਸਕ੍ਰੀਨਾਂ 'ਤੇ ਸਿੱਧੇ ਤੌਰ 'ਤੇ ਪਹੁੰਚਣ ਲੱਗ ਪਈ ਹੈ।

ਇਹ ਬਦਲਾਅ ਵੀ ਸਕਾਰਾਤਮਕ ਸੀ। ਆਮ ਨਾਗਰਿਕ, ਖਾਸ ਕਰਕੇ ਨੌਜਵਾਨ, ਲੋਕਤੰਤਰੀ ਚਰਚਾ ਵਿਚ ਸ਼ਾਮਲ ਹੋਣ ਲੱਗੇ। ਉਨ੍ਹਾਂ ਨੂੰ ਇਹ ਸਮਝਣ ਦਾ ਮੌਕਾ ਮਿਲਿਆ ਕਿ ਉਨ੍ਹਾਂ ਦੇ ਚੁਣੇ ਹੋਏ ਪ੍ਰਤੀਨਿਧੀ ਸਦਨ ਵਿਚ ਆਪਣੇ ਮੁੱਦਿਆਂ 'ਤੇ ਕਿਵੇਂ ਬਹਿਸ ਕਰ ਰਹੇ ਸਨ। ਪਰ ਇਸ ਦੇ ਨਾਲ ਹੀ, ਇਸਦੇ ਨਕਾਰਾਤਮਕ ਪਹਿਲੂ ਵੀ ਸਾਹਮਣੇ ਆਏ। ਕਈ ਵਾਰ, ਸਦਨ ਵਿਚ ਗੰਭੀਰ ਬਹਿਸਾਂ ਦੇ ਛੋਟੇ-ਛੋਟੇ ਅੰਸ਼ ਕੱਢ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕੀਤੇ ਜਾਂਦੇ ਸਨ, ਜਿਨ੍ਹਾਂ ਦੀ ਵਰਤੋਂ ਰਾਜਨੀਤਿਕ ਪ੍ਰਚਾਰ, ਵਿਅੰਗ ਜਾਂ ਗਲਤਫਹਿਮੀ ਫੈਲਾਉਣ ਲਈ ਕੀਤੀ ਜਾਂਦੀ ਸੀ। ਨਤੀਜੇ ਵਜੋਂ, ਕਾਰਵਾਈ ਦਾ ਅਸਲ ਉਦੇਸ਼ ਪਿੱਛੇ ਰਹਿ ਗਿਆ ਅਤੇ ਵਿਵਾਦਾਂ ਨੇ ਵਧੇਰੇ ਸੁਰਖੀਆਂ ਹਾਸਲ ਕੀਤੀਆਂ।

ਹਰਿਆਣਾ ਰਾਜ ਵਿਧਾਨ ਸਭਾ ਦੇ ਸਪੀਕਰ ਹਰੀਵਿੰਦਰ ਕਲਿਆਣ ਦਾ ਕਹਿਣਾ ਹੈ ਕਿ ਇੰਟਰਨੈੱਟ ਮੀਡੀਆ 'ਤੇ ਵਾਇਰਲ ਹੋ ਰਹੇ ਵੀਡੀਓ-ਸੰਦੇਸ਼ਾਂ ਨੇ ਸਦਨ ਦੀ ਸ਼ਾਨ ਨੂੰ ਠੇਸ ਪਹੁੰਚਾਈ ਹੈ। ਕਈ ਵਾਰ, ਗੈਰ-ਸੰਸਦੀ ਸ਼ਬਦਾਂ, ਹੰਗਾਮੇ ਅਤੇ ਵਿਅੰਗ ਦੇ ਛੋਟੇ ਹਿੱਸੇ ਵਾਰ-ਵਾਰ ਪ੍ਰਸਾਰਿਤ ਕੀਤੇ ਜਾਂਦੇ ਹਨ, ਜੋ ਜਨਤਾ ਨੂੰ ਸਿਰਫ ਇੱਕ ਨਕਾਰਾਤਮਕ ਅਕਸ ਦਿੰਦੇ ਹਨ। ਉਨ੍ਹਾਂ ਨੇ ਇੱਕ ਆਦੇਸ਼ ਜਾਰੀ ਕੀਤਾ ਹੈ, ਜਿਸ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਹੁਣ ਤੋਂ ਸਿਰਫ ਮਾਨਤਾ ਪ੍ਰਾਪਤ ਟੀ.ਵੀ. ਚੈਨਲ ਹੀ ਕਾਰਵਾਈ ਦਾ ਸਿੱਧਾ ਪ੍ਰਸਾਰਣ ਕਰ ਸਕਣਗੇ, ਜਦੋਂ ਕਿ ਕਿਸੇ ਵੀ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਲਾਈਵ ਜਾਂ ਰਿਕਾਰਡਿੰਗ ਕਰਨ 'ਤੇ ਸਖ਼ਤ ਪਾਬੰਦੀ ਹੋਵੇਗੀ। ਉਨ੍ਹਾਂ ਇਹ ਵੀ ਦਲੀਲ ਦਿੱਤੀ ਹੈ ਕਿ ਸਦਨ ਦੀ ਕਾਰਵਾਈ ਤੋਂ ਹਟਾਏ ਗਏ ਸ਼ਬਦਾਂ ਅਤੇ ਹਿੱਸਿਆਂ ਨੂੰ ਸੋਸ਼ਲ ਮੀਡੀਆ 'ਤੇ ਪ੍ਰਸਾਰਿਤ ਕਰਨਾ ਨਿਯਮਾਂ ਦੀ ਸਿੱਧੀ ਉਲੰਘਣਾ ਹੈ। ਇਸ ਲਈ, ਇਸ 'ਤੇ ਪਾਬੰਦੀ ਲਗਾਉਣੀ ਜ਼ਰੂਰੀ ਹੈ। ਆਦੇਸ਼ ਵਿਚ ਇਹ ਵੀ ਕਿਹਾ ਗਿਆ ਹੈ ਕਿ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

ਭਾਵੇਂ ਇਹ ਦਲੀਲ ਸਤ੍ਹਾ 'ਤੇ ਸਹੀ ਜਾਪਦੀ ਹੈ, ਪਰ ਇਹ ਲੋਕਤੰਤਰੀ ਦ੍ਰਿਸ਼ਟੀਕੋਣ ਤੋਂ ਵੀ ਕਈ ਸਵਾਲ ਖੜ੍ਹੇ ਕਰਦੀ ਹੈ। ਅਸੈਂਬਲੀ ਜਨਤਕ ਟੈਕਸਾਂ 'ਤੇ ਚੱਲਦੀ ਹੈ ਅਤੇ ਉੱਥੇ ਹਰ ਗਤੀਵਿਧੀ ਸਿੱਧੇ ਤੌਰ 'ਤੇ ਨਾਗਰਿਕਾਂ ਨਾਲ ਸਬੰਧਤ ਹੈ। ਅਜਿਹੀ ਸਥਿਤੀ ਵਿਚ, ਜਾਣਕਾਰੀ ਤੱਕ ਪਹੁੰਚ ਨੂੰ ਸੀਮਤ ਕਰਨਾ ਲੋਕਤੰਤਰੀ ਕਦਰਾਂ-ਕੀਮਤਾਂ ਦੇ ਉਲਟ ਮੰਨਿਆ ਜਾ ਸਕਦਾ ਹੈ। ਅੱਜ ਦੀ ਨੌਜਵਾਨ ਪੀੜ੍ਹੀ ਟੀ.ਵੀ. ਨਹੀਂ ਦੇਖਦੀ। ਉਹ ਯੂਟਿਊਬ, ਟਵਿੱਟਰ ਅਤੇ ਇੰਸਟਾਗ੍ਰਾਮ 'ਤੇ ਸਰਗਰਮ ਹਨ। ਜੇਕਰ ਕਾਰਵਾਈ ਸਿਰਫ਼ ਟੀ.ਵੀ. ਚੈਨਲਾਂ ਤੱਕ ਸੀਮਤ ਰਹੇਗੀ, ਤਾਂ ਇੱਕ ਵੱਡੀ ਆਬਾਦੀ ਲੋਕਤੰਤਰੀ ਬਹਿਸ ਤੋਂ ਵਾਂਝੀ ਰਹਿ ਜਾਵੇਗੀ। ਜਦੋਂ ਸਿਰਫ਼ ਚੋਣਵੇਂ ਮਾਧਿਅਮਾਂ ਨੂੰ ਹੀ ਇਜਾਜ਼ਤ ਦਿੱਤੀ ਜਾਵੇਗੀ, ਤਾਂ ਇਹ ਸੁਨੇਹਾ ਦੇਵੇਗਾ ਕਿ ਜਾਣਕਾਰੀ ਨੂੰ ਕੰਟਰੋਲ ਕੀਤਾ ਜਾ ਰਿਹਾ ਹੈ। ਲੋਕਤੰਤਰ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਕਮਜ਼ੋਰ ਹੋ ਜਾਵੇਗੀ।

ਭਾਰਤ ਵਿਚ 82 ਕਰੋੜ ਤੋਂ ਵੱਧ ਲੋਕ ਇੰਟਰਨੈੱਟ ਦੀ ਵਰਤੋਂ ਕਰਦੇ ਹਨ। ਲਗਭਗ 45 ਕਰੋੜ ਲੋਕ ਸੋਸ਼ਲ ਮੀਡੀਆ ਪਲੇਟਫਾਰਮਾਂ (ਫੇਸਬੁੱਕ, ਯੂਟਿਊਬ, ਇੰਸਟਾਗ੍ਰਾਮ, ਟਵਿੱਟਰ ਆਦਿ) 'ਤੇ ਸਰਗਰਮ ਹਨ। ਟੀ.ਵੀ. ਦੇਖਣ ਵਾਲਿਆਂ ਦੀ ਗਿਣਤੀ ਘੱਟ ਰਹੀ ਹੈ, ਜਦੋਂਕਿ ਮੋਬਾਈਲ 'ਤੇ ਖ਼ਬਰਾਂ ਦੇਖਣ ਵਾਲਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਸੰਸਦ ਟੀ.ਵੀ. ਅਤੇ ਰਾਜ ਵਿਧਾਨ ਸਭਾ ਚੈਨਲ ਬਹੁਤ ਘੱਟ ਦਰਸ਼ਕਾਂ ਤੱਕ ਪਹੁੰਚਦੇ ਹਨ, ਜਦੋਂ ਕਿ ਯੂਟਿਊਬ 'ਤੇ ਲਾਈਵ ਸਟ੍ਰੀਮ ਲੱਖਾਂ ਦਰਸ਼ਕਾਂ ਨੂੰ ਇਕੱਠਾ ਕਰ ਸਕਦੀ ਹੈ। ਮਾਹਿਰਾਂ ਦੇ ਅਨੁਸਾਰ, ਡਿਜੀਟਲ ਪਾਰਦਰਸ਼ਤਾ ਲੋਕਤੰਤਰ ਵਿਚ ਜਨਤਾ ਦਾ ਵਿਸ਼ਵਾਸ ਬਣਾਈ ਰੱਖਣ ਦਾ ਸਭ ਤੋਂ ਵੱਡਾ ਸਾਧਨ ਹੈ।

ਟੀ.ਵੀ. ਚੈਨਲ ਅਜੇ ਵੀ ਸਮਾਜ ਦੇ ਸਿਰਫ਼ ਸੀਮਤ ਵਰਗ ਤੱਕ ਹੀ ਪਹੁੰਚਦੇ ਹਨ, ਜਦੋਂਕਿ ਸੋਸ਼ਲ ਮੀਡੀਆ ਹਰ ਪਿੰਡ ਅਤੇ ਨੌਜਵਾਨਾਂ ਤੱਕ ਪਹੁੰਚਦਾ ਹੈ। ਭਾਰਤ ਵਰਗੇ ਦੇਸ਼ ਵਿਚ ਜਿੱਥੇ ਡਿਜੀਟਲ ਇੰਡੀਆ ਦੀ ਗੱਲ ਕੀਤੀ ਜਾਂਦੀ ਹੈ, ਜਾਣਕਾਰੀ ਨੂੰ ਸਿਰਫ਼ ਟੀ.ਵੀ. ਚੈਨਲਾਂ ਤੱਕ ਸੀਮਤ ਕਰਨਾ ਸਮੇਂ ਦੀ ਮੰਗ ਨਾਲ ਮੇਲ ਨਹੀਂ ਖਾਂਦਾ। ਅੱਜ ਰਾਜਨੀਤੀ ਅਤੇ ਸਮਾਜ ਦੀਆਂ ਮੁੱਖ ਚਰਚਾਵਾਂ ਸਿਰਫ਼ ਟਵਿੱਟਰ ਰੁਝਾਨਾਂ ਅਤੇ ਯੂਟਿਊਬ ਬਹਿਸਾਂ ਵਿਚ ਹੀ ਆਕਾਰ ਲੈਂਦੀਆਂ ਹਨ।

ਇਹ ਸੱਚ ਹੈ ਕਿ ਸਦਨ ਦੀ ਕਾਰਵਾਈ ਨੂੰ ਸੋਸ਼ਲ ਮੀਡੀਆ 'ਤੇ ਬਿਨਾਂ ਕਿਸੇ ਪ੍ਰਸੰਗਿਕ ਤਰੀਕੇ ਨਾਲ ਫੈਲਾਉਣਾ ਸਹੀ ਨਹੀਂ ਹੈ। ਕਈ ਵਾਰ, ਮਜ਼ਾਕ ਜਾਂ ਰਾਜਨੀਤਿਕ ਹਮਲੇ ਲਈ ਹਿੱਸਿਆਂ ਨੂੰ ਕੱਟ ਕੇ ਵਾਇਰਲ ਕੀਤਾ ਜਾਂਦਾ ਹੈ। ਇਸ ਨਾਲ ਜਨਤਾ ਨੂੰ ਇੱਕ ਅਧੂਰੀ ਅਤੇ ਗਲਤ ਤਸਵੀਰ ਮਿਲਦੀ ਹੈ। ਪਰ ਹੱਲ ਪੂਰੀ ਤਰ੍ਹਾਂ ਪਾਬੰਦੀ ਲਗਾਉਣਾ ਨਹੀਂ ਹੈ।

ਇੱਕ ਬਿਹਤਰ ਹੱਲ ਇਹ ਹੋ ਸਕਦਾ ਹੈ ਕਿ ਵਿਧਾਨ ਸਭਾ ਖੁਦ ਇੱਕ ਅਧਿਕਾਰਤ ਯੂਟਿਊਬ ਚੈਨਲ, ਟਵਿੱਟਰ ਹੈਂਡਲ ਅਤੇ ਇੰਸਟਾਗ੍ਰਾਮ ਅਕਾਊਂਟ ਬਣਾਏ। ਕਾਰਵਾਈ ਨੂੰ ਉੱਥੋਂ ਪੂਰੀ ਤਰ੍ਹਾਂ ਅਤੇ ਬਿਨਾਂ ਸੰਪਾਦਨ ਦੇ ਪ੍ਰਸਾਰਿਤ ਕੀਤਾ ਜਾਣਾ ਚਾਹੀਦਾ ਹੈ। ਨਾਲ ਹੀ, ਸਪੱਸ਼ਟ ਨਿਯਮ ਬਣਾਏ ਜਾਣੇ ਚਾਹੀਦੇ ਹਨ ਕਿ ਹੋਰ ਲੋਕ ਇਸ ਅਧਿਕਾਰਤ ਸਮੱਗਰੀ ਦੇ ਸੰਦਰਭ ਨੂੰ ਬਦਲ ਕੇ ਇਸਦੀ ਵਰਤੋਂ ਨਹੀਂ ਕਰ ਸਕਦੇ। ਇਸ ਤਰ੍ਹਾਂ, ਸਜਾਵਟ ਬਣਾਈ ਰੱਖੀ ਜਾਵੇਗੀ ਅਤੇ ਪਾਰਦਰਸ਼ਤਾ ਵੀ ਯਕੀਨੀ ਬਣਾਈ ਜਾਵੇਗੀ।

ਦੁਨੀਆਂ ਦੇ ਕਈ ਲੋਕਤੰਤਰੀ ਦੇਸ਼ਾਂ ਵਿਚ, ਸੰਸਦ ਅਤੇ ਵਿਧਾਨ ਸਭਾ ਦੀ ਕਾਰਵਾਈ ਲਾਈਵ ਸਟ੍ਰੀਮਿੰਗ ਰਾਹੀਂ ਜਨਤਾ ਲਈ ਉਪਲਬਧ ਕਰਵਾਈ ਜਾਂਦੀ ਹੈ। ਬ੍ਰਿਟੇਨ, ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਨੇ ਆਪਣੀ ਸੰਸਦ ਦੀ ਕਾਰਵਾਈ ਨੂੰ ਆਨਲਾਈਨ ਪਹੁੰਚਯੋਗ ਬਣਾਇਆ ਹੈ। ਉੱਥੇ ਵੀ, ਗੈਰ-ਸੰਸਦੀ ਸ਼ਬਦ ਜਾਂ ਹੰਗਾਮਾ ਹੁੰਦਾ ਹੈ, ਪਰ ਫਿਰ ਵੀ ਜਨਤਾ ਨੂੰ ਪੂਰੀ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਜੋ ਲੋਕਤੰਤਰ ਵਿਚ ਵਿਸ਼ਵਾਸ ਬਰਕਰਾਰ ਰਹੇ। ਭਾਰਤ ਵਰਗੇ ਵਿਸ਼ਾਲ ਲੋਕਤੰਤਰ ਵਿਚ, ਜਿੱਥੇ ਨੌਜਵਾਨ ਰਾਜਨੀਤਿਕ ਚੇਤਨਾ ਵੱਲ ਵਧ ਰਹੇ ਹਨ, ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਉਣਾ ਇੱਕ ਕਦਮ ਪਿੱਛੇ ਹਟਣ ਵਾਂਗ ਹੈ।

ਤਕਨਾਲੋਜੀ ਆਪਣੇ ਆਪ ਵਿਚ ਨਾ ਤਾਂ ਚੰਗੀ ਹੈ ਅਤੇ ਨਾ ਹੀ ਮਾੜੀ, ਇਹ ਇਸਦੀ ਵਰਤੋਂ ਹੈ, ਜੋ ਇਸਨੂੰ ਅਰਥ ਦਿੰਦੀ ਹੈ। ਸੋਸ਼ਲ ਮੀਡੀਆ 'ਤੇ ਵਿਧਾਨ ਸਭਾ ਦੀ ਕਾਰਵਾਈ ਦੇ ਪ੍ਰਸਾਰਣ ਨੂੰ ਪੂਰੀ ਤਰ੍ਹਾਂ ਰੋਕਣਾ ਇੱਕ ਤਰ੍ਹਾਂ ਨਾਲ ਤਕਨਾਲੋਜੀ ਦੀ ਸ਼ਕਤੀ ਤੋਂ ਇਨਕਾਰ ਕਰਨਾ ਹੈ। ਇਹ ਬਿਹਤਰ ਹੋਵੇਗਾ ਜੇਕਰ ਇਸ ਲਈ ਸਪੱਸ਼ਟ ਦਿਸ਼ਾ-ਨਿਰਦੇਸ਼ ਬਣਾਏ ਜਾਣ - ਸਿੱਧਾ ਪ੍ਰਸਾਰਣ ਸਿਰਫ ਅਧਿਕਾਰਤ ਚੈਨਲਾਂ ਤੋਂ ਹੀ ਕੀਤਾ ਜਾਣਾ ਚਾਹੀਦਾ ਹੈ। ਕਾਰਵਾਈ ਤੋਂ ਕੱਢੇ ਗਏ ਹਿੱਸਿਆਂ ਦਾ ਪ੍ਰਸਾਰਣ ਨਹੀਂ ਕੀਤਾ ਜਾਣਾ ਚਾਹੀਦਾ। ਸੰਦਰਭ ਤੋਂ ਬਾਹਰ ਬਣਾਏ ਗਏ ਵੀਡੀਓਜ਼ 'ਤੇ ਸਜ਼ਾਯੋਗ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਮੀਡੀਆ ਅਤੇ ਜਨਤਾ ਵਿਚਕਾਰ ਸੰਵਾਦ ਹੋਣਾ ਚਾਹੀਦਾ ਹੈ।

ਜੇਕਰ ਵਿਧਾਨ ਸਭਾ ਵੱਲੋਂ ਇੱਕ ਕੇਂਦਰੀਕ੍ਰਿਤ ਡਿਜੀਟਲ ਪਲੇਟਫਾਰਮ ਬਣਾਇਆ ਜਾਂਦਾ ਹੈ, ਤਾਂ ਜਨਤਾ ਨੂੰ ਸਮੱਗਰੀ ਤੱਕ ਸਿੱਧੀ ਅਤੇ ਸੰਪਾਦਿਤ ਪਹੁੰਚ ਮਿਲੇਗੀ। ਇਸ ਨਾਲ ਨਾ ਤਾਂ ਗਲਤਫਹਿਮੀ ਫੈਲੇਗੀ ਅਤੇ ਨਾ ਹੀ ਸਦਨ ਦੀ ਸ਼ਾਨ ਨੂੰ ਨੁਕਸਾਨ ਹੋਵੇਗਾ। ਇਸ ਤੋਂ ਇਲਾਵਾ, ਇਹ ਕਦਮ ਨੌਜਵਾਨਾਂ ਨੂੰ ਲੋਕਤੰਤਰੀ ਵਿਚਾਰ-ਵਟਾਂਦਰੇ ਨਾਲ ਜੋੜਨ ਦਾ ਸਭ ਤੋਂ ਸਰਲ ਅਤੇ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਵੀ ਸਾਬਤ ਹੋਵੇਗਾ।

ਲੋਕਤੰਤਰ ਦੀ ਸਫਲਤਾ ਜਨਤਕ ਭਾਗੀਦਾਰੀ ਅਤੇ ਪਾਰਦਰਸ਼ਤਾ 'ਤੇ ਨਿਰਭਰ ਕਰਦੀ ਹੈ। ਵਿਧਾਨ ਸਭਾ ਸਿਰਫ਼ ਵਿਧਾਇਕਾਂ ਦੀ ਸੰਸਥਾ ਨਹੀਂ ਹੈ, ਸਗੋਂ ਜਨਤਾ ਦੀ ਵੀ ਹੈ। ਅਜਿਹੀ ਸਥਿਤੀ ਵਿਚ, ਲੋਕਤੰਤਰ ਦੀ ਸਿਹਤ ਲਈ ਜਨਤਾ ਦੀ ਇਸਦੀ ਕਾਰਵਾਈ ਤੱਕ ਆਸਾਨ ਪਹੁੰਚ ਜ਼ਰੂਰੀ ਹੈ। ਵਿਧਾਨ ਸਭਾ ਸਪੀਕਰ ਦਾ ਇਹ ਫੈਸਲਾ ਸਦਨ ਦੀ ਸ਼ਾਨ ਨੂੰ ਬਚਾਉਣ ਦੀ ਕੋਸ਼ਿਸ਼ ਹੈ, ਪਰ ਇਸਦੀ ਪਾਰਦਰਸ਼ਤਾ ਨੂੰ ਕੀਮਤ ਦੇਣੀ ਪੈ ਸਕਦੀ ਹੈ।

ਸਹੀ ਤਰੀਕਾ ਇਹ ਹੈ ਕਿ ਮਾਣ ਅਤੇ ਪਾਰਦਰਸ਼ਤਾ ਵਿਚਕਾਰ ਸੰਤੁਲਨ ਬਣਾਇਆ ਜਾਵੇ। ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਉਣ ਦੀ ਬਜਾਏ, ਇਸਨੂੰ ਸੁਚਾਰੂ ਬਣਾਇਆ ਜਾਣਾ ਚਾਹੀਦਾ ਹੈ, ਤਾਂ ਜੋ ਨਾ ਸਿਰਫ਼ ਲੋਕਤੰਤਰ ਦੀ ਸ਼ਾਨ ਬਣਾਈ ਰੱਖੀ ਜਾ ਸਕੇ, ਸਗੋਂ ਨਾਗਰਿਕ ਵੀ ਆਪਣੇ ਪ੍ਰਤੀਨਿਧੀਆਂ ਦੀਆਂ ਗਤੀਵਿਧੀਆਂ ਤੋਂ ਪੂਰੀ ਤਰ੍ਹਾਂ ਜਾਣੂ ਰਹਿ ਸਕਣ। ਇਹ ਇੱਕ ਸਿਹਤਮੰਦ ਲੋਕਤੰਤਰ ਦੀ ਸਭ ਤੋਂ ਵੱਡੀ ਪਛਾਣ ਹੋਵੇਗੀ।

# ਇੱਕ ਕਿਰਤੀ ਗੁਰਸਿੱਖ ਭਾਈ ਲਾਲੋ

ਜਸਵਿੰਦਰ ਸਿੰਘ 'ਰੁਪਾਲ'
98147-15796
ਪੰਜਾਬ ਮੇਲ USA





ਭਾਈ ਲਾਲੋ ਜੀ ਅਣਵੰਡੇ ਪੰਜਾਬ ਦੇ ਪਿੰਡ ਸੈਦਪੁਰ, ਐਮਨਾਬਾਦ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਦੇ ਰਹਿਣ ਵਾਲੇ ਸਨ। ਆਪ ਦਾ ਜਨਮ 1452 ਈਸਵੀ ਨੂੰ ਪਿਤਾ ਸ਼੍ਰੀ ਜਗਤ ਰਾਮ ਦੇ ਘਰ, ਮਾਤਾ ਖੇਮੋ ਦੀ ਕੁੱਖੋਂ ਹੋਇਆ। ਜਨਮ ਤਾਰੀਖ ਬਹੁਤੇ ਸਰੋਤਾਂ ਵਿਚ ਨਹੀਂ ਮਿਲਦੀ। ਪਰ ਫੇਰ ਵੀ 11 ਅੱਸੂ ਨੂੰ ਆਪ ਜੀ ਦਾ ਜਨਮ ਹੋਇਆ ਮੰਨਿਆ ਜਾਂਦਾ ਹੈ। ਸੰਤਾਨ ਪੱਖੋਂ ਆਪ ਜੀ ਦੇ ਇੱਕ ਪੁੱਤਰੀ ਬੀਬੀ ਰੱਜੀ ਦਾ ਜ਼ਿਕਰ ਮਿਲਦਾ ਹੈ, ਜਿਸ ਦੀ ਔਲਾਦ ਪਿੰਡ ਤਤਲਾ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਵਿਚ ਵੱਸਦੀ ਹੈ। ਭਾਈ ਲਾਲੋ ਜੀ ਰਾਮਗੜ੍ਹੀਆ ਬਿਰਾਦਰੀ ਵਿਚੋਂ ਹੋਣ ਕਰਕੇ ਤਰਖਾਣਾਂ ਦਾ ਕੰਮ ਕਰਦੇ ਸਨ। ਆਪ ਸ਼ਾਂਤ ਸੁਭਾਅ ਦੇ, ਪਰਮਾਤਮਾ ਤੋਂ ਡਰਨ ਵਾਲੇ, ਇਮਾਨਦਾਰੀ ਦੀ ਕਿਰਤ ਕਰਨ ਵਾਲੇ, ਸਾਧੂ ਸੰਤਾਂ ਦਾ ਸਤਿਕਾਰ ਕਰਨ ਵਾਲੇ ਅਤੇ ਸੰਤੋਖੀ ਬਿਰਤੀ ਦੇ ਸਨ। ਉਹ ਆਪਣੇ ਤਰਖਾਣਾਂ ਕੰਮ ਦੇ ਨਾਲ-ਨਾਲ ਹਕੀਮੀ ਵੀ ਕਰਦੇ ਸਨ ਪਰ ਇਹ ਉਹ ਸਿਰਫ ਸੇਵਾ ਭਾਵ ਨਾਲ ਹੀ ਕਰਦੇ ਸਨ। ਕਿਸੇ ਤੋਂ ਵੀ ਦਵਾਈ ਬੂਟੀ ਦੇ ਕੇ ਉਸਦੇ ਇਵਜ਼ ਵਿਚ ਕੁਝ ਨਹੀਂ ਸੀ ਲੈਂਦੇ। ਪਿੰਡ ਵਿਚ ਹਰੇਕ ਦਾ ਉਹ ਸਤਿਕਾਰ ਕਰਦੇ ਸਨ, ਲੋੜਵੰਦਾਂ ਦੀ ਮਦਦ ਕਰਦੇ ਸਨ ਅਤੇ ਇੱਕ ਮਿਹਨਤੀ ਅਤੇ ਇਮਾਨਦਾਰ ਇਨਸਾਨ ਵਜੋਂ ਪਿੰਡ ਵਿਚ ਉਨ੍ਹਾਂ ਦੀ ਕਾਫੀ ਇੱਜ਼ਤ ਸੀ।

ਸੰਸਾਰ ਜੇ ਅੱਜ ਭਾਈ ਲਾਲੋ ਜੀ ਦਾ ਨਾਮ ਜਾਣਦਾ ਹੈ, ਤਾਂ ਸਿਰਫ ਗੁਰੂ ਨਾਨਕ ਦੇਵ ਜੀ ਕਰਕੇ। ਗੁਰੂ ਨਾਨਕ ਜੀ ਭਾਈ ਲਾਲੋ ਕੋਲ ਜਾ ਕੇ ਰੁਕੇ ਵੀ ਸਨ ਅਤੇ ਉਨ੍ਹਾਂ ਨੇ ਭਾਈ ਲਾਲੋ ਦੀ ਕਿਰਤ ਦਾ ਪੂਰਾ ਸਤਿਕਾਰ ਕੀਤਾ। ਪ੍ਰੋ. ਸਾਹਿਬ ਸਿੰਘ ਜੀ ਅਨੁਸਾਰ ਗੁਰੂ ਨਾਨਕ ਜੀ ਆਪਣੀ ਪਹਿਲੀ ਉਦਾਸੀ ਸੁਲਤਾਨਪੁਰ ਲੋਧੀ ਤੋਂ 1507 ਈਸਵੀ ਵਿਚ ਪੂਰਬ ਵੱਲ ਆਰੰਭ ਕੀਤੀ ਸੀ। ਰਬਾਬੀ ਭਾਈ ਮਰਦਾਨਾ ਉਨ੍ਹਾਂ ਦੇ ਨਾਲ ਸੀ। ਇਸ ਯਾਤਰਾ ਦੌਰਾਨ ਆਪ ਜੀ ਨੇ ਪ੍ਰਸਿੱਧ ਹਿੰਦੂ ਤੀਰਥਾਂ ਹਰਿਦੁਆਰ, ਗੋਰਖ ਮਤਾ, ਅਯੁੱਧਿਆ, ਪ੍ਰਯਾਗ, ਬਨਾਰਸ, ਜਗਣਨਾਥਪੁਰੀ, ਮਦੁਰਾਈ, ਰਮੇਸ਼ੂਰਮ, ਸੋਮਨਾਥ ਦਵਾਰਿਕਾ, ਪੁਸ਼ਕਰ ਮਥਰਾ ਬਿੰਦਰਾਬਨ ਅਤੇ ਕੁਰੂਕਸ਼ੇਤਰ ਤੋਂ ਇਲਾਵਾ ਸਿੰਗਲਦੀਪ, ਸਿੱਕਮ, ਅਸਾਮ, ਬੰਗਾਲ, ਉੜੀਸਾ, ਦਰਾਵੜ ਦੇਸ਼, ਬੰਬਈ, ਔਰੰਗਾਬਾਦ, ਉਜੈਨ, ਕੱਛ, ਅਜਮੇਰ ਆਦਿ ਸਥਾਨਾਂ ਦੀ ਯਾਤਰਾ ਕੀਤੀ। ਇਸ ਪਹਿਲੀ ਉਦਾਸੀ ਦੌਰਾਨ ਗੁਰੂ ਜੀ ਮਰਦਾਨੇ ਸਮੇਤ, ਭਾਈ ਲਾਲੋ ਦੇ ਘਰ ਰੁਕੇ। ਪਰ ਉਨ੍ਹਾਂ ਦੀ ਇਹ ਠਹਿਰ ਕਿੰਨੇ ਸਮੇਂ ਲਈ ਸੀ, ਇਤਿਹਾਸਕ ਸਰੋਤ ਪੱਕਾ ਨਹੀਂ ਦੱਸਦੇ। ਜਾਪਦਾ ਹੈ ਇਹ ਠਹਿਰ ਕੁਝ ਦਿਨਾਂ ਦੀ ਹੀ ਸੀ।

ਗੁਰੂ ਨਾਨਕ ਜੀ ਆਪਣੀ ਤੀਸਰੀ ਉਦਾਸੀ ਸਮੇਂ (1517-1521 ਈਸਵੀ) ਦੂਸਰੀ ਬਾਰ ਭਾਈ ਲਾਲੋ ਦੇ ਘਰ ਆਏ। ਇਸ ਵਾਰੀ ਗੁਰੂ ਜੀ ਦੀ ਠਹਿਰ ਕੁਝ ਹਫਤਿਆਂ ਦੀ ਮੰਨੀ ਜਾਂਦੀ ਹੈ। ਇਸੇ ਸਮੇਂ ਦੌਰਾਨ ਬਾਬਰ ਨੇ ਭਾਰਤ 'ਤੇ ਹਮਲਾ ਕੀਤਾ ਸੀ। ਬਾਬਰ ਨੇ 1520 ਈਸਵੀ ਵਿਚ ਭਾਰਤ 'ਤੇ ਪਹਿਲਾ ਹਮਲਾ ਕੀਤਾ। ਜਿਸ ਵਿਚ ਭੇਰਾ, ਸਿਆਲਕੋਟ ਅਤੇ ਸੈਦਪੁਰ 'ਤੇ ਹਮਲਾ ਕਰਕੇ ਇਹ ਕਬਜ਼ੇ ਵਿਚ ਲੈ ਲਏ ਸਨ। ਪ੍ਰਿੰ. ਸਤਿਬੀਰ ਸਿੰਘ ਜੀ ਆਪਣੀ ਪੁਸਤਕ ਬਲਿਓ ਚਿਰਾਗ ਵਿਚ ਲਿਖਦੇ ਹਨ ਕਿ ਗੁਰੂ ਨਾਨਕ ਜੀ ਜਦੋਂ ਸੈਦਪੁਰ ਆਏ, ਤਾਂ ਆਪਣਾ ਡੇਰਾ ਪਿੰਡ ਤੋਂ ਬਾਹਰ ਲਗਾਇਆ। ਇਹ ਧਰਤੀ ਰੋੜ੍ਹਾਂ ਵਾਲੀ ਸੀ, ਜੋ ਗੁਰੂ ਜੀ ਦੇ ਆਉਣ ਕਾਰਨ ਪੂਜਣਯੋਗ ਬਣ ਗਈ ਸੀ। ਭਾਈ ਲਾਲੋ ਗੁਰੂ ਨਾਨਕ ਜੀ ਦੀ ਮਿਕਨਾਤੀਸੀ ਸ਼ਖਸੀਅਤ ਦਾ ਬੱਧਾ ਖਿੱਚਿਆ ਗਿਆ। ਜ਼ਿਕਰ ਹੈ ਕਿ ਜਦੋਂ ਗੁਰੂ ਨਾਨਕ ਸਾਹਿਬ ਭਾਈ ਲਾਲੋ ਦੇ ਘਰ ਗਏ, ਉਹ ਕਿਲੇ ਘੜ ਰਿਹਾ ਸੀ। ਬਾਬੇ ਕਿਹਾ, "ਕਿਲੇ ਹੀ ਘੜੀ ਜਾਏਂਗਾ ਜਾਂ ਮਨ ਨੂੰ ਵੀ ਘੜ੍ਹੇਗਾ?" ਭਾਈ ਲਾਲੋ ਨੂੰ ਗੱਲ ਸਮਝ ਆ ਗਈ। ਉਨ੍ਹਾਂ ਸੰਗਤ ਕੀਤੀ ਅਤੇ ਸ਼ਬਦ ਜਾਪ ਨਾਲ ਆਪਣੇ ਮਨ ਦੀ ਘਾੜਤ ਘੜਨੀ ਆਰੰਭ ਕੀਤੀ।

ਉਸ ਸਮੇਂ ਜਾਤ-ਪਾਤ ਅਤੇ ਛੂਤ-ਛਾਤ ਦਾ ਬੋਲਬਾਲਾ ਹੈ ਸੀ। ਇਸੇ ਲਈ ਭਾਈ ਲਾਲੋ ਜੀ ਨੇ ਗੁਰੂ ਨਾਨਕ ਜੀ ਨੂੰ ਖਾਣਾ ਪੂਰੀ ਸ਼ੁੱਧਤਾ ਅਤੇ ਸੁੱਚਮ ਨਾਲ ਤਿਆਰ ਕਰਵਾਇਆ। ਉਪਰੰਤ ਗੁਰੂ ਸਾਹਿਬ ਨੂੰ ਕਿਹਾ, "ਚੌਂਕੇ ਵਿਚ ਚੱਲੋ ਅਤੇ ਭੋਜਨ ਪਾਓ।" ਕਿਉਂਕਿ ਚੌਂਕਾ ਵੀ ਪੂਰਾ ਸੁੱਚਾ ਕੀਤਾ ਗਿਆ ਸੀ। ਗੁਰੂ ਨਾਨਕ ਬੋਲੇ, "ਲਾਲੋ! ਸਾਰੀ ਧਰਤੀ ਹੀ ਚੌਂਕਾ ਹੈ। ਸੱਚ ਵਿਚ ਰੱਤਿਆਂ ਸਾਰੀ ਸੁੱਚ ਹੋ ਜਾਂਦੀ ਹੈ। ਤੂੰ ਭੋਜਨ ਇੱਥੇ ਹੀ ਲੈ ਆ।" ਤਦ ਭਾਈ ਲਾਲੋ ਜੀ ਕੋਧਰੇ ਦੀ ਰੋਟੀ ਅਤੇ ਸਾਗ ਲੈ ਆਏ। ਜਿਸ ਵਿਚੋਂ ਬਾਬੇ ਨੂੰ ਅਤੇ ਮਰਦਾਨੇ ਨੂੰ ਅੰਮ੍ਰਿਤ ਵਰਗਾ ਸਵਾਦ ਆਇਆ। ਇਸ ਤਰ੍ਹਾਂ ਗੁਰੂ ਬਾਬੇ ਨੇ ਆਪਣਾ ਸਿਧਾਂਤ ਦ੍ਰਿੜ੍ਹ ਕਰਵਾਇਆ।

ਜਨਮ ਸਾਖੀ ਸਾਹਿਤ ਅਨੁਸਾਰ ਸੈਦਪੁਰ ਦੇ ਸ਼ਾਸਕ ਜਾਲਿਮ ਖਾਨ ਦਾ ਇੱਕ ਰਿਸ਼ਵਤਖੋਰ ਅਹਿਲਕਾਰ ਮਲਕ ਭਾਗੋ ਵੀ ਰਹਿੰਦਾ ਸੀ। ਜਿਸ ਨੇ ਬੇਈਮਾਨੀ ਕਰਕੇ ਕਾਫੀ ਦੌਲਤ ਇਕੱਠੀ ਕੀਤੀ ਹੋਈ ਸੀ। ਉਸ ਨੇ ਇੱਕ ਵਾਰੀ ਆਪਣੇ ਮਾਪਿਆਂ ਦੇ ਸਰਾਧ ਕਰਨ ਲਈ ਵੱਡਾ ਭੋਜ ਕੀਤਾ, ਜਿਸ ਵਿਚ ਸਭ ਨੂੰ ਸੱਦਾ ਭੇਜਿਆ ਗਿਆ। ਗੁਰੂ ਨਾਨਕ ਜੀ ਕੋਲ ਵੀ ਜਦੋਂ ਸੱਦਾ ਆਇਆ, ਤਾਂ ਉਨ੍ਹਾਂ ਨੇ ਇਨਕਾਰ ਕਰ ਦਿੱਤਾ ਕਿ ਅਸੀਂ ਇੱਥੇ ਭਾਈ ਲਾਲੋ ਕੋਲ ਬਹੁਤ ਖੁਸ਼ ਹਾਂ। ਗੁਰੂ ਸਾਹਿਬ ਜੀ ਦਾ ਤਰਕ ਸੀ ਕਿ ਇਮਾਨਦਾਰੀ ਨਾਲ ਕਿਰਤ ਕਰ ਕੇ ਕਮਾਈ ਹੋਈ ਰੋਟੀ ਖਾਧੀ ਜਾਵੇ, ਤਾਂ ਭਜਨ ਬੰਦਗੀ ਵਿਚ ਮਨ ਟਿਕਦਾ ਹੈ। ਇਲਾਕੇ ਦੇ ਪੰਡਿਤ ਜਿਹੜੇ ਇਸ ਗੱਲ ਤੋਂ ਪਹਿਲਾਂ ਹੀ ਕਾਫੀ ਔਖੇ ਸਨ ਕਿ ਗੁਰੂ ਨਾਨਕ ਜੀ ਨੇ ਕਥਿਤ ਨੀਵੀਂ ਜਾਤ ਵਾਲੇ ਨੂੰ ਮਾਣ ਦਿੱਤਾ ਹੈ, ਉਨ੍ਹਾਂ ਨੂੰ ਮੌਕਾ ਮਿਲ ਗਿਆ ਅਤੇ ਉਨ੍ਹਾਂ ਨੇ ਮਲਕ ਭਾਗੋ ਕੋਲ ਗੁਰੂ ਨਾਨਕ ਵਿਰੁੱਧ ਬੋਲਣਾ ਸ਼ੁਰੂ ਕਰ ਦਿੱਤਾ ਕਿ ਉਸਨੇ ਮਲਕ ਭਾਗੋ ਦਾ ਸੱਦਾ ਠੁਕਰਾ ਕੇ ਉਸਦਾ ਅਪਮਾਨ ਕੀਤਾ ਹੈ ਅਤੇ ਨਾਨਕ ਹੰਕਾਰੀ ਹੈ। ਉਹ ਭਾਰਤੀ ਪ੍ਰੰਪਰਾ ਦਾ ਸਤਿਕਾਰ ਨਹੀਂ ਕਰਦਾ ਆਦਿ-ਆਦਿ। ਮਲਕ ਭਾਗੋ ਦੀ ਹਉਮੈ ਹੋਰ ਵਧ ਗਈ ਅਤੇ ਉਸਨੇ ਕੁਝ ਅਹਿਲਕਾਰ ਗੁਰੂ ਨਾਨਕ ਨੂੰ ਮੁੜ ਲੈ ਕੇ ਆਉਣ ਲਈ ਭੇਜੇ ਅਤੇ ਕਿਹਾ ਕਿ ਲੋੜ ਪੈਣ 'ਤੇ ਉਹ ਜਬਰੀ ਉਠਾ ਲਿਆਉਣ। ਗੁਰੂ ਨਾਨਕ ਉਨ੍ਹਾਂ ਦੇ ਜ਼ੋਰ ਦੇਣ 'ਤੇ ਨਾਲ ਚੱਲ ਪਏ। ਮਲਕ ਭਾਗੋ ਨੇ ਪੁੱਛਿਆ ਕਿ ਤੁਸੀਂ ਮੇਰਾ ਸੱਦਾ ਸਵੀਕਾਰ ਕਿਉਂ ਨਹੀਂ ਕੀਤਾ। ਬਾਬੇ ਨੇ ਕਿਹਾ ਕਿ ਤੇਰੀ ਕਿਰਤ ਇਮਾਨਦਾਰੀ ਦੀ ਨਹੀਂ ਹੈ। ਤੂੰ ਲੋਕਾਂ ਨੂੰ ਲੁੱਟਦਾ ਰਿਹਾ ਹੈਂ। ਤੇਰੇ ਖਾਣੇ ਵਿਚ ਉਨ੍ਹਾਂ ਕਿਰਤੀਆਂ ਅਤੇ ਮਿਹਨਤਕਸ਼ਾਂ ਦਾ ਖ਼ੂਨ ਹੈ। ਭਾਈ ਲਾਲੋ ਦੀ ਇਮਾਨਦਾਰੀ ਅਤੇ ਦਸਾਂ ਨਹੁੰਆਂ ਦੀ ਕੀਤੀ ਕਮਾਈ ਵਾਲੇ ਸਾਦੇ ਖਾਣੇ ਵਿਚੋਂ ਵੀ ਦੁੱਧ ਦੇ ਅੰਮ੍ਰਿਤ ਦਾ ਸੁਆਦ ਆਉਂਦਾ ਹੈ। ਜਨਮ ਸਾਖੀ ਅਨੁਸਾਰ ਗੁਰੂ ਜੀ ਨੇ ਇੱਕ ਹੱਥ ਵਿਚ ਮਲਕ ਭਾਗੋ ਦੀ ਪੂੜੀ ਅਤੇ ਦੂਸਰੇ ਵਿਚ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਲੈ ਕੇ ਨਿਚੋੜੀ। ਪੂੜੀ ਵਿਚੋਂ ਖ਼ੂਨ ਦੀਆਂ ਧਾਰਾਂ ਅਤੇ ਕੋਧਰੇ ਦੀ ਰੋਟੀ ਵਿਚੋਂ ਦੁੱਧ ਦੀਆਂ ਧਾਰਾਂ ਚੋਈਆਂ। ਸਾਖੀ ਦੀ ਇਸ ਕਰਾਮਾਤੀ ਘਟਨਾ ਨੂੰ ਛੱਡ ਵੀ ਦੇਈਏ, ਤਦ ਵੀ ਮਲਕ ਭਾਗੋ ਨੂੰ ਕਿਸੇ ਨੇ ਅੱਜ ਤੱਕ ਟੋਕਿਆ ਨਹੀਂ ਸੀ। ਐਨੇ ਸਪੱਸ਼ਟ ਸ਼ਬਦਾਂ ਵਿਚ ਇੱਕ ਫਕੀਰ ਦੇ ਮੂੰਹੋਂ ਸੱਚੇ ਬੋਲ ਸੁਣ ਕੇ ਉਸਦਾ ਧੁਰ ਅੰਦਰ ਕੰਬ ਗਿਆ। ਉਸਨੂੰ ਤਾਂ ਪਤਾ ਹੀ ਸੀ ਕਿ ਉਸਦੀ ਆਮਦਨ ਲੋਕਾਂ ਦੀ ਲੁੱਟ ਤੋਂ ਹੀ ਸੀ। ਜਦੋਂ ਗੁਰੂ ਬਾਬੇ ਨੇ ਹੋਰ ਵਿਸਥਾਰ ਵਿਚ ਸਮਝਾਇਆ ਕਿ ਇਸ ਤਰ੍ਹਾਂ ਨਾਲ ਉਹ ਕਿੰਨਾ ਵੱਡਾ ਗੁਨਾਹ ਕਰ ਰਿਹਾ ਹੈ। ਕਿੰਨੀਆਂ ਬਦਅਸੀਸਾਂ ਲੈ ਰਿਹਾ ਹੈ, ਤਾਂ ਉਸਨੇ ਗੁਰੂ ਨਾਨਕ ਜੀ ਤੋਂ ਮੁਆਫ਼ੀ ਮੰਗੀ। ਮਲਕ ਭਾਗੋ ਨੂੰ ਤਾਂ ਰਿਸ਼ਵਤ ਵਾਲੇ ਉਸ ਖ਼ੂਨ ਦਾ ਪਤਾ ਹੀ ਸੀ। ਇਸ ਤਰ੍ਹਾਂ ਭਾਈ ਲਾਲੋ ਜੀ ਦੀ ਸੁੱਚੀ ਕਿਰਤ ਨੂੰ ਮਾਣ ਦਿਵਾਇਆ। ਭਾਈ ਲਾਲੋ ਧੰਨ ਹੋ ਗਿਆ। ਗੁਰੂ ਨਾਨਕ ਦਾ ਪਹਿਲਾ ਸਿਧਾਂਤ ਹੀ ਕਿਰਤ ਕਰੋ ਦਾ ਹੈ। ਇਹੀ ਉਨ੍ਹਾਂ ਨੇ ਆਪਣੇ ਜੀਵਨ ਵਿਚ ਵੀ ਹੰਢਾਇਆ ਅਤੇ ਆਪਣੀ ਬਾਣੀ ਰਾਹੀਂ ਵੀ ਇਹੀ ਸਿਧਾਂਤ ਦ੍ਰਿੜ੍ਹ ਕਰਵਾਇਆ:-

* ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥..........(ਪੰਨਾ ੧੨੪੫, ਸਲੋਕ ਮ: ੧)

ਜਿੱਥੇ ਗੁਰੂ ਨਾਨਕ ਜੀ ਨੇ ਹੱਥੀਂ ਕਿਰਤ ਕਰਨ ਵਾਲੇ ਮਿਹਨਤਕਸ਼ਾਂ ਨੂੰ ਵਡਿਆਇਆ ਹੈ, ਉੱਥੇ ਦੂਸਰੇ ਦਾ ਮਾਲ ਲੁੱਟ ਕੇ ਖਾਣ ਵਾਲੇ ਦੀ ਕਰੜੀ ਆਲੋਚਨਾ ਕੀਤੀ ਹੈ ਅਤੇ ਬਾਣੀ ਰਾਹੀਂ ਵੀ ਪਰਾਇਆ ਹੱਕ ਖਾਣ ਤੋਂ ਵਰਜਿਆ ਹੈ।

* ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾਂ ਭਰੈ ਜਾ ਮੁਰਦਾਰੁ ਨ ਖਾਇ॥.......... (ਪੰਨਾ ੧੪੧, ਮ: ੧)

ਬਾਬਰ ਦੇ ਹਮਲੇ ਬਾਰੇ ਗੁਰੂ ਨਾਨਕ ਸਾਹਿਬ ਨੇ ਜੋ ਸ਼ਬਦ ਉਚਾਰੇ ਉਹ ਬਾਬਰਬਾਣੀ ਦੇ ਨਾਮ ਨਾਲ ਪ੍ਰਸਿੱਧ ਹਨ। ਗੁਰੂ ਸਾਹਿਬ ਦੇ ਉਹ ਚਾਰ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ। ਇਹ ਚਾਰ ਸ਼ਬਦ ਇਹ ਹਨ:-

* ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ॥..........(ਪੰਨਾ ੭੨੨, ਤਿਲੰਗ ਮਹਲਾ ੧)

* ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥..........(ਪੰਨਾ ੩੬੦,ਆਸਾ ਮਹਲਾ ੧)

* ਜਿਨਿ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥..........(ਪੰਨਾ ੪੧੭, ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੩)

* ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ॥..........(ਪੰਨਾ ੪੧੭, ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੩)

ਇਨ੍ਹਾਂ ਵਿਚੋਂ ਪਹਿਲਾ ਸ਼ਬਦ ਭਾਈ ਲਾਲੋ ਜੀ ਨੂੰ ਸਿੱਧਾ ਸੰਬੋਧਨ ਕਰਕੇ ਉਚਾਰਿਆ ਗਿਆ ਹੈ। ਜਦਕਿ ਬਾਕੀ ਦੇ ਇਹ ਸ਼ਬਦ ਵੀ ਇਸੇ ਸਮੇਂ ਦੇ ਉਚਾਰਨ ਕੀਤੇ ਹੋਏ ਹਨ। ਪਹਿਲੇ ਸ਼ਬਦ ਦੇ ਅਰਥ ਦੇਖੀਏ ਤਾਂ ਦੇਖਦੇ ਹਾਂ ਕਿ ਇਸ ਵਿਚ ਗੁਰੂ ਨਾਨਕ ਸਾਹਿਬ ਬਾਬਰ ਨੂੰ ਪਾਪ ਕੀ ਜੰਞ ਲੈ ਕੇ ਆਉਣ ਵਾਲਾ ਆਖ ਰਹੇ ਹਨ। ਜਿਹੜਾ ਧੱਕੇ ਨਾਲ ਇਸ ਮਾਤਰ ਭੂਮੀ ਦੇ ਖਜ਼ਾਨੇ ਦੀ ਮੰਗ ਕਰਦਾ ਹੈ। ਗੁਰੂ ਨਾਨਕ ਭਾਈ ਲਾਲੋ ਨਾਲ ਬਾਬਰ ਦੇ ਜ਼ੁਲਮ ਦੀ ਗੱਲ ਕਰਦੇ ਹਨ ਅਤੇ ਆਖਦੇ ਹਨ ਕਿ ਸੱਚ ਬੋਲਣ ਦੇ ਸਮੇਂ ਨਾਨਕ ਸੱਚ ਦੇ ਬਚਨ ਸੁਣਾਉਂਦਾ ਹੈ। ਗੁਰੂ ਨਾਨਕ ਜੀ ਦੇ ਇਹ ਸ਼ਬਦ ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਵਾਲੇ ਹਨ। ਉਹ ਭਾਈ ਲਾਲੋ ਨੂੰ ਸਾਰੀ ਸੱਚਾਈ ਦੱਸਦੇ ਹੋਏ ਉਸਦੇ ਰਾਹੀਂ ਆਪਣੇ ਸਿੱਖਾਂ ਨੂੰ ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਦੀ ਪ੍ਰੇਰਨਾ ਕਰਦੇ ਹਨ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਇੱਕ ਹੋਰ ਬਿਰਤਾਂਤ ਲਿਖਦੇ ਹਨ ਕਿ ਨਵਾਬ ਦਾ ਬੇਟਾ ਬਿਮਾਰ ਹੋ ਗਿਆ। ਕਿਸੇ ਦੇ ਕਹਿਣ 'ਤੇ ਸਾਰੇ ਫਕੀਰ ਕੈਦ ਕਰ ਲਏ ਕਿ ਬੱਚੇ ਲਈ ਦੁਆ ਕਰੋ। ਮਲਕ ਭਾਗੋ ਜੋ ਅਜੇ ਧੁਰ ਅੰਦਰੋਂ ਹਉਮੈ ਨਹੀਂ ਸੀ ਛੱਡ ਸਕਿਆ ਅਤੇ ਗੁਰੂ ਨਾਨਕ ਦੇ ਉਸਦੇ ਭੋਜਨ ਨੂੰ ਠੁਕਰਾਉਣ ਵਾਲੀ ਗੱਲ ਅਜੇ ਦਿਲ ਤੋਂ ਪੂਰੀ ਤਰ੍ਹਾਂ ਗਈ ਨਹੀਂ ਸੀ, ਕੁਝ ਕੁਝ ਅਪਮਾਨਿਤ ਹੋਇਆ ਵੀ ਮੰਨਦਾ ਸੀ। ਉਸਨੇ ਨਵਾਬ ਨੂੰ ਗੁਰੂ ਨਾਨਕ ਦੀ ਦੱਸ ਪਾਈ ਕਿ ਉਸਨੂੰ ਵੀ ਕੈਦ ਕਰੋ ਅਤੇ ਦੁਆ ਲਈ ਆਖੋ। ਨਵਾਬ ਨੇ ਕੁਝ ਸਿਪਾਹੀ ਗੁਰੂ ਨਾਨਕ ਨੂੰ ਲਿਆਉਣ ਲਈ ਭੇਜ ਦਿੱਤੇ। ਗੁਰੂ ਜੀ ਬੋਲੇ ਕਿ ਖ਼ੈਰ ਜ਼ੋਰ ਨਾਲ ਨਹੀਂ ਮਿਲਦੀ ਹੁੰਦੀ। ਜਿਨ੍ਹਾਂ ਫਕੀਰਾਂ ਨੂੰ ਜ਼ੋਰ ਨਾਲ ਕੈਦ ਕਰ ਰਿਹਾ ਹੈਂ, ਉਹ ਕਿਵੇਂ ਤੇਰੇ ਪੁੱਤ ਲਈ ਖੈਰ ਮੰਗ ਸਕਦੇ ਹਨ। ਨਵਾਬ ਨੂੰ ਪਤਾ ਲੱਗਿਆ, ਸ਼ਰਮਿੰਦਾ ਹੋਇਆ। ਆਪ ਆਇਆ ਬੇਨਤੀ ਕੀਤੀ ਕਿ ਮਿਹਰ ਕਰੋ। ਬਾਬਾ ਜੀ ਦੇ ਕਹਿਣ 'ਤੇ ਸਾਰੇ ਫਕੀਰ ਛੱਡੇ। ਫੇਰ ਪੁੱਤਰ ਦੇ ਠੀਕ ਹੋਣ ਦੀ ਬੇਨਤੀ ਕੀਤੀ। ਪਹਿਲਾਂ ਤਾਂ ਬਾਬੇ ਇਹੀ ਕਿਹਾ ਕਿ ਹੁਕਮ ਮੰਨਣਾ ਸਿੱਖ। ਜੋ ਦਾਤੇ ਨੂੰ ਮਨਜ਼ੂਰ ਹੈ, ਉਹ ਹੋਣ ਦੇ। ਪਰ ਨਵਾਬ ਤਰਲੇ ਲੈਣ ਲੱਗਿਆ। ਤਾਂ ਗੁਰੂ ਨਾਨਕ ਨੇ ਭਾਈ ਲਾਲੋ ਦੇ ਘਰੋਂ ਜੂਠਾ ਟੁੱਕਰ ਮੰਗਵਾ ਕੇ ਨਵਾਬ ਦੇ ਪੁੱਤਰ ਨੂੰ ਖਵਾਇਆ ਤੇ ਉਹ ਤੰਦਰੁਸਤ ਹੋਇਆ। ਗੁਰੂ ਜੀ ਨੇ ਸਮਦ੍ਰਿਸ਼ਟੀ, ਖਲਕਤ ਨਾਲ ਪਿਆਰ ਅਤੇ ਇਮਾਨਦਾਰੀ ਦੀ ਕਿਰਤ ਕਰਨ ਦਾ ਉਪਦੇਸ਼ ਦੁਹਰਾਇਆ। ਮਲਕ ਭਾਗੋ ਵੀ ਹੁਣ ਧੁਰ ਅੰਦਰੋਂ ਬਦਲ ਗਿਆ ਅਤੇ ਉਸਨੇ ਗੁਰੂ ਨਾਨਕ ਜੀ ਤੋਂ ਖਿਮਾ ਮੰਗੀ। ਗੁਰੂ ਸਾਹਿਬ ਨੇ ਸਭ ਨੂੰ ਪ੍ਰਮਾਤਮਾ ਦਾ ਨਾਮ ਜਪਣ ਅਤੇ ਉਸਦੀ ਲੋਕਾਈ ਨਾਲ ਪਿਆਰ ਕਰਨ ਅਤੇ ਉਨ੍ਹਾਂ ਦੀ ਸੇਵਾ ਕਰਨ ਦਾ ਉਪਦੇਸ਼ ਦਿੱਤਾ।

ਭਾਈ ਲਾਲੋ ਜੀ ਉਮਰ ਵਿਚ ਗੁਰੂ ਨਾਨਕ ਜੀ ਤੋਂ ਲਗਭਗ 17 ਸਾਲ ਵੱਡੇ ਸਨ। ਪਰ ਉਨ੍ਹਾਂ ਨੇ ਗੁਰੂ ਨਾਨਕ ਨੂੰ ਧੁਰ ਅੰਦਰੋਂ ਗੁਰੂ ਮੰਨ ਕੇ ਉਨ੍ਹਾਂ ਦਾ ਉਪਦੇਸ਼ ਗ੍ਰਹਿਣ ਕੀਤਾ। ਗੁਰੂ ਨਾਨਕ ਸਾਹਿਬ ਜਿੱਥੇ ਵੀ ਜਾਂਦੇ ਸਨ, ਸੰਗਤ ਸਥਾਪਿਤ ਕਰ ਦਿੰਦੇ ਸਨ। ਭਾਈ ਲਾਲੋ ਨੂੰ ਉਸ ਇਲਾਕੇ ਦੀ ਸੰਗਤ ਦਾ ਮੁਖੀ ਥਾਪਿਆ ਗਿਆ। ਜਿੱਥੇ ਉਨ੍ਹਾਂ ਨੇ ਗੁਰੂ ਨਾਨਕ ਦੇ ਮੂਲ ਸਿਧਾਂਤ ਕਿਰਤ ਕਰੋ, ਨਾਮ ਜਪੋ ਅਤੇ ਵੰਡ ਕੇ ਛਕੋ ਦਾ ਪ੍ਰਚਾਰ ਕੀਤਾ। ਸਭ ਨੂੰ ਸਮਦ੍ਰਿਸ਼ਟੀ ਸਿਖਾਈ। 1531 ਈਸਵੀ ਵਿਚ ਪਿੰਡ ਤਤਲਾ ਵਿਖੇ ਗੁਰੂ ਨਾਨਕ ਦਾ ਕਿਰਤੀ ਸਿੱਖ ਇਸ ਸੰਸਾਰ ਨੂੰ ਅਲਵਿਦਾ ਆਖ ਗਿਆ। ਅੱਜ ਦੇ ਸਿੱਖਾਂ ਨੂੰ ਹੀ ਨਹੀਂ, ਸਗੋਂ ਸਮੁੱਚੀ ਮਾਨਵਤਾ ਨੂੰ ਉਨ੍ਹਾਂ ਦੇ ਇਮਾਨਦਾਰੀ ਨਾਲ ਕਿਰਤ ਕਰਨ ਤੋਂ ਸੇਧ ਲੈਣੀ ਚਾਹੀਦੀ ਹੈ ਅਤੇ ਨਾ ਕਿਸੇ ਨੂੰ ਲੁੱਟਣਾ ਚਾਹੀਦਾ ਹੈ ਅਤੇ ਨਾ ਹੀ ਕਿਸੇ ਨੂੰ ਲੁੱਟਣ ਦੇਣਾ ਚਾਹੀਦਾ ਹੈ।

**ਉਸ ਸਮੇਂ ਜਾਤ-ਪਾਤ ਅਤੇ ਛੂਤ-ਛਾਤ ਦਾ ਬੋਲਬਾਲਾ ਹੈ ਸੀ। ਇਸੇ ਲਈ ਭਾਈ ਲਾਲੋ ਜੀ ਨੇ ਗੁਰੂ ਨਾਨਕ ਜੀ ਨੂੰ ਖਾਣਾ ਪੂਰੀ ਸ਼ੁੱਧਤਾ ਅਤੇ ਸੁੱਚਮ ਨਾਲ ਤਿਆਰ ਕਰਵਾਇਆ। ਉਪਰੰਤ ਗੁਰੂ ਸਾਹਿਬ ਨੂੰ ਕਿਹਾ, "ਚੌਂਕੇ ਵਿਚ ਚੱਲੋ ਅਤੇ ਭੋਜਨ ਪਾਓ।" ਕਿਉਂਕਿ ਚੌਂਕਾ ਵੀ ਪੂਰਾ ਸੁੱਚਾ ਕੀਤਾ ਗਿਆ ਸੀ। ਗੁਰੂ ਨਾਨਕ ਬੋਲੇ, "ਲਾਲੋ! ਸਾਰੀ ਧਰਤੀ ਹੀ ਚੌਂਕਾ ਹੈ। ਸੱਚ ਵਿਚ ਰੱਤਿਆਂ ਸਾਰੀ ਸੁੱਚ ਹੋ ਜਾਂਦੀ ਹੈ। ਤੂੰ ਭੋਜਨ ਇੱਥੇ ਹੀ ਲੈ ਆ।"**

# ਫਰੀਦਾ ਬੁਰੇ ਦਾ ਭਲਾ ਕਰਿ

- ਪ੍ਰੋ. ਨਵ ਸੰਗੀਤ ਸਿੰਘ
# 1, ਲਤਾ ਗਰੀਨ ਐਨਕਲੇਵ,
ਪਟਿਆਲਾ-147002
(9417692015)
ਪੰਜਾਬ ਮੇਲ USA



ਸੂਫੀ ਦਰਵੇਸ਼ਾਂ ਵਿਚ ਬਾਬਾ ਸ਼ੇਖ ਫ਼ਰੀਦ ਸਭ ਤੋਂ ਸ਼੍ਰੋਮਣੀ ਹੋ ਗੁਜ਼ਰੇ ਹਨ। ਉਨ੍ਹਾਂ ਨੂੰ ਪੰਜਾਬੀ ਦੇ ਆਦਿ-ਕਵੀ ਹੋਣ ਦਾ ਮਾਣ ਪ੍ਰਾਪਤ ਹੈ। ਪੰਜਾਬੀ ਦੇ ਸੂਫ਼ੀ ਕਵੀਆਂ ਵਿਚ ਵੀ ਉਨ੍ਹਾਂ ਦਾ ਸਥਾਨ ਸਭ ਤੋਂ ਪਹਿਲਾ ਹੈ। ਆਪ ਦੇ ਜੀਵਨ-ਕਾਲ ਬਾਰੇ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ, ਪਰ ਸਰਬਸੰਮਤੀ ਨਾਲ ਉਨ੍ਹਾਂ ਦਾ ਸਮਾਂ 1173 ਤੋਂ 1266 ਈ. ਮੰਨਿਆ ਗਿਆ ਹੈ। ਆਪ ਦਾ ਜਨਮ ਖੋਤਵਾਲ/ਕੋਠੇਵਾਲ, ਮੁਲਤਾਨ (ਪਾਕਿਸਤਾਨ) ਵਿਖੇ ਸ਼ੇਖ ਜਮਾਲੁਦੀਨ ਦੇ ਘਰ ਬੀਬੀ ਕੁਰਸੁਮ ਦੀ ਕੁੱਖੋਂ ਹੋਇਆ। ਇਤਿਹਾਸਕ ਹਵਾਲਿਆਂ ਅਨੁਸਾਰ ਆਪਦੀਆਂ ਤਿੰਨ ਬੇਗਮਾਂ ਸਨ- ਬੀਬੀ ਹਜ਼ਬਰਾ (ਸੁਲਤਾਨ ਬਲਬਨ ਦੀ ਬੇਟੀ), ਬੀਬੀ ਸ਼ਾਰਦਾ ਅਤੇ ਬੀਬੀ ਸ਼ਕਰ। ਆਪ ਦੇ ਪੰਜ ਪੁੱਤਰਾਂ ਅਤੇ ਤਿੰਨ ਧੀਆਂ ਦਾ ਜ਼ਿਕਰ ਵੀ ਵਿਦਵਾਨਾਂ ਨੇ ਕੀਤਾ ਹੈ, ਜਿਨ੍ਹਾਂ ਵਿਚ ਖਵਾਜਾ ਨਸੀਰੂਦੀਨ, ਖਵਾਜਾ ਸਿਹਾਬੂਦੀਨ, ਸ਼ੇਖ ਬਦਰੂਦੀਨ ਸੁਲੇਮਾਨ, ਸ਼ੇਖ ਨਿਜ਼ਾਮੂਦੀਨ, ਸ਼ੇਖ ਯਾਕੂਬ (ਸਾਰੇ ਪੁੱਤਰ) ਬੀਬੀ ਮਸਤੂਰਾ, ਬੀਬੀ ਸ਼ਰੀਫਾ ਅਤੇ ਬੀਬੀ ਫ਼ਾਤਿਮਾ (ਸਾਰੀਆਂ ਧੀਆਂ) ਦਾ ਨਾਂ ਸ਼ਾਮਲ ਹੈ। ਬਾਬਾ ਫ਼ਰੀਦ ਜੀ ਦੇ ਬੇਟੇ-ਬੇਟੀਆਂ ਨੇ ਵੀ ਸੂਫ਼ੀ ਦਰਵੇਸ਼ੀ ਜੀਵਨ ਧਾਰਨ ਕੀਤਾ ਅਤੇ ਅਧਿਆਤਮਕ ਮਾਰਗ ਦੇ ਪਾਂਧੀ ਬਣ ਕੇ ਇਸ ਜੀਵਨ-ਜਾਚ ਦੇ ਪ੍ਰਚਾਰ-ਪ੍ਰਸਾਰ ਲਈ ਕਾਰਜਸ਼ੀਲ ਰਹੇ।

ਸ਼ੇਖ ਫ਼ਰੀਦ ਦਾ ਪੂਰਾ ਨਾਂ ਸ਼ੇਖ ਫ਼ਰੀਦੁਦੀਨ ਮਸਊਦ ਗੰਜ-ਏ-ਸ਼ਕਰ ਸੀ। ਆਪ ਦੀ ਮਾਤਾ, ਜੋ ਖ਼ੁਦ ਧਾਰਮਿਕ ਬਿਰਤੀ ਵਾਲੀ ਨੇਕਦਿਲ ਔਰਤ ਸੀ, ਨੇ ਆਪ ਨੂੰ ਪੰਜ ਵੇਲੇ ਦੀ ਨਮਾਜ਼ ਅਦਾ ਕਰਨ ਦੀ ਚੇਟਕ ਲਾਈ। ਆਪਣੇ ਮੁੱਢਲੀ ਵਿਦਿਆ ਪਿੰਡ ਦੇ ਮਦਰੱਸੇ ਤੋਂ ਹਾਸਲ ਕੀਤੀ ਅਤੇ ਪਿੱਛੋਂ ਅਠਾਰਾਂ ਸਾਲ ਦੀ ਉਮਰ ਵਿਚ ਮੁਲਤਾਨ ਆ ਕੇ ਅਰਬੀ, ਫ਼ਾਰਸੀ, ਕੁਰਾਨ, ਹਦੀਸ ਬਾਰੇ ਵਿਸਤ੍ਰਿਤ ਜਾਣਕਾਰੀ ਹਾਸਲ ਕੀਤੀ। ਆਪਨੇ ਛੇਤੀ ਹੀ ਕੁਰਾਨ ਸ਼ਰੀਫ ਜ਼ੁਬਾਨੀ ਯਾਦ ਕਰ ਲਈ। ਮੁਲਤਾਨ ਰਹਿੰਦਿਆਂ ਹੀ ਉਹ ਸੂਫ਼ੀਆਂ ਦੇ ਚਿਸ਼ਤੀ ਸਿਲਸਿਲੇ ਦੇ ਮੁਖੀ ਖਵਾਜ਼ਾ ਕੁਤਬੁਦੀਨ ਬਖ਼ਤਿਆਰ ਕਾਕੀ ਨੂੰ ਮਿਲੇ ਅਤੇ ਪਿੱਛੋਂ ਇਸ ਸੰਪਰਦਾਇ ਦੀ ਵਾਗਡੋਰ ਸੰਭਾਲ ਲਈ।

ਸ਼ੇਖ ਫਰੀਦ ਜੀ ਦੀ ਪ੍ਰਮਾਣਿਕ ਬਾਣੀ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਪਾਕਪਟਨ ਤੋਂ ਸ਼ੇਖ ਬ੍ਰਹਮ ਪਾਸੋਂ ਹਾਸਲ ਕੀਤਾ ਅਤੇ ਪਿੱਛੋਂ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ (1604 ਈ.) ਸਮੇਂ ਇਸ ਨੂੰ ਢੁੱਕਵਾਂ ਸਥਾਨ ਪ੍ਰਦਾਨ ਕੀਤਾ। ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ ਰਚੇ ਚਾਰ ਸ਼ਬਦ (ਦੋ ਰਾਗ ਆਸਾ ਵਿਚ, ਪੰਨਾ 488; ਅਤੇ ਦੋ ਰਾਗ ਸੂਹੀ ਵਿਚ, ਪੰਨਾ 794) ਅਤੇ 'ਸਲੋਕ ਸੇਖ ਫਰੀਦ ਕੇ' (ਪੰਨੇ 1377 ਤੋਂ 1384 ਤੱਕ) ਸਿਰਲੇਖ ਹੇਠ 130 ਸ਼ਲੋਕ ਪ੍ਰਾਪਤ ਹੁੰਦੇ ਹਨ। ਇਨ੍ਹਾਂ 'ਚੋਂ 112 ਸ਼ਲੋਕ ਫ਼ਰੀਦ ਜੀ ਦੇ ਆਪਣੇ ਲਿਖੇ ਹੋਏ ਹਨ, ਜਦਕਿ 18 ਸ਼ਲੋਕ ਵੱਖ-ਵੱਖ ਗੁਰੂ ਸਾਹਿਬਾਨ ਦੁਆਰਾ ਰਚੇ ਹੋਏ ਹਨ। ਇਨ੍ਹਾਂ ਅਠਾਰਾਂ ਸ਼ਲੋਕਾਂ ਦਾ ਮੁਕੰਮਲ ਵੇਰਵਾ ਇਸ ਤਰ੍ਹਾਂ ਹੈ:

* ਗੁਰੂ ਨਾਨਕ ਦੇਵ ਜੀ (ਚਾਰ ਸ਼ਲੋਕ) : ਨੰ. 32, 113, 120, 124.
* ਗੁਰੂ ਅਮਰਦਾਸ ਜੀ (ਪੰਜ ਸ਼ਲੋਕ) : ਨੰ. 13, 52, 104, 122, 123.
* ਗੁਰੂ ਰਾਮਦਾਸ ਜੀ (ਇੱਕ ਸ਼ਲੋਕ) : ਨੰ.121.
* ਗੁਰੂ ਅਰਜਨ ਦੇਵ ਜੀ (ਅੱਠ ਸ਼ਲੋਕ) : ਨੰ. 75, 82, 83, 105, 108, 109, 110, 111.

ਫ਼ਰੀਦ ਜੀ ਦੇ ਬਹੁਤ ਸ਼ਲੋਕ ਤਾਂ ਦੋ-ਦੋ ਪੰਕਤੀਆਂ ਵਾਲ਼ੇ ਹੀ ਹਨ, ਪਰ ਕੁਝ ਇੱਕ ਸ਼ਲੋਕਾਂ ਵਿਚ ਪੰਕਤੀਆਂ ਦੀ ਗਿਣਤੀ ਵਧ ਵੀ ਹੈ, ਜਿਵੇਂ ਸ਼ਲੋਕ ਨੰ. 1 (ਅੱਠ ਪੰਕਤੀਆਂ), ਸ਼ਲੋਕ ਨੰ. 100 (ਛੇ ਪੰਕਤੀਆਂ), ਸ਼ਲੋਕ ਨੰ. 98, 99 (ਚਾਰ-ਚਾਰ ਪੰਕਤੀਆਂ), ਸ਼ਲੋਕ ਨੰ. 49, 97 (ਤਿੰਨ-ਤਿੰਨ ਪੰਕਤੀਆਂ)। ਇਵੇਂ ਹੀ ਇਨ੍ਹਾਂ ਸ਼ਲੋਕਾਂ ਦੇ ਅੰਤਰਗਤ ਦਰਜ ਵਿਭਿੰਨ ਗੁਰੂ ਸਾਹਿਬਾਨਾਂ ਦੇ ਸ਼ਲੋਕ ਵੀ ਦੋ ਜਾਂ ਦੋ ਤੋਂ ਵੱਧ ਪੰਕਤੀਆਂ ਦੇ ਮਿਲਦੇ ਹਨ। ਇਸੇ ਸਿਲਸਿਲੇ ਵਿਚ ਸੂਹੀ ਰਾਗ ਵਿਚ ਦਰਜ ਗੁਰੂ ਨਾਨਕ ਦੇਵ ਜੀ (ਪੰਨਾ 729) ਅਤੇ ਬਾਬਾ ਫ਼ਰੀਦ ਜੀ (ਪੰਨਾ 794) ਜੀ ਦੇ ਸ਼ਬਦ ਵੀ ਵੇਖਣਯੋਗ ਹਨ। ਜਿੱਥੇ ਬਾਬਾ ਫ਼ਰੀਦ ਜੀ ਆਪਣੇ ਸ਼ਬਦ (ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ...) ਵਿਚ ਸਮੱਸਿਆ ਦਾ ਜ਼ਿਕਰ ਕਰ ਰਹੇ ਹਨ, ਉੱਥੇ ਗੁਰੂ ਨਾਨਕ ਦੇਵ ਜੀ ਨੇ (ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ...) ਵਿਚ ਸਮੱਸਿਆ ਤੋਂ ਉਬਰਨ ਦੀ ਜਾਚ ਦੱਸੀ ਹੈ।

ਬੇਸ਼ੱਕ ਬਾਬਾ ਫਰੀਦ ਜੀ ਇਸਲਾਮ ਧਰਮ ਨਾਲ ਸਬੰਧ ਰੱਖਦੇ ਹਨ ਅਤੇ ਉਨ੍ਹਾਂ ਦੀ ਰਚਨਾ ਵਿਚ ਇਸਲਾਮਕ ਸ਼ਬਦਾਵਲੀ ਦੀ ਬਹੁਤਾਤ ਹੈ, ਜਿਵੇਂ ਮਲਕੁ (ਮਲਕੁਲਮਉਤ), ਸ਼ੈਤਾਨ, ਨਮਾਜ਼, ਉਜੂ (ਵੁਜ਼ੂ), ਦੋਜ਼ਕ, ਸਬਰ, ਰਜ਼ਾ, ਜੀਰਾਣ, ਗੋਰ, ਮੁਸੱਲਾ, ਸੂਫ਼, ਦਰਵੇਸ਼, ਅਜ਼ਰਾਈਲ, ਖ਼ੁਦਾਇ ਆਦਿ, ਪਰ ਉਨ੍ਹਾਂ ਦੇ ਉਪਦੇਸ਼ ਅਤੇ ਸਿੱਖਿਆਵਾਂ ਸਮੁੱਚੀ ਲੋਕਾਈ ਵਾਸਤੇ ਹਨ। ਉਨ੍ਹਾਂ ਦੀ ਬਾਣੀ ਵਿਚ ਇਸ਼ਕ, ਬ੍ਰਿਹਾ, ਸਬਰ- ਸੰਤੋਖ, ਸਹਿਣਸ਼ੀਲਤਾ, ਨਿਮਰਤਾ, ਖਿਮਾ, ਮਿੱਠਾ ਬੋਲਣਾ, ਪ੍ਰਭੂ ਭਗਤੀ, ਜੀਵਨ ਦੀ ਨਾਸ਼ਮਾਨਤਾ, ਪਰਿਪੱਕਤਾ, ਨੇਕੀ, ਸਮੇਂ ਦੀ ਸਾਰਥਿਕਤਾ ਆਦਿ ਵਿਸ਼ਿਆਂ ਨੂੰ ਪ੍ਰਮੁੱਖਤਾ ਪ੍ਰਾਪਤ ਹੈ ਅਤੇ ਇਨ੍ਹਾਂ ਦੀ ਵਿਸ਼ਿਆਂ ਨੂੰ ਸਾਕਾਰ ਕਰਨ ਲਈ ਉਨ੍ਹਾਂ ਨੇ ਵਿਭਿੰਨ ਸ਼ਲੋਕਾਂ ਦੀ ਸਿਰਜਣਾ ਕੀਤੀ ਹੈ। ਇਹੋ ਜਿਹੇ ਵਿਸ਼ਿਆਂ ਨੂੰ ਪ੍ਰਸਤੁਤ ਕਰਨ ਵਾਲੇ ਆਪ ਦੇ ਕੁਝ ਸ਼ਲੋਕਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ :



*** ਨੇਕੀ :**

- ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥
(ਸ਼ਲੋਕ 7)

- ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥
(ਸ਼ਲੋਕ 78)

*** ਸਬਰ ਸੰਤੋਖ :**

- ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥ (ਸ਼ਲੋਕ 29)

- ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ ॥
ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥
(ਸ਼ਲੋਕ 116)




*** ਮਿੱਠਾ ਬੋਲਣਾ :**

- ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥
(ਸ਼ਲੋਕ 129)

- ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ ॥ (ਸ਼ਲੋਕ 130)

*** ਭੇਖ ਤੋਂ ਮੁਕਤੀ :**

- ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥
ਬਾਹਰ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥
(ਸ਼ਲੋਕ 50)

- ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥
(ਸ਼ਲੋਕ 61)

ਫ਼ਰੀਦ-ਬਾਣੀ ਦੀ ਇਹ ਵਿਲੱਖਣਤਾ ਹੈ ਕਿ ਅੱਜ ਵੱਖ-ਵੱਖ ਵਿਚਾਰਧਾਰਾ ਤੋਂ ਪ੍ਰਭਾਵਿਤ ਅਤੇ ਵੱਖ-ਵੱਖ ਵਿਸ਼ਿਆਂ ਸਬੰਧੀ ਲਿਖਣ ਵਾਲੇ ਲੇਖਕ ਆਪਣੀਆਂ ਰਚਨਾਵਾਂ ਦੇ ਨਾਮਕਰਨ ਲਈ ਫ਼ਰੀਦ-ਬਾਣੀ ਵਿਚਲੇ ਵਾਕੰਸ਼ਾਂ ਨੂੰ ਸਭ ਤੋਂ ਢੁੱਕਵਾਂ ਅਤੇ ਪ੍ਰਮਾਣਿਕ ਸਮਝ ਕੇ ਇਨ੍ਹਾਂ ਦੀ ਵਰਤੋਂ ਕਰਦੇ ਵੇਖੇ ਜਾ ਸਕਦੇ ਹਨ। ਵਧੇਰੇ ਵਿਸਥਾਰ ਵਿਚ ਨਾ ਜਾਂਦਿਆਂ ਅਸੀਂ ਇੱਥੇ ਕੁਝ ਅਜਿਹੀ ਹੀ ਪੁਸਤਕਾਂ ਅਤੇ ਲੇਖਕਾਂ ਦੇ ਨਾਂ ਦੇ ਕੇ ਆਪਣੀ ਗੱਲ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰਦੇ ਹਾਂ: ਏਹੁ ਹਮਾਰਾ ਜੀਵਣਾ, ਖੜਾ ਪੁਕਾਰੇ ਪਾਤਣੀ, ਦੁਨੀ ਸੁਹਾਵਾ ਬਾਗ਼ (ਦਲੀਪ ਕੌਰ ਟਿਵਾਣਾ), ਬਿਰਹਾ ਤੂ ਸੁਲਤਾਨ (ਸ਼ਿਵ ਕੁਮਾਰ ਬਟਾਲਵੀ), ਬੇੜਾ ਬੰਧਿ ਨ ਸਕਿਓ (ਸੰਤ ਸਿੰਘ ਸੇਖੋਂ), ਰੁੱਖਾਂ ਦੀ ਜੀਰਾਂਦ (ਗੁਰਬਖ਼ਸ਼ ਸਿੰਘ ਪ੍ਰੀਤਲੜੀ), ਸੁਕ ਗਏ ਕੁਮਲਾਇ (ਗੁਰਦਿਆਲ ਸਿੰਘ ਫੁੱਲ), ਕੰਧੀ ਉੱਤੇ ਰੁਖੜਾ (ਸੁਰਜੀਤ ਸਿੰਘ ਸੇਠੀ), ਬਾਰਿ ਪਰਾਇ ਬੈਸਣਾ (ਪਾਂਧੀ ਨਨਕਾਣਵੀ), ਵਣ ਕੰਬਿਆ (ਸੁਖਪਾਲਵੀਰ ਸਿੰਘ ਹਸਰਤ) ਅਤੇ ਸਾਲ 2022 ਵਿਚ ਪ੍ਰਕਾਸ਼ਿਤ ਪੁਸਤਕ ਰੁਤਿ ਫਿਰੀ ਵਣੁ ਕੰਬਿਆ (ਜਗਜੀਤ ਸਿੰਘ ਲੋਹਟਬੱਦੀ) ਆਦਿ।

ਬਾਬਾ ਫ਼ਰੀਦ ਜੀ ਦੇ ਪਾਵਨ ਚਰਨਾਂ ਨਾਲ ਵਰੋਸਾਈ ਧਰਤੀ ਫ਼ਰੀਦਕੋਟ ਵਿਖੇ ਪਿਛਲੇ ਕਈ ਵਰ੍ਹਿਆਂ ਤੋਂ ਬਾਬਾ ਫਰੀਦ ਆਗਮਨ ਪੁਰਬ ਹਰ ਸਾਲ 19 ਸਤੰਬਰ ਤੋਂ 23 ਸਤੰਬਰ ਤੱਕ ਮਨਾਇਆ ਜਾਂਦਾ ਹੈ। ਦੱਸਿਆ ਜਾਂਦਾ ਹੈ ਕਿ ਕਰੀਬ ਅੱਠ ਸਦੀਆਂ ਪਹਿਲਾਂ ਇਸ ਇਲਾਕੇ 'ਤੇ ਮੋਹਕਲ ਨਾਂ ਦਾ ਰਾਜਾ ਰਾਜ ਕਰਦਾ ਸੀ। ਉਹਨੇ ਮੋਹਕਲਗੜ੍ਹ ਨਾਂ ਦਾ ਇੱਕ ਕਿਲ੍ਹਾ ਬਣਵਾਇਆ, ਜਿਸ ਦੀ ਉਸਾਰੀ ਸਮੇਂ ਉਸ ਦੇ ਸਿਪਾਹੀਆਂ ਨੇ ਇਸ ਪਾਸਿਉਂ ਲੰਘ ਰਹੇ ਬਾਬਾ ਫਰੀਦ ਜੀ ਨੂੰ ਫੜ ਕੇ ਵਗਾਰ ਦੇ ਕੰਮ 'ਤੇ ਲਾ ਦਿੱਤਾ। ਇਕ ਦਰਵੇਸ਼ ਨੂੰ ਵਗਾਰੀ ਦੇ ਕੰਮ 'ਤੇ ਲਾਇਆ ਵੇਖ ਕੇ ਜਨਤਾ ਨੇ ਰਾਜੇ ਨੂੰ ਦੱਸਿਆ, ਤਾਂ ਰਾਜੇ ਨੇ ਆਪਣੀ ਗਲਤੀ ਦੀ ਖਿਮਾ ਮੰਗੀ ਅਤੇ ਉਸਨੇ ਇਸ ਸ਼ਹਿਰ ਦਾ ਨਾਂ ਫ਼ਰੀਦ ਜੀ ਦੇ ਨਾਂ 'ਤੇ ਫ਼ਰੀਦਕੋਟ ਰੱਖ ਦਿੱਤਾ।

ਫਰੀਦਕੋਟ ਵਿਖੇ ਫ਼ਰੀਦ ਜੀ ਦੇ ਆਗਮਨ ਦੀ ਯਾਦ ਨੂੰ ਮਨਾਉਣ ਲਈ ਹਰ ਵਰ੍ਹੇ ਕੌਮੀ ਪੱਧਰ ਦੇ ਸਮਾਗਮ ਕਰਵਾਏ ਜਾਂਦੇ ਹਨ, ਜਿਸ ਵਿਚ ਸੈਮੀਨਾਰ, ਕਵੀ ਦਰਬਾਰ, ਕੁਸ਼ਤੀਆਂ, ਹਾਕੀ, ਪੁਸਤਕ ਮੇਲਾ ਆਦਿ ਦਾ ਆਯੋਜਨ ਹੁੰਦਾ ਹੈ। ਇੱਥੇ ਕਿਲ੍ਹੇ ਦੇ ਬਿਲਕੁਲ ਨੇੜੇ ਚਿੱਲਾ ਬਾਬਾ ਫਰੀਦ ਸੁਭਾਇਮਾਨ ਹੈ, ਜਿੱਥੇ ਹਰ ਵੀਰਵਾਰ ਲੋਕੀਂ ਆਪਣੀਆਂ ਮਨੋਕਾਮਨਾਵਾਂ ਦੀ ਪੂਰਤੀ ਹਿੱਤ ਸਿਜਦਾ ਕਰਦੇ ਹਨ। ਇਸ ਅਸਥਾਨ 'ਤੇ ਇੱਕ ਗੁਰਦੁਆਰਾ, ਮਸਜ਼ਿਦ, ਲੰਗਰ ਹਾਲ ਅਤੇ ਵਣ ਦਾ ਪੁਰਾਤਨ ਰੁੱਖ ਮੌਜੂਦ ਹੈ। ਵਣ ਬਾਰੇ ਮਾਨਤਾ ਹੈ ਕਿ ਬਾਬਾ ਜੀ ਨੇ ਗਾਰੇ ਨਾਲ ਲਿੱਬੜੇ ਹੱਥ ਇਸ ਰੁੱਖ ਨਾਲ ਪੂੰਝੇ ਸਨ।

> ਸ਼ੇਖ ਫਰੀਦ ਜੀ ਦੀ ਪ੍ਰਮਾਣਿਕ ਬਾਣੀ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਪਾਕਪਟਨ ਤੋਂ ਸ਼ੇਖ ਬ੍ਰਹਮ ਪਾਸੋਂ ਹਾਸਲ ਕੀਤਾ ਅਤੇ ਪਿੱਛੋਂ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ (1604 ਈ.) ਸਮੇਂ ਇਸ ਨੂੰ ਢੁੱਕਵਾਂ ਸਥਾਨ ਪ੍ਰਦਾਨ ਕੀਤਾ। ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ ਰਚੇ ਚਾਰ ਸ਼ਬਦ (ਦੋ ਰਾਗ ਆਸਾ ਵਿਚ, ਪੰਨਾ 488; ਅਤੇ ਦੋ ਰਾਗ ਸੂਹੀ ਵਿਚ, ਪੰਨਾ 794) ਅਤੇ 'ਸਲੋਕ ਸੇਖ ਫਰੀਦ ਕੇ' (ਪੰਨੇ 1377 ਤੋਂ 1384 ਤੱਕ) ਸਿਰਲੇਖ ਹੇਠ 130 ਸ਼ਲੋਕ ਪ੍ਰਾਪਤ ਹੁੰਦੇ ਹਨ।

ਸ਼ਹਿਰੋਂ ਬਾਹਰਵਾਰ ਫ਼ਰੀਦਕੋਟ-ਕੋਟਕਪੂਰਾ ਸੜਕ ਉੱਤੇ ਗੁਰਦੁਆਰਾ ਗੋਦੜੀ ਸਾਹਿਬ ਦੀ ਸੁੰਦਰ ਇਮਾਰਤ ਹੈ, ਜਿਸ ਬਾਰੇ ਲੋਕ-ਵਿਸ਼ਵਾਸ ਹੈ ਕਿ ਬਾਬਾ ਜੀ ਨੇ ਲੀਰਾਂ ਦੀ ਬਣੀ ਗੋਦੜੀ 'ਤੇ ਇੱਥੇ ਵਿਸ਼ਰਾਮ ਕੀਤਾ ਸੀ। ਇੱਥੇ ਇੱਕ ਸਰੋਵਰ ਅਤੇ ਬਹੁਤ ਵਿਸ਼ਾਲ ਖੁੱਲ੍ਹਾ ਹਾਲ ਹੈ। ਇਨ੍ਹਾਂ ਅਸਥਾਨਾਂ ਦਾ ਪ੍ਰਬੰਧ ਸਥਾਨਕ ਕਮੇਟੀ ਕਰਦੀ ਹੈ, ਜਿਸ ਦੇ ਸਰਪ੍ਰਸਤ ਭਾਈ ਇੰਦਰਜੀਤ ਸਿੰਘ ਖਾਲਸਾ ਹਨ, ਜੋ ਹਰ ਸਾਲ ਨੇਕ ਕੰਮ ਕਰਨ ਵਾਲੇ ਲੋਕਾਂ ਨੂੰ ਇਨਾਮ-ਸਨਮਾਨ ਪ੍ਰਦਾਨ ਕਰਦੇ ਹਨ। ਆਗਮਨ ਪੁਰਬ ਵਾਲੇ ਦਿਨੀਂ ਚਿੱਲਾ ਬਾਬਾ ਫ਼ਰੀਦ ਤੋਂ ਗੋਦੜੀ ਸਾਹਿਬ ਤੱਕ ਵਿਸ਼ਾਲ ਨਗਰ ਕੀਰਤਨ ਦਾ ਪ੍ਰਬੰਧ ਕੀਤਾ ਜਾਂਦਾ ਹੈ। ਸਾਲ 2000 ਤੋਂ ਕਮੇਟੀ ਵੱਲੋਂ "ਬਾਬਾ ਫ਼ਰੀਦ ਇਮਾਨਦਾਰੀ ਅਵਾਰਡ" ਅਤੇ "ਭਗਤ ਪੂਰਨ ਸਿੰਘ ਮਾਨਵ ਸੇਵਾ ਅਵਾਰਡ" ਦਿੱਤੇ ਜਾ ਰਹੇ ਹਨ। ਇਸ ਸਾਲ ਹੜ੍ਹਾਂ ਦੀ ਕਰੋਪੀ ਨੂੰ ਵੇਖਦੇ ਹੋਏ ਸਾਰੇ ਮਨੋਰੰਜਨ ਵਾਲੇ ਪ੍ਰੋਗਰਾਮ ਰੱਦ ਕਰਕੇ ਸਿਰਫ਼ ਧਾਰਮਿਕ ਪ੍ਰੋਗਰਾਮ ਹੀ ਕੀਤੇ ਜਾ ਰਹੇ ਹਨ।

ਭਾਵੇਂ ਬਾਬਾ ਫਰੀਦ ਜੀ ਅੱਜ ਤੋਂ ਅੱਠ ਸਦੀਆਂ ਪਹਿਲਾਂ ਪੰਜਾਬ ਦੀ ਧਰਤੀ 'ਤੇ ਆਏ ਸਨ, ਪਰ ਉਨ੍ਹਾਂ ਦੀ ਸ਼ਖ਼ਸੀਅਤ, ਦਰਸ਼ਨ ਅਤੇ ਬਾਣੀ ਨੇ ਪੰਜਾਬੀ ਜਨਜੀਵਨ 'ਤੇ ਜੋ ਪ੍ਰਭਾਵ ਪਾਇਆ ਹੈ, ਉਹ ਸਾਡੇ ਸਾਹਮਣੇ ਹੈ। ਇਹ ਆਪ ਦੀ ਬਾਣੀ ਦਾ ਹੀ ਯੋਗਦਾਨ ਹੈ ਕਿ ਪੰਜਾਬੀਆਂ ਨੇ ਆਪ ਦੀ ਰਚਨਾ ਨੂੰ ਆਪਣੇ ਜੀਵਨ ਦਾ ਅੰਗ ਬਣਾਇਆ ਹੋਇਆ ਹੈ ਅਤੇ ਰੋਜ਼ਮਰਾ ਦੀ ਗੱਲਬਾਤ ਸਮੇਂ ਥਾਂ-ਥਾਂ 'ਤੇ ਆਪ ਦੀ ਬਾਣੀ 'ਚੋਂ ਹਵਾਲੇ ਦਿੱਤੇ ਜਾਂਦੇ ਹਨ।

## ਪੰਜਾਬ ਦਾ ਸਬਰ

ਡੰਡਿਆਂ ਦੇ ਨਾਲ ਵੈਰੀ, ਪਿੱਠ ਕੁੱਟ ਰਿਹਾ ਸੀ
ਉਂਗਲਾਂ ਅੰਗੂਠਿਆ ਦੇ, ਨੌਂਹ ਪੁੱਟ ਰਿਹਾ ਸੀ
ਮੱਲਾ ਥੱਕ ਤਾਂ ਨੀ ਗਿਆ, ਇਹ ਪੰਜਾਬ ਪੁੱਛ ਰਿਹਾ ਸੀ

ਪਾਣੀ 'ਚ ਡਬੋ ਕੇ, ਨਾਲੇ ਗਲਾ ਘੁੱਟ ਰਿਹਾ ਸੀ
ਸਾਜ਼ਿਸ਼ਾਂ ਦੇ ਨਾਲ ਵੈਰੀ, ਘਰ ਲੁੱਟ ਰਿਹਾ ਸੀ
ਮੱਲਾ ਰੋਟੀ ਖਾ ਕੇ ਜਾਈਂ, ਇਹ ਪੰਜਾਬ ਪੁੱਛ ਰਿਹਾ ਸੀ

ਜ਼ਖਮਾਂ ਦੇ ਉੱਤੇ ਵੈਰੀ, ਲੂਣ ਭੁੱਕ ਰਿਹਾ ਸੀ
ਟੋਕਿਆਂ ਦੇ ਨਾਲ ਬੰਦ-ਬੰਦ, ਟੁੱਕ ਰਿਹਾ ਸੀ
ਟੋਕਾ ਖੁੰਡਾ ਤਾਂ ਨਹੀਂ ਹੋਇਆ, ਇਹ ਪੰਜਾਬ ਪੁੱਛ ਰਿਹਾ ਸੀ

ਡੁੱਬ ਰਿਹਾ ਬੇੜਾ ਅਤੇ, ਚੱਪੂ ਟੁੱਟ ਗਿਆ ਸੀ
ਹੌਂਸਲਾ ਨਾ ਮੁੱਕਾ ਪਰ, ਸਾਹ ਮੁੱਕ ਰਿਹਾ ਸੀ
ਕਿਸੇ ਪਾਰ ਤਾਂ ਨ੍ਹੀ ਜਾਣਾ, ਇਹ ਪੰਜਾਬ ਪੁੱਛ ਰਿਹਾ ਸੀ

ਵੈਰੀ ਦਾ ਸਹੋਤਿਆ, ਨਿਸ਼ਾਨਾ ਉੱਕ ਗਿਆ ਸੀ
ਡਿੱਗਿਆ ਜ਼ਮੀਨ ਉੱਤੇ, ਲਹੂ ਫੁੱਟ ਪਿਆ ਸੀ
ਮੱਲਾ ਸੱਟ ਤਾਂ ਨੀ ਲੱਗੀ, ਇਹ ਪੰਜਾਬ ਪੁੱਛ ਰਿਹਾ ਸੀ

ਪੰਜਾਬ ਆਖ ਰਿਹਾ ਸੀ
ਛੱਡ ਦਿੱਤਾ ਪਾਣੀ, ਉੱਤੋਂ ਬੰਨ੍ਹ ਪਾਟ ਰਿਹਾ ਸੀ
ਭਲਾ ਹੋਵੇ ਤੇਰਾ, ਇਹ ਪੰਜਾਬ ਆਖ ਰਿਹਾ ਸੀ

ਤੂੰ ਮੈਨੂੰ ਮਾਰ ਸਕੇਂ, ਦੱਸ ਤੇਰੀ ਕੀ ਮਜ਼ਾਲ ਏ
ਮੇਰੀ ਹੋਂਦ ਸਾੜ ਸਕੇਂ, ਦੱਸ ਤੇਰੀ ਕੀ ਮਜ਼ਾਲ ਏ
ਰੱਬ ਰਾਖਾ ਮੇਰਾ, ਇਹ ਪੰਜਾਬ ਆਖ ਰਿਹਾ ਸੀ
ਜਾਹ ਵੇ ਭਲਾ ਹੋਵੇ ਤੇਰਾ, ਇਹ ਪੰਜਾਬ ਆਖ ਰਿਹਾ ਸੀ

ਮੇਰੇ ਪਸ਼ੂ ਡੋਬ ਦਿੱਤੇ, ਦਿੱਤੀ ਫਸਲ ਉਜਾੜ ਤੂੰ
ਖੰਜਰਾਂ ਦੇ ਨਾਲ ਦਿੱਤਾ, ਮੇਰਾ ਸੀਨਾ ਪਾੜ ਤੂੰ
ਮੇਰਾ ਹੜ੍ਹ ਗਿਆ ਘਰ, ਨਾਲੇ ਟੁੱਟਿਆ ਬਨੇਰਾ
ਜਾਹ ਵੇ ਭਲਾ ਹੋਵੇ ਤੇਰਾ, ਇਹ ਪੰਜਾਬ ਆਖ ਰਿਹਾ ਸੀ



-ਕੁਲਵੀਰ ਸਿੰਘ ਡਾਨਸੀਵਾਲ,
ਸਰ੍ਹੀ, ਬੀ.ਸੀ. ਕੈਨੇਡਾ
778-863-2472

ਪੰਜਾਬ ਮੇਲ USA

## ਰੈਣ ਬਸੇਰਾ

ਦੁਨੀਆਂ ਤਾ ਇੱਕ ਰੈਣ ਬਸੇਰਾ
ਨਾ ਤੇਰਾ ਨਾ ਹੀ ਮੇਰਾ

ਰੱਬ ਧਿਆਕੇ ਦਿਨ ਕੱਢਿਆ ਕਰ
ਕਾਹਨੂੰ ਲਾਇਆ ਡਾਂਗ ਤੇ ਡੇਰਾ

ਇਸ਼ਕ ਹਕੀਕੀ ਵਾਲੇ ਤਰ ਗਏ
ਬੇਪਰਵਾਹ ਲਈ ਸਦਾ ਘੋਰ ਹਨੇਰਾ

ਕਹਿੰਦਾ ਸੀ ਮੈਂ ਚੰਨ ਲਿਆਵਾਂ
ਆਖਿਆ ਬਸ, ਤੂੰ ਰਹਿ ਮੇਰਾ

ਕੁਦਰਤ ਨੇ ਵੰਡੀਆਂ ਲੱਖ ਸੁਗਾਤਾਂ
ਰੱਖਿਆ ਕਰ ਸਬਰ ਤੇ ਪਹਿਰਾ

ਧਾਲੀਵਾਲ ਗੁੱਝੀਆਂ ਦੁਨੀਆਂ ਦੀਆਂ ਰਮਜ਼ਾਂ
ਤੇਰੇ ਦਾਇਰੇ ਦਾ ਨਾ ਘੇਰਾ



ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ,
ਮਲੇਰਕੋਟਲਾ (ਪੰਜਾਬ)
ਮੋ : 78374-90309

ਪੰਜਾਬ ਮੇਲ USA

## ਪ੍ਰਦੇਸੀਆਂ ਦੇ ਦੁੱਖ

ਦੂਰ ਵੱਸਦਿਓ ਸੱਜਣੋਂ ,ਇੱਕ ਗੱਲ ਸੁਣੋ ਕੰਨ ਲਾ ਕੇ ਓਏ,
ਕਿਉਂ ਪਰਿਵਾਰ ਭੁਲਾ ਲਿਆ, ਵਿਚ ਪ੍ਰਦੇਸਾਂ ਜਾ ਕੇ ਓਏ,

ਵੱਸਦੇ ਜੋ ਪੰਜਾਬ 'ਚ, ਉਹ ਵੀ ਮਿੱਤਰੋ ਤੁਹਾਡੇ ਨੇ,
ਪਤਾ ਸਾਨੂੰ ਵੀ ਹੈ ਯਾਰੋ, ਪ੍ਰਦੇਸੀਆਂ ਦੇ ਦੁੱਖ ਡਾਢੇ ਨੇ ।

ਮਾਰ ਲੈਣਾ ਕਦੇ ਗੇੜ੍ਹਾ, ਆ ਕੇ ਦੁੱਖ-ਸੁੱਖ ਪੁੱਛ ਲਿਓ,
ਆਪਣੀ ਕੁਝ ਕਹਿ ਦਿਓ, ਕੁਝ ਉਨ੍ਹਾਂ ਦੀ ਪੁੱਛ ਲਿਓ,

ਲੋਕਾਂ ਨੂੰ ਆ ਕੇ ਕਹਿ ਦਿਓ, ਕਿ ਇਹ ਵੀ ਅਸਾਡੇ ਨੇ,
ਪਤਾ ਸਾਨੂੰ ਵੀ ਹੈ ਯਾਰੋ, ਪ੍ਰਦੇਸੀਆਂ ਦੇ ਦੁੱਖ ਡਾਢੇ ਨੇ।

ਘਰਦਿਆਂ ਨੂੰ ਮਿਲੋ ਆ ਕੇ, ਜਾਂ ਰਿਸ਼ਤੇਦਾਰਾਂ ਨੂੰ,
ਆ ਕੇ ਕਦੇ ਤਾਂ ਮਿਲੋ, ਭਰਾਵਾਂ ਵਰਗੇ ਯਾਰਾਂ ਨੂੰ,

ਬੜੇ ਔਖੇ ਫਿਰ ਨੇ ਮਿਲਦੇ, ਜੋ ਵੱਸ ਗਏ ਦੁਰਾਡੇ ਨੇ,
ਪਤਾ ਸਾਨੂੰ ਵੀ ਹੈ ਯਾਰੋ, ਪ੍ਰਦੇਸੀਆਂ ਦੇ ਦੁੱਖ ਡਾਢੇ ਨੇ।

ਅਸੀਂ ਕਰੀਏ ਅਰਦਾਸਾਂ, ਛੂਹੋ ਤੁਸੀਂ ਅਸਮਾਨਾਂ ਨੂੰ,
ਇੱਥੇ ਰਹਿ ਕੇ ਨਾ ਭੁਲਾ ਦਿਓ, ਦਿਲ ਦੇ ਅਰਮਾਨਾਂ ਨੂੰ,

ਸਖ਼ਤ ਮਿਹਨਤਾਂ ਕਰਕੇ, ਤੁਸੀਂ ਲਾਏ ਦੁੱਖਾਂ ਨੂੰ ਵਾਢੇ ਨੇ,
ਪਤਾ ਸਾਨੂੰ ਵੀ ਹੈ ਯਾਰੋ, ਪ੍ਰਦੇਸੀਆਂ ਦੇ ਦੁੱਖ ਡਾਢੇ ਨੇ।

ਮਿਹਨਤਾਂ ਕਰਕੇ ਜਿਨ੍ਹਾਂ, ਤੁਹਾਨੂੰ ਬਾਹਰ ਹੈ ਘੱਲਿਆ,
ਤੱਕ ਆ ਕੇ ਦਰਦ ਕਦੇ ਤੂੰ, ਉਨ੍ਹਾਂ ਦਾ ਵੀ ਝੱਲਿਆ,

ਜਿੰਦ-ਜਾਨ ਹੋ ਤੁਸੀਂ ਜਿਸਦੀ, ਉਹ ਮਾਪੇ ਤੁਹਾਡੇ ਨੇ,
ਪਤਾ ਸਾਨੂੰ ਵੀ ਹੈ ਯਾਰੋ, ਪ੍ਰਦੇਸੀਆਂ ਦੇ ਦੁੱਖ ਡਾਢੇ ਨੇ ।



ਕੁਲਦੀਪ ਸਿੰਘ (ਢੀਂਗੀ)
9876670382

ਪੰਜਾਬ ਮੇਲ USA

## ਰਾਹਤ

ਹੜ੍ਹ ਦੇ ਪਾਣੀ ਨਾਲ ਹੈ ਆਈ, ਕਿੰਨੀ ਵੱਡੀ ਆਫ਼ਤ।
ਇਸ ਆਫ਼ਤ ਤੋਂ ਰੱਬ ਹੀ ਜਾਣੇ, ਕਦੋਂ ਮਿਲੇਗੀ ਰਾਹਤ।

ਡਿੱਗੇ ਘਰ ਤੇ ਫ਼ਸਲਾਂ ਰੁੜ੍ਹੀਆਂ, ਖੌਰੇ ਕੀ ਕੁਝ ਹੋਣਾ।
ਸਾਡੀ ਤਾਂ ਕਿਸਮਤ ਵਿਚ ਲਿਖਿਆ, ਜੀਵਨ ਭਰ ਦਾ ਰੋਣਾ।
ਕੋਈ ਵੀ ਟੱਬਰ ਨਾ ਦਿੱਸਦਾ, ਜਿਹੜਾ ਬਚਿਆ ਸਾਬਤ।

ਮਾਰ ਪਈ ਹੈ ਐਸੀ, ਸਭ ਕੁਝ ਤਹਿਸ-ਨਹਿਸ ਹੈ ਹੋਇਆ।
ਕਈ ਥਾਂਈਂ ਦਸ ਫੁੱਟ ਪਾਣੀ ਨੇ, ਘਰਾਂ ਨੂੰ ਆਣ ਡੁਬੋਇਆ।
ਕੁੱਲ ਪੰਜਾਬ ਦੁਖਾਂ ਵਿਚ ਫਸਿਆ, ਦੱਸੀਏ ਕੀਹਦੇ ਬਾਬਤ।

ਦਾਣਾ-ਪੱਠਾ ਰੁੜ੍ਹ ਗਿਆ ਸਾਰਾ, ਪਸ਼ੂ ਨਾ ਬਚਿਆ ਕੋਈ।
ਹਾਹਾਕਾਰ ਮੱਚੀ ਚਹੁੰ ਪਾਸੀਂ, ਕੌਣ ਸੁਣੇ ਅਰਜ਼ੋਈ।
ਤੀਲਾ-ਤੀਲਾ ਜੋੜ ਬਣਾਇਆ, ਲੱਗੀ ਬੜੀ ਸੀ ਲਾਗਤ।

ਵਿਚ ਬਿਪਤਾ ਦੇ ਵੇਖ ਲੋਕਾਂ ਨੂੰ, ਕਈਆਂ ਮਦਦ ਕੀਤੀ।
ਵੰਡਣ ਸਮੱਗਰੀ ਭਾਵੁਕ ਹੋ ਕੇ, ਜੋ ਸਾਡੇ 'ਤੇ ਬੀਤੀ।
ਭਾਈਚਾਰਕ ਸਾਂਝ ਦੀ ਇਸ ਤੋਂ, ਵੱਡੀ ਨਹੀਂ ਸ਼ਨਾਖ਼ਤ।

ਮਾਣ ਨਾ ਕਰੀਏ ਧਨ-ਦੌਲਤ 'ਤੇ, ਵਿਚ ਹਲੀਮੀ ਰਹੀਏ।
ਵੰਡੀਏ ਖੇੜੇ-ਖੁਸ਼ੀਆਂ ਹਰ ਥਾਂ, ਮੰਦੇ ਬੋਲ ਨਾ ਕਹੀਏ।
ਆਕੜ, ਧੌਂਸ ਤੇ ਖ਼ੁਦਗਰਜ਼ੀ ਦੀ, ਛੱਡੀਏ ਆਪਣੀ ਆਦਤ।

ਰੱਬ ਦੇ ਅੱਗੇ ਜ਼ੋਰ ਨਾ ਚੱਲੇ, ਕਰਦਾ ਆਪਣੀ ਮਰਜ਼ੀ।
ਉਹਦੀ ਦਰਗਾਹ ਵਿਚ ਨਾ ਪੁੱਜੇ, ਨਾ ਚਿੱਠੀ ਨਾ ਅਰਜ਼ੀ।
ਜਦ ਬੰਦਾ ਮਨ-ਆਈਆਂ ਕਰਦਾ, ਰੱਬ ਵਿਖਾਵੇ ਤਾਕਤ।



-ਪ੍ਰੋ. ਨਵ ਸੰਗੀਤ ਸਿੰਘ
# 1, ਲਤਾ ਗਰੀਨ ਐਨਕਲੇਵ, ਪਟਿਆਲਾ-
147002.
94176-92015

ਪੰਜਾਬ ਮੇਲ USA

## ਕੋਹਿਨੂਰ ਕਲੱਬ ਦੀ ਗੋਲਡਨ ਨਾਈਟ

ਬਾਪੂ ਪੁੱਛੇ ਜਾਣਾ ਤੂੰ
ਬੇਬੇ ਕਹਿੰਦੀ ਦੱਸ ਕਿੱਥੇ
ਗੋਲਡਨ ਨਾਈਟ ਮਨਾਈ ਜਾਂਦੀ
ਰਿਆੜ ਫਾਰਮ ਹੈ ਜਿੱਥੇ

ਹਰ ਵਾਰ ਤਾਂ ਆਪਾਂ ਜਾਨੇ ਆਂ
ਇਸ ਵਾਰ ਕਿਉਂ ਨਾ ਜਾਵਾਂਗੇ
ਮੌਕਾ ਮਿਲਦਾ ਇਕੱਠੇ ਹੋਣ ਦਾ
ਰਲ ਮਿਲ ਖੁਸ਼ੀ ਮਨਾਵਾਂਗੇ

ਸੂਟ ਪਾਈ ਤੂੰ ਨਵਾਂ ਉਸ ਦਿਨ
ਨਾਲ ਚੁੰਨੀ ਪਿਓਰ ਦੀ ਬਣਾਈ ਏ
ਕੁੜਤਾ ਪਜਾਮਾ ਮੈਂ ਵੀ ਰੱਖਿਆ
ਪੱਗ ਤੇਰੇ ਸੂਟ ਨਾਲ ਦੀ ਰੰਗਾਈ ਏ

ਖੁਸ਼ੀਆਂ ਹੁੰਦੀਆਂ ਸਾਂਝੀਆਂ ਇੱਥੇ
ਯਾਰ ਦੋਸਤ ਰਲ ਬਹਿੰਦੇ ਨੇ
ਲੰਮੇ ਸਫਰ ਦੀਆਂ ਗੁੱਝੀਆਂ ਕਹਾਣੀਆਂ
ਇੱਕ ਦੂਜੇ ਨੂੰ ਕਹਿੰਦੇ ਨੇ

ਬੀਬੀਆਂ ਬੈਠਣ ਆਪਸ ਦੇ ਵਿੱਚ
ਗੱਲਾਂ ਕਰਨ ਪਰਿਵਾਰ ਦੀਆਂ
ਜਦ ਬਾਬੇ ਬੈਠੇ ਹੋਣ ਇਕੱਠੇ
ਗੱਲਾਂ ਹੋਣ ਸੰਸਾਰ ਦੀਆਂ

ਗੋਲਡਨ ਨਾਈਟ ਭਾਵੇਂ ਬਜ਼ੁਰਗਾਂ ਲਈ
ਬੱਚੇ ਜਵਾਨ ਵੀ ਆਉਂਦੇ ਨੇ
ਬਜ਼ੁਰਗਾਂ ਦੀ ਖੁਸ਼ੀ ਵਿੱਚ ਉਹ
ਹਰ ਪੱਖੋਂ ਹਿੱਸਾ ਪਾਉਂਦੇ ਨੇ

ਖਾਣ-ਪੀਣ ਦਾ ਪ੍ਰਬੰਧ ਕਰੇ
ਰਾਜਾ ਸਿੰਘ ਖਖ ਹਮੇਸ਼ਾ
ਲੰਗਰ ਲਾਵੇ ਬਜ਼ੁਰਗਾਂ ਲਈ
ਅਸੀਸਾਂ ਦੇਣ ਉਹ ਹਮੇਸ਼ਾ

ਡਾਕਟਰ ਪਰਮ ਦੱਸਦੇ
ਪੀਕੌਣ, ਟਮਾਟਰ, ਚੈਰੀ ਲਈ
ਲੋਕਾਂ ਨੂੰ ਰੱਖਦੇ ਬਿਜ਼ੀ
ਟਮਾਟਰ ਕੰਪੀਟੀਸ਼ਨ ਦੀ ਤਿਆਰੀ ਲਈ

ਮੁਕਾਬਲੇ ਇੱਥੇ ਕਰਾਏ ਜਾਂਦੇ
ਬਾਪੂ ਵੱਧ ਚੜ੍ਹ ਹਿੱਸਾ ਲੈਂਦੇ
ਸੀਪ ਖੇਡਦਿਆਂ ਜੇ ਕਰੇ ਖਰਾਬੀ
ਇੱਕ ਦੂਜੇ ਨੂੰ ਵੱਢ ਵੱਢ ਪੈਂਦੇ

ਗੀਤ ਸੰਗੀਤ ਮਨੋਰੰਜਨ ਹੁੰਦਾ
ਬਾਬੇ ਭੰਗੜਾ ਪਾਉਂਦੇ ਨੇ
ਚੰਗੇ ਗਾਇਕ ਪਹੁੰਚ ਕੇ ਇੱਥੇ
ਬਜ਼ੁਰਗਾਂ ਦਾ ਮਨ ਪਰਚਾਉਂਦੇ ਨੇ

ਮਦਦ ਕਰੇ ਕੋਹਿਨੂਰ ਜ਼ਰੂਰਤਮੰਦਾਂ ਦੀ
ਮੈਂਬਰਾਂ ਸਾਥ ਨਿਭਾਇਆ ਏ
33 ਸਾਲਾਂ ਦੇ ਸਫਰ ਵਿੱਚ
ਉਨ੍ਹਾਂ ਵੱਧ ਚੜ੍ਹ ਹਿੱਸਾ ਪਾਇਆ ਏ

ਗੁਰਜਤਿੰਦਰ ਵੀ ਲੰਮੇ ਸਮੇਂ ਤੋਂ
ਜੁੜਿਆ ਹੈ ਕੋਹਿਨੂਰ ਦੇ ਨਾਲ
ਲੱਗਦਾ ਨਹੀਂ ਕਲੱਬ ਹੈ ਕੋਈ
ਬੈਠਾ ਜਿਵੇਂ ਪਰਿਵਾਰ ਦੇ ਨਾਲ



-ਗੁਰਜਤਿੰਦਰ ਸਿੰਘ
ਰੰਧਾਵਾ, ਸੈਕਰਾਮੈਂਟੋ
916-320-9444

ਪੰਜਾਬ ਮੇਲ USA

## ਸ਼ਾਇਰਾਂ ਦੀ ਦੁਨੀਆਂ

ਬੜੀ ਅਜਬ ਹੈ ਇਹ ਸ਼ਾਇਰਾਂ ਦੀ ਦੁਨੀਆਂ,
ਹੁੰਦੀ ਗਜ਼ਬ ਹੈ ਇਹ ਸ਼ਾਇਰਾਂ ਦੀ ਦੁਨੀਆਂ।
ਬਿਨਾਂ ਪਰਾਂ ਤੋਂ ਉਡਾਰੀ ਲਾਵੇ ਖਿਆਲਾਂ 'ਚ,
ਜਜ਼ਬੇ ਭਰੀ ਹੈ ਇਹ ਸ਼ਾਇਰਾਂ ਦੀ ਦੁਨੀਆਂ।

ਕਦੇ ਬਚਪਨਾ ਕਦੇ ਲੜਕਪਨ ਵੀ ਰੱਖਦੀ,
ਬੁਢਾਪੇ 'ਚ ਗੱਭਰੂ ਹੈ ਸ਼ਾਇਰਾਂ ਦੀ ਦੁਨੀਆਂ।
ਟਿੱਚਰਾਂ ਕਰੇ ਕਦੇ ਅਲ੍ਹਾਣੀਆਂ ਹੈ ਗਾਉਂਦੀ,
ਮੁਹੱਬਤ ਵਾਲ਼ੀ ਹੈ ਇਹ ਸ਼ਾਇਰਾਂ ਦੀ ਦੁਨੀਆਂ।

ਬੇਦ ਕਤੇਬ ਕੁਰਾਨ ਪੁਰਾਨ ਹੋਵੇ ਰਮਾਇਣ,
ਮਹਾਂਭਾਰਤ ਗਾਉਂਦੇ ਸ਼ਾਇਰਾਂ ਦੀ ਦੁਨੀਆਂ।
ਰਿਸ਼ੀਆਂ ਮੁਨੀਆਂ ਗੁਰੂ-ਪੀਰਾਂ ਨੇ ਪਛਾਣੀ,
ਕਾਦਰ ਸਲਾਹੁੰਦੀ ਹੈ ਸ਼ਾਇਰਾਂ ਦੀ ਦੁਨੀਆਂ।

ਕਹੇ ਬਾਬਰ ਨੂੰ ਜਾਬਰ ਕਰੇ ਨਹੀਂ ਖੁਸ਼ਾਮਦ,
ਹਿੱਕ ਡਾਹ ਲੜੇ ਇਹ ਸ਼ਾਇਰਾਂ ਦੀ ਦੁਨੀਆਂ।
ਜ਼ਹਿਰ ਦਾ ਪਿਆਲਾ ਤੱਕ ਡਰੇ ਨ ਸੁਕਰਾਤ,
ਸੱਚ 'ਤੇ ਖੜ੍ਹੀ ਹੈ ਇਹ ਸ਼ਾਇਰਾਂ ਦੀ ਦੁਨੀਆਂ।

ਤੱਤੀ ਤਵੀ 'ਤੇ ਬੈਠੇ ਨਾਲ਼ੇ ਸੁਖਮਨੀ ਉਚਾਰੇ,
ਹਾਰੀ ਨ ਜ਼ੁਲਮ ਅੱਗੇ ਸ਼ਾਇਰਾਂ ਦੀ ਦੁਨੀਆਂ।
'ਦੇਹੁ ਸ਼ਿਵਾ ਬਰ' ਮੈਦਾਨੇ-ਜੰਗ ਵਿਚ ਗਾਵੇ,
ਸਦਾ ਚੜ੍ਹਦੀ ਕਲਾ ਹੈ ਸ਼ਾਇਰਾਂ ਦੀ ਦੁਨੀਆਂ।

ਜ਼ਾਲਿਮ ਨਾਲ਼ ਲੜਦੀ ਸੱਚ ਇਨਸਾਫ਼ ਲਈ,
ਸੱਚ-ਹੱਕ 'ਤੇ ਖੜ੍ਹੀ ਹੈ ਸ਼ਾਇਰਾਂ ਦੀ ਦੁਨੀਆਂ।
ਮਜ਼੍ਹਬਾਂ ਦੀ ਨਫ਼ਰਤ ਜੇ ਫਿਰਕਾਪ੍ਰਸਤੀ ਛਾਈ,
ਪਿਆਰ ਦਾ ਸੰਦੇਸ਼ ਹੈ ਸ਼ਾਇਰਾਂ ਦੀ ਦੁਨੀਆਂ।

ਪਰਬਤ ਆਰੋਹੀ ਹੈ ਕਦੇ ਸਮੁੰਦਰਾਂ ਦੀ ਤਾਰੂ,
ਅੰਬਰ 'ਚ ਉਡਾਰੀ ਹੈ ਸ਼ਾਇਰਾਂ ਦੀ ਦੁਨੀਆਂ।
ਨਦੀਆਂ, ਨਾਲ਼ੇ ਪਹਾੜੋਂ ਕਲ ਕਲ ਨੇ ਵਹਿੰਦੇ,
ਬਹੁਤ ਚੰਚਲ ਦਿਲ ਹੈ ਸ਼ਾਇਰਾਂ ਦੀ ਦੁਨੀਆਂ।



-ਸੇਵਾ ਸਿੰਘ "ਨੂਰਪੁਰੀ"

ਪੰਜਾਬ ਮੇਲ USA



RE/MAX
RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

FOR SALE & PURCHASE OF
ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa
916-320-9444



Gurjatinder S. Randhawa
REALTOR CA DRE licence # 01490567

web: www.RealtorRandhawa.com

garysingh123@yahoo.com